# PUNJAB VIDHAN SABHA

*Friday, the 24th June, 2022*
*(Afternoon Sitting)*

*The Vidhan Sabha met in the Punjab Vidhan Sabha Hall, Vidhan Bhavan, Sector -1, Chandigarh at 2.00 P.M. Mr. Speaker (Sardar Kultar Singh Sandhwan) in the Chair.*

------

24.6.2022 ਕਰਮਜੀਤ ਕੌਰ/ਬਰਿੰਦਰਾ ਸਿੰਘ 2.00

## STARRED QUESTIONS AND ANSWERS

### ਮਲੋਦ (ਹਲਕਾ ਪਾਇਲ) ਵਿਖੇ ITI ਚਾਲੂ ਕਰਨਾ

*7. **ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਲੋਦ (ਹਲਕਾ ਪਾਇਲ) ITI ਕਾਲਜ ਨੂੰ ਬਣਾਉਣ ਲਈ ਸਰਕਾਰੀ ਖਜ਼ਾਨੇ ਵਿਚੋਂ ਲੋਕਾਂ ਦਾ ਕਰੋੜਾਂ ਰੁਪਿਆ ਲੱਗਿਆ ਹੈ, ਨੂੰ ਅਜੇ ਤੱਕ ਚਾਲੂ ਨਹੀਂ ਕੀਤਾ ਗਿਆ; ਜੇਕਰ ਅਜਿਹਾ ਹੋਵੇ ਤਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਦੇਖਦੇ ਹੋਏ ਇਸ ਨੂੰ ਕਦੋਂ ਤੱਕ ਚਾਲੂ ਕਰਵਾ ਕੇ ਸਟਾਫ ਮੁਹੱਈਆ ਕਰਵਾ ਦਿੱਤਾ ਜਾਵੇਗਾ?

**ਮੁੱਖ ਮੰਤਰੀ :** ਜੀ ਨਹੀਂ, ਹਲਕਾ ਪਾਇਲ ਵਿੱਚ ਸਥਿਤ ਉਦਯੋਗਿਕ ਸਿਖਲਾਈ ਸੰਸਥਾ, ਮਲੋਦ ਵਿਖੇ ਸਾਲ 2019 ਤੋਂ ਵੱਖ ਵੱਖ ਟ੍ਰੇਡਾਂ ਵਿੱਚ ਦਾਖਲਾ ਕੀਤਾ ਜਾ ਰਿਹਾ ਹੈ ਅਤੇ ਸੈਸ਼ਨ 2021-22 ਦੌਰਾਨ ਵੀ 5 ਟ੍ਰੇਡਾਂ (ਇਲੈਕਟ੍ਰੀਸ਼ਨ, ਫਿਟਰ, ਮਕੈਨਿਕ ਡੀਜ਼ਲ, ਪਲੰਬਰ ਅਤੇ ਰੈਫਰੀਜ਼ਿਰੇਸ਼ਨ ਏਅਰ ਕੰਡੀਸ਼ਨਿੰਗ) ਵਿੱਚ ਕੁੱਲ 126 ਸਿਖਿਆਰਥੀ ਟ੍ਰੇਨਿੰਗ ਲੈ ਰਹੇ ਹਨ। ਇਸ ਤੋਂ ਇਲਾਵਾ ਸੰਸਥਾ ਵਿੱਚ ਰੈਗੂਲਰ ਸਟਾਫ ਮੁਹੱਈਆ ਕਰਵਾਉਣ ਸਬੰਧੀ ਕਾਰਵਾਈ ਰਾਜ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਹਾਲ ਦੀ ਘੜੀ ਨੇੜੇ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਸਟਾਫ ਨੂੰ ਉਦਯੋਗਿਕ ਸਿਖਲਾਈ ਸੰਸਥਾ, ਮਲੋਦ ਵਿਖੇ ਐਡਜਸਟ ਕੀਤਾ ਹੋਇਆ ਹੈ।

ਮੈਂਬਰ ਸਾਹਿਬ ਇਸ ਸੰਸਥਾ ਨੂੰ ਅਪਗ੍ਰੇਡ ਕਰਨ ਲਈ ਹੋਰ ਸੁਝਾਅ ਦੇਣਾ ਚਾਹੁੰਦੇ ਹਨ ਤਾਂ ਇਹ ਟਾਈਮ ਲੈ ਕੇ ਮੈਨੂੰ ਮਿਲ ਲੈਣ, ਅਸੀਂ ਉਨ੍ਹਾਂ ਤੇ ਇਮੀਜੀਏਟਲੀ ਐਕਸ਼ਨ ਲਵਾਂਗੇ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਮਾਨਯੋਗ ਸਪੀਕਰ ਸਾਹਿਬ, ਜਿਹੜੇ ਉਥੇ ਰੈਗੂਲਰ ਕੋਰਸ ਚੱਲ ਰਹੇ ਹਨ, ਉਹ ਸਟਾਫ ਦੀ ਘਾਟ ਕਾਰਨ ਨਹੀਂ ਚੱਲ ਰਹੇ। ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਅਤੇ ਰਾਸ਼ਟਰ ਪੱਧਰੀ NCVT ਤੋਂ ਮਾਨਤਾ ਪ੍ਰਾਪਤ ਨਹੀਂ ਹਨ ਅਤੇ ਜਿਹੜੇ ਨੌਜਵਾਨ ਉਥੋਂ ਆਈ.ਟੀ.ਆਈ ਕਰਨਗੇ ਉਨ੍ਹਾਂ ਨੂੰ ਕਿਤੇ ਵੀ ਨੌਕਰੀ ਨਹੀਂ ਮਿਲੇਗੀ। ਮੈਨੂੰ ਲਗਦਾ ਹੈ ਕਿ ਉਥੋਂ ਦੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਹੋ ਰਿਹਾ ਹੈ। ਜਿੰਨਾ ਚਿਰ ਅਸੀਂ ਉਥੇ ਰੈਗੂਲਰ ਪੋਸਟਾਂ ਨਹੀਂ ਕਰਦੇ ਅਤੇ ਉਥੇ ਚੱਲ ਰਹੇ ਕੋਰਸਾਂ ਨੂੰ ਜਿੰਨਾ ਚਿਰ ਇਨ੍ਹਾਂ ਆਰਗੇਨਾਈਜ਼ੇਸ਼ਨਜ਼ ਤੋਂ ਅਪਰੂਵ ਨਹੀਂ ਕਰਵਾਉਂਦੇ ਉਨਾ ਚਿਰ ਉਥੋਂ ਦੇ ਰੈਗੂਲਰ ਕੋਰਸਾਂ ਦਾ ਕੋਈ ਮਤਲਬ ਨਹੀਂ ਹੈ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਉਥੋਂ ਦੀਆਂ ਜਿਹੜੀਆਂ ਪੋਸਟਾਂ 2021 ਵਿੱਚ ਅਪਰੂਵ ਹੋ ਗਈਆਂ ਸਨ, ਉਨ੍ਹਾਂ ਨੂੰ ਭਰਿਆ ਜਾਵੇ ਅਤੇ ਜਿਹੜੇ ਕੋਰਸ ਚੱਲ ਰਹੇ ਹਨ।

**ਮਾਨਯੋਗ ਸਪੀਕਰ :** ਸਵਾਲ ਕਰੋ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਉਨ੍ਹਾਂ ਪੋਸਟਾਂ ਨੂੰ ਭਰਿਆ ਜਾਵੇ ਅਤੇ ਚੱਲ ਰਹੇ ਕੋਰਸ ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਜਾਂ ਰਾਸ਼ਟਰ ਪੱਧਰੀ NCVT ਅਪਰੂਵਡ ਹੋਣ। ਮੇਰਾ ਸਵਾਲ ਇਹੀ ਹੈ ਕਿ ਜਿਹੜੇ ਕੋਰਸ ਚੱਲ ਰਹੇ ਹਨ, ਉਹ ਮਾਨਤਾ ਪ੍ਰਾਪਤ ਨਹੀਂ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਦੋਂ ਮਾਨਤਾ ਪ੍ਰਾਪਤ ਹੋਣਗੇ ਅਤੇ ਕਦੋਂ ਪੋਸਟਾਂ ਭਰੀਆਂ ਜਾਣਗੀਆਂ?

**ਮੁੱਖ ਮੰਤਰੀ:** ਮਾਨਯੋਗ ਐਮ.ਐਲ.ਏ. ਸਾਹਿਬ, ਤੁਹਾਡਾ ਸਵਾਲ ਬਿਲਕੁਲ ਜਾਇਜ਼ ਹੈ ਕਿਉਂਕਿ ਐਜੂਕੇਸ਼ਨ ਦੇ ਜੋ ਹਾਲਾਤ ਪਿਛਲੇ ਦਿਨਾਂ ਵਿੱਚ ਪਿਛਲੀਆਂ ਸਰਕਾਰਾਂ ਦੁਆਰਾ ਹੋਇਆ ਹੈ, ਇਕੱਲੀਆਂ ਬਿਲਡਿੰਗਾਂ ਹੀ ਰਹਿ ਗਈਆਂ ਹਨ ਜਾਂ ਇਹ ਇੰਸਟੀਚਿਊਟ ਮਿਡ ਡੇਅ ਮੀਲ ਦੇਣ ਵਾਲੀਆਂ ਬਿਲਡਿੰਗ ਬਣ ਗਏ। ਉਥੇ ਸਟਾਫ ਦੀਆਂ ਘਾਟਾਂ ਹਨ ਅਤੇ ਕੁਆਲਿਟੀ ਐਜੂਕੇਸ਼ਨ ਦੀ ਕਮੀ ਹੈ। ਇਸੇ ਕਰਕੇ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਤੁਸੀਂ ਸਪੈਸ਼ਲੀ ਇਸ ਮਲੌਦ ਵਾਲੇ ਕਾਲਜ ਦੀ, ਆਈ.ਟੀ.ਆਈ. ਦੀ ਪ੍ਰੈਜ਼ੈਂਟੇਸ਼ਨ ਬਣਾ ਕੇ ਲੈ ਆਓ, ਆਪਾਂ ਮਾਨਤਾ ਪ੍ਰਾਪਤ ਕਰਵਾਉਣ ਵਾਸਤੇ ਵੀ ਸਬੰਧਿਤ ਵਿਭਾਗ ਨੂੰ ਲੈਟਰ ਲਿਖਾਂਗੇ ਅਤੇ ਨਾਲ ਨਾਲ ਜਿਹੜਾ ਸਟਾਫ ਹੈ, ਉਹ ਵੀ ਰੈਗੂਲਰ ਹੋਵੇਗਾ, ਜਿਹੜੀਆਂ ਉਥੇ ਟਰੇਡਾਂ ਚਲਦੀਆਂ ਹਨ, ਉਨ੍ਹਾਂ ਨੂੰ ਵੀ ਆਪਾਂ ਇੰਟਰਨੈਸ਼ਨਲ ਲੈਵੰਨ ਤੇ ਮਾਨਤਾ ਪ੍ਰਾਪਤ ਕਰਾਂਗੇ। ਤੁਸੀਂ ਮੇਰੇ ਕੋਲ ਅਗਲੇ ਦਿਨਾਂ ਵਿੱਚ ਆਓ, ਅਸੀਂ ਉੱਚ ਅਧਿਕਾਰੀਆਂ ਨੂੰ ਬੁਲਾ ਕੇ ਇਸ ਬਾਰੇ ਜ਼ਰੂਰ ਫੈਸਲਾ ਕਰਾਂਗੇ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਅੱਜ ਤੁਹਾਡੀ ਗੱਲ ਦਾ ਅਸੀਂ ਸਤਿਕਾਰ ਕਰਦੇ ਹਾਂ। ਤੁਸੀਂ ਜੋ ਬੋਲਦੇ ਹੋ, ਉਹ ਬਕਾਇਦਾ ਤੌਰ ਤੇ ਆਨ ਰਿਕਾਰਡ ਬੋਲਦੇ ਹੋ ਪਰ ਮੈਂ ਕੁਝ ਗੱਲਾਂ ਨਾਲ ਸਹਿਮਤ

ਨਹੀਂ ਹਾਂ। ਜਿਹੜਾ ਨੈਸ਼ਨਲ ਐਜੂਕੇਸ਼ਨ ਦਿੱਲੀ, ਗੌਰਮਿੰਟ ਆਫ ਇੰਡੀਆ ਵੱਲੋਂ ਪੰਜਾਬ ਨੂੰ ਨੰਬਰ ਵੰਨ ਦਰਸਾਇਆ ਗਿਆ ਹੈ। (ਵਿਘਨ) ਤੁਹਾਨੂੰ ਅਤੇ ਤੁਹਾਡੇ ਐਜੂਕੇਸ਼ਨ ਮਨਿਸਟਰ ਨੂੰ ਉਸ ਨੂੰ with open arms accept ਕਰਨਾ ਚਾਹੀਦਾ ਹੈ। ਇਹ ਗੱਲ ਵੱਖਰੀ ਹੈ ਤੁਹਾਡੀ ਪਾਲਿਸੀ ਦੇ ਮੁਤਾਬਕ ਉਹ ਨਾ ਹੋਵੇ ਕਿਉਂਕਿ ਆਪਾਂ ਸੈੱਲ ਦਿੱਲੀ ਕਰ ਰਹੇ ਸੀ, ਗੱਲ ਆ ਗਈ ਪੰਜਾਬ ਤੇ।

**ਮਾਨਯੋਗ ਸਪੀਕਰ:** ਬਾਜਵਾ ਜੀ, ਆਪਾਂ ਸਵਾਲ ਕਰੀਏ। ਇਹ ਗੱਲ ਡਿਸਕਸ਼ਨ ਦੇ ਵਿੱਚ ਕਰ ਲਵਾਂਗੇ। ਹੁਣ ਸਵਾਲ ਕਰੋ ਜੀ। ਹੁਣ ਸਪਲੀਮੈਂਟਰੀ ਸਵਾਲ ਦੱਸੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਮੇਰਾ ਸਵਾਲ ਇਹੀ ਹੈ ਕਿ ਜਦੋਂ ਆਪਣਾ ਕੋਈ ਪੁੱਤਰ ਚੰਗੀ ਕਾਰਵਾਈ ਕਰਕੇ ਆਉਂਦਾ ਹੈ ਤਾਂ ਬਾਪ ਨੂੰ ਉਸਨੂੰ ਛਾਤੀ ਦੇ ਨਾਲ ਲਾਉਣਾ ਚਾਹੀਦਾ ਹੈ। Punjab has stood at number one. You must give full credit to the teachers, to the headmasters, to the students and to your Education Department also. (ਆਪੋਜ਼ੀਸ਼ਨ ਬੈਂਚਿਜ ਵੱਲੋਂ ਥੰਪਿੰਗ)

**ਮੁੱਖ ਮੰਤਰੀ:** ਦੇਖੋ, ਜਿਹੜਾ ਤੁਸੀਂ ਨੰਬਰ ਵੰਨ ਕਹਿੰਦੇ ਹੋ, ਉਸ ਨੰਬਰ ਵੰਨ ਦੇ ਵਿੱਚ ਬਹੁਤ ਕੁਝ ਲੁਕਿਆ ਹੋਇਆ ਹੈ। ਕਾਫ਼ੀ ਟਾਈਮ ਲੱਗ ਜਾਵੇਗਾ, ਮੈਂ ਫਿਰ ਦੱਸ ਦੇਵਾਂਗਾ, ਠੀਕ ਹੈ ਜੀ। ਇਕੱਲੇ ਬਾਹਰੋਂ ਰੰਗ ਕਰਕੇ ਸਮਾਰਟ ਸਕੂਲ ਨਹੀਂ ਬਣ ਸਕਦੇ। ਬਾਹਰੋਂ ਰੰਗ ਕਰਕੇ ਸਮਾਰਟ ਸਕੂਲ ਨਹੀਂ ਕਹਿ ਸਕਦੇ, ਸਰ। ਦੇਖਣਾ ਇਹ ਹੈ ਕਿ ਸਕੂਲਾਂ ਦੇ ਅੰਦਰ ਕੀ ਹਾਲ ਹੈ। (ਥੰਪਿੰਗ) ਕੀ ਸਕੂਲਾਂ ਦੇ ਅੰਦਰ ਇਨਫ੍ਰਾਸਟ੍ਰਕਚਰ ਹੈ ਕਿ ਨਹੀਂ? ਕਿਤੇ ਬੈਠਣ ਨੂੰ ਜਗ੍ਹਾ ਹੈ, ਕਿਤੇ ਪੀਣ ਨੂੰ ਉਥੇ ਪਾਣੀ ਉਪਲਬੱਧ ਹੈ? ਟੀਚਰ ਕਿੱਥੇ ਹਨ? (ਵਿਘਨ) ਬਾਜਵਾ ਸਾਹਿਬ, ਅਸੀਂ ਤਿੰਨ ਮਹੀਨਿਆਂ ਦੇ ਵਿੱਚ....(ਵਿਘਨ)

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ, ਚੇਅਰ ਨੂੰ ਐਡਰੈਸ ਕਰੋ ਜੀ।

**ਮੁੱਖ ਮੰਤਰੀ:** ਬਾਜਵਾ ਸਾਹਿਬ, ਇਹ ਨੰਬਰ ਵੰਨ ਨਹੀਂ ਹੈ। ਇਹ ਜਾਅਲੀ ਨੰਬਰ ਵੰਨ ਹੈ, ਅਸਲੀ ਨੰਬਰ ਵੰਨ ਅਸੀਂ ਕਰਕੇ ਦਿਖਾਵਾਂਗੇ। (ਥੰਪਿੰਗ)

----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ: 37

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਅਲਾਓ ਕਰ ਦਿੱਤੀ ਗਈ ਹੈ। ਮੰਤਰੀ ਸਾਹਿਬ ਦੀ ਰਿਕੁਐਸਟ ਤੇ ਇਹ ਪ੍ਰਸ਼ਨ ਕੱਲ੍ਹ ਨੂੰ ਲਿਆ ਜਾਵੇਗਾ। ਸੋ, ਇਹ ਪ੍ਰਸ਼ਨ ਕੱਲ੍ਹ ਵਾਸਤੇ ਮੁਲਤਵੀ ਕੀਤਾ ਜਾਂਦਾ ਹੈ।

----

## ਹਰਿਆਣਾ ਦੀ ਐਸ.ਸੀ. ਪਰਿਵਾਰ ਦੀ ਲੜਕੀ ਨੂੰ ਪੰਜਾਬ ਵਿੱਚ ਐਸ.ਸੀ. ਦੀਆਂ ਸਹੂਲਤਾਂ ਦੇਣਾ

*18 **ਸ਼੍ਰੀ ਬੁੱਧ ਰਾਮ:** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਕੀ ਇਹ ਠੀਕ ਹੈ ਕਿ ਜੇ ਹਰਿਆਣਾ ਦੀ ਜੰਮਪਲ ਪੜ੍ਹੀਲਿਖੀ ਅਨੁਸੂਚਿਤ ਜਾਤੀ ਦੀ ਲੜਕੀ ਪੰਜਾਬ ਦੇ ਅਨੁਸੂਚਿਤ ਜਾਤੀ ਦੇ ਲੜਕੇ ਨਾਲ ਵਿਆਹ ਕਰਵਾ ਲਵੇ ਤਾਂ ਉਸ ਨੂੰ ਪੰਜਾਬ ਵਿੱਚ ਅਨੁਸੂਚਿਤ ਜਾਤੀ ਦੀਆਂ ਸਹੂਲਤਾਂ ਆਦਿ ਨਹੀਂ ਮਿਲਦੀਆਂ; ਜੇਕਰ ਅਜਿਹਾ ਹੈ ਤਾਂ ਕਿਉਂ ਨਹੀਂ;

(ਅ) ਕੀ ਸਰਕਾਰ ਅੱਗੇ ਤੋਂ ਅਜਿਹਾ ਕੋਈ ਕਾਨੂੰਨ ਬਣਾਉਣ ਤੇ ਵਿਚਾਰ ਕਰ ਰਹੀ ਹੈ ਕਿ ਹਰਿਆਣੇ ਦੇ ਐਸ.ਸੀ. ਪਰਿਵਾਰ ਦੀ ਜੰਮਪਲ ਲੜਕੀ ਨੂੰ ਵੀ ਪੰਜਾਬ ਵਿੱਚ ਐਸ.ਸੀ. ਕੈਟਾਗਰੀ ਵਾਲੀਆਂ ਸਹੂਲਤਾਂ ਮਿਲ ਸਕਣ?

**ਡਾ.ਬਲਜੀਤ ਕੌਰ: (ੳ)** ਹਾਂ ਜੀ, ਭਾਰਤ ਸਰਕਾਰ ਵੱਲੋਂ ਪੱਤਰ ਨੰ: ਬੀ.ਸੀ.-16014/1/82 ਐਸ.ਸੀ. ਐਂਡ ਬੀ.ਸੀ.ਡੀ.। ਮਿਤੀ 6.8.1984 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਦੂਜੇ ਰਾਜਾਂ ਤੋਂ ਮਾਈਗ੍ਰੇਟ ਹੋ ਕੇ ਆਏ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਵਿਅਕਤੀਆਂ ਨੂੰ ਅਨੁਸੂਚਿਤ ਜਾਤੀ ਲਈ ਉਪਲਬੱਧ ਲਾਭ ਉਸ ਦੇ ਮੂਲ ਰਾਜ (State of origin) ਵੱਲੋਂ ਦਿੱਤੇ ਜਾਂਦੇ ਹਨ।

(ਅ) ਨਹੀਂ ਜੀ। ਅਨੁਸੂਚਿਤ ਜਾਤੀਆਂ ਨੂੰ ਅੰਤਰ-ਰਾਜੀ ਰਾਖਵਾਂਕਰਨ ਦੇਣ ਸਬੰਧੀ ਭਾਰਤ ਸਰਕਾਰ ਵੱਲੋਂ ਨੋਟੀਫਿਕੇਸ਼ਨ/ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਦੀ ਪਾਲਣਾ ਸਮੂਹ ਰਾਜਾਂ ਵੱਲੋਂ ਕੀਤੀ ਜਾਂਦੀ ਹੈ।

**ਸ਼੍ਰੀ ਬੁੱਧ ਰਾਮ:** ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਹਰਿਆਣੇ ਦੀ ਇੱਕ ਜੰਮਪਲ ਐਸ.ਸੀ. ਲੜਕੀ ਹੈ ਜੋ ਕਿ ਪੰਜਾਬ ਵਿੱਚ ਵਿਆਹੀ ਗਈ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਪੰਜਾਬ ਵਿੱਚ ਕਿਸੇ ਲੜਕੇ ਨਾਲ ਹਰਿਆਣਾ ਦੀ ਐਸ.ਸੀ. ਲੜਕੀ ਵਿਆਹੀ ਜਾਂਦੀ ਹੈ ਤਾਂ ਉਸ ਨੂੰ ਪੰਜਾਬ ਵਿੱਚ ਜਨਰਲ ਵਰਗ ਦੀ ਸਹੂਲਤ ਮਿਲਦੀ ਹੈ, ਐਸ.ਸੀ. ਦੀ ਨਹੀਂ ਮਿਲਦੀ। ਮੇਰਾ ਕਹਿਣਾ ਹੈ ਕਿ ਕਿਉਂਕਿ ਜਦੋਂ ਉਹ ਲੜਕੀ ਹੁਣ ਪੰਜਾਬ ਵਿੱਚ ਵਿਆਹੀ ਗਈ ਹੈ, ਉਸ ਨੇ ਹਰਿਆਣਾ ਵਿੱਚ ਤਾਂ ਜਾਣਾ ਨਹੀ ਅਤੇ ਨਿਯਮ ਇਹ ਹਨ ਕਿ ਜਦੋਂ ਉਸ ਲੜਕੀ ਦੇ ਬੱਚੇ ਪੈਦਾ ਹੋਣਗੇ ਤਾਂ ਉਨ੍ਹਾਂ ਨੂੰ ਪੰਜਾਬ ਵਿੱਚ ਐਸ.ਸੀ. ਵਰਗ ਵਾਲੀ ਸਹੂਲਤ ਮਿਲੇਗੀ ਪ੍ਰੰਤੂ ਜਿਸ ਮਾਂ ਨੇ ਉਹ ਬੱਚਾ ਪੈਦਾ ਕੀਤਾ ਹੈ, ਉਸ ਨੂੰ ਨਹੀਂ ਮਿਲਦੀ।

ਸਪੀਕਰ ਸਾਹਿਬ, ਇਸ ਸਬੰਧ ਵਿੱਚ ਮੇਰੀ ਬੇਨਤੀ ਹੈ ਕਿ ਦੂਜੀਆਂ ਸਟੇਟਾਂ ਦੀਆਂ ਐਸ.ਸੀ. ਵਰਗ ਨਾਲ ਸਬੰਧਿਤ ਜਿਹੜੀਆਂ ਲੜਕੀਆਂ ਪੰਜਾਬ ਵਿੱਚ ਵਿਆਹੀਆਂ ਜਾਂਦੀਆਂ ਹਨ, ਅਜਿਹੇ ਕੇਸਾਂ ਵਿੱਚ ਜੇਕਰ ਪੰਜਾਬ ਸਰਕਾਰ ਵੱਲੋਂ ਸੈਂਟਰ ਸਰਕਾਰ ਨੂੰ ਇੱਕ ਪੱਤਰ ਲਿਖਿਆ ਜਾਵੇ ਤਾਂ ਜੋ ਉਨ੍ਹਾਂ ਨੂੰ ਐਸ.ਸੀ. ਕੈਟਾਗਰੀ ਵਾਲੇ ਬੈਨੇਫਿਟਸ ਮਿਲ ਸਕਣ, ਕਿਉਂਕਿ ਵਿਆਹ ਬੜਾ ਪਵਿੱਤਰ ਰਿਸ਼ਤਾ ਹੈ, ਇਸ ਪਵਿੱਤਰ ਰਿਸ਼ਤੇ ਨਾਲ ਜਦੋਂ ਹਰਿਆਣਾ ਦੀ ਇੱਕ ਐਸ.ਸੀ. ਵਰਗ ਨਾਲ ਸਬੰਧਿਤ ਲੜਕੀ ਪੰਜਾਬ ਵਿੱਚ ਲੜਕੀ (ਨੂੰਹ) ਬਣ ਕੇ ਆਉਂਦੀ ਹੈ, ਤਾਂ ਉਸ ਨੂੰ ਐਸ.ਸੀ. ਵਰਗ ਵਾਲੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਸਬੰਧ ਵਿੱਚ ਇੱਕ ਪੱਤਰ ਲਿਖ ਕੇ ਸੈਂਟਰ ਸਰਕਾਰ ਨੂੰ ਸੂਚਿਤ ਕੀਤਾ ਜਾਵੇ।

**ਮਾਨਯੋਗ ਸਪੀਕਰ:** ਮੰਤਰੀ ਸਾਹਿਬ, ਕੀ ਤੁਸੀਂ ਇਸ ਬਾਰੇ ਕੋਈ ਕਾਰਵਾਈ ਕਰਵਾਓਗੇ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਇਹ ਹਦਾਇਤਾਂ ਗੌਰਮਿੰਟ ਆਫ ਇੰਡੀਆ ਵੱਲੋਂ ਜਾਰੀ ਕੀਤੀਆਂ ਜਾਂਦੀਆਂ ਹਨ। ਜੇਕਰ ਇਸ ਤਰ੍ਹਾਂ ਦੀ ਕੋਈ ਵਿਚਾਰਧਾਰਾ ਬਣਦੀ ਹੈ ਤਾਂ ਇਸ ਨੂੰ ਅਸੀਂ ਪਹਿਲ ਦੇ ਸਕਦੇ ਹਾਂ।

----

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 13**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----

24.06.2022/02.05/ਹਰਪ੍ਰੀਤ ਸਿੰਘ/ਬਰਿੰਦਰਾ ਸਿੰਘ

## ਪਿੱਪਲ, ਬਰੋਟੇ, ਪਿਲਕਣ, ਨਿੰਮ ਦੇ ਦਰੱਖਤਾਂ ਨੂੰ ਕੱਟਣ ਅਤੇ ਪੁੱਟਣ ਤੇ ਪਾਬੰਦੀ ਲਗਾਉਣਾ

*84. **ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ:** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਪੰਜਾਬ ਵਿੱਚ ਪਿੱਪਲ, ਬਰੋਟੇ, ਪਿਲਕਣ, ਨਿੰਮ ਵਰਗੇ ਦਰਖੱਤਾਂ ਨੂੰ ਕੱਟਣ ਅਤੇ ਪੁੱਟਣ ਦੀ ਪਾਬੰਦੀ ਲਗਾਈ ਜਾਵੇਗੀ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਸ਼੍ਰੀ ਲਾਲ ਚੰਦ ਕਟਾਰੂਚੱਕ:** ਸਪੀਕਰ ਸਾਹਿਬ, ਸਦਨ ਵਿੱਚ ਬੈਠੇ ਸਾਰੇ ਮੇਰੇ ਬਹੁਤ ਸਤਿਕਾਰਯੋਗ ਮੰਤਰੀ ਸਾਹਿਬਾਨ, ਸਦਨ ਦੇ ਨੇਤਾ ਅਤੇ ਬਾਕੀ ਸਾਰਿਆਂ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ ਜੀ, ਨਮਸਕਾਰ ਜੀ।

ਸਪੀਕਰ ਸਾਹਿਬ, ਮੈਂ ਇਸ ਸਦਨ ਦੇ ਅੰਦਰ ਪਹਿਲੀ ਵਾਰ ਚੁਣ ਕੇ ਆਇਆ ਹਾਂ ਅਤੇ ਅੱਜ ਬੋਲ ਵੀ ਪਹਿਲੀ ਵਾਰ ਰਿਹਾ ਹਾਂ। ਮੈਂ ਆਸ ਕਰਦਾ ਹਾਂ ਕਿ ਜੇਕਰ ਕੋਈ ਊਣਤਾਈ ਰਹਿ ਜਾਵੇਗੀ ਤਾਂ ਤੁਸੀਂ ਸਾਰੇ ਮੈਨੂੰ ਕੋਆਪਰੇਟ ਕਰੋਗੇ।

ਸ਼੍ਰੀਮਾਨ ਜੀ, ਭਾਰਤੀ ਵਣ ਐਕਟ, 1927 ਦੇ ਉਪਬੰਧਾਂ ਤਹਿਤ ਨੋਟੀਫਾਈਡ ਜੰਗਲਾਂ ਵਿੱਚ ਪਿੱਪਲ, ਬਰੋਟੇ, ਪਿਲਕਣ ਅਤੇ ਨਿੰਮ ਸਮੇਤ ਹਰ ਕਿਸਮ ਦੇ ਦਰੱਖਤਾਂ ਨੂੰ ਕੱਟਣ ਅਤੇ ਪੁੱਟਣ ਦੀ ਇਜਾਜ਼ਤ ਨਹੀਂ ਹੈ। ਨਜਾਇਜ਼ ਕਟਾਈ ਦੀ ਕੋਈ ਵੀ ਘਟਨਾ ਭਾਰਤੀ ਵਣ ਐਕਟ, 1927 ਤਹਿਤ ਧਾਰਾ 26, 33, 42, 62 (2 ਸਾਲ ਦੀ ਕੈਦ) ਅਤੇ ਧਾਰਾ 77, 79 (2 ਮਹੀਨੇ ਦੀ ਕੈਦ) ਤਹਿਤ ਅਪਰਾਧਿਕ ਜੁਰਮ ਹੈ। ਇਸ ਤੋਂ ਇਲਾਵਾ, ਵਣ ਰਕਬੇ ਤੋਂ ਬਾਹਰ ਉਗਾਏ ਰੁੱਖਾਂ ਦਾ ਪ੍ਰਬੰਧ ਜ਼ਮੀਨ ਦੀ ਮਾਲਕੀ ਵਾਲੀਆਂ ਏਜੰਸੀਆਂ/ਵਿਭਾਗ/ਮਾਲਕਾਂ ਵੱਲੋਂ ਕੀਤਾ ਜਾਂਦਾ ਹੈ।

ਸੋ, ਜਿਹੜਾ ਐਮ.ਐਲ.ਏ. ਸਾਹਿਬ ਦਾ ਸਵਾਲ ਹੈ, ਉਸ ਸਬੰਧੀ ਆਲਰੇਡੀ ਜੁਰਮ ਤੈਅ ਹਨ ਅਤੇ ਜੇਕਰ ਕੋਈ ਇਨ੍ਹਾਂ ਦੀ ਵਾਇਲੇਸ਼ਨ ਕਰਦਾ ਹੈ ਤਾਂ ਉਸ ਦੀ ਸਜ਼ਾ ਵੀ ਤਹਿ ਹੈ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ:** ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਬਿਲਡਿੰਗ ਦੋ ਜਾਂ ਪੰਜ ਸਾਲਾਂ ਵਿਚ ਬਣ ਸਕਦੀ ਹੈ ਪਰ 200 ਸਾਲ ਪੁਰਾਣਾ ਬਰੋਟਾ ਚਾਹੇ ਕਿਤੇ ਵੀ ਖੜ੍ਹਾ ਹੈ, ਚਾਹੇ ਸਰਕਾਰੀ ਜਗ੍ਹਾ ਤੇ ਹੈ ਚਾਹੇ ਪ੍ਰਾਈਵੇਟ ਜਗ੍ਹਾ ਤੇ ਹੈ। ਇਹ ਬਹੁਤ ਹੈਰੀਟੇਜ ਹੁੰਦਾ ਹੈ। ਇਨ੍ਹਾਂ ਨੂੰ ਵੱਢਣ ਦੀ ਮੁਕੰਮਲ ਪਾਬੰਦੀ ਹੋਣੀ ਚਾਹੀਦੀ ਹੈ ਚਾਹੇ ਉਹ ਸਰਕਾਰੀ ਜਗ੍ਹਾ ਤੇ ਹੈ ਚਾਹੇ ਪ੍ਰਾਈਵੇਟ ਜਗਾ ਤੇ ਹੈ।

**ਮੰਤਰੀ:** ਸਪੀਕਰ ਸਾਹਿਬ, ਅਸੀਂ ਇਸ ਦੀ ਸਟੱਡੀ ਕਰ ਰਹੇ ਹਾਂ। ਇਹ ਸਾਡੇ ਵਿਚਾਰ ਅਧੀਨ ਹੈ। ਜਿਹੜੀਆਂ ਸਾਡੀਆਂ ਹਿਸਟੋਰੀਕਲ ਥਾਵਾਂ ਹਨ। ਪੰਜਾਬ ਵਿਚ ਹੈਰੀਟੇਜ ਥਾਵਾਂ ਹਨ ਔਰ ਜਿਸ ਤਰ੍ਹਾਂ ਸਾਡੇ ਪੰਜਾਬ ਦੇ ਪੇਂਡੂ ਖੇਤਰ ਵਿਚ ਜਿਹੜੇ ਅਜਿਹੇ ਪਿੱਪਲ ਅਤੇ ਬਰੋਟੇ ਹਨ। ਇਨ੍ਹਾਂ ਦਾ ਨੁਕਸਾਨ ਨਾ ਹੋਵੇ ਇਸ ਤੇ ਅਸੀਂ ਵਿਚਾਰ ਕਰ ਰਹੇ ਹਾਂ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ:** ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਪਿੱਪਲਾਂ, ਬਰੋਟਿਆਂ ਆਦਿ ਦੀ ਡਿਸਟ੍ਰਿਕਟ ਵਾਈਜ਼ ਗਿਣਤੀ ਕੀਤੀ ਜਾਵੇ, ਚਾਹੇ ਉਹ ਸਰਕਾਰੀ ਜਗ੍ਹਾ ਤੇ ਹੋਵੇ, ਚਾਹੇ ਪ੍ਰਾਈਵੇਟ ਜਗਾ ਤੇ ਹੋਵੇ। ਉਹ ਸਾਰਾ ਰਿਕਾਰਡ ਮਹਿਕਮੇ ਕੋਲ ਹੋਣਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਤੁਸੀਂ ਇਨ੍ਹਾਂ ਦੀ ਗਿਣਤੀ ਕਰਵਾਓਗੇ?

**ਮੰਤਰੀ:** ਸਪੀਕਰ ਸਾਹਿਬ, ਲਾਜ਼ਮੀ ਤੌਰ ਤੇ ਇਸ ਬਾਰੇ ਸੋਚਿਆ ਜਾ ਸਕਦਾ ਹੈ। ਅਸੀਂ ਇਨ੍ਹਾਂ ਦੇ ਚੰਗੇ ਸੁਝਾਅ ਦਾ ਵੈਲਕਮ ਕਰਦੇ ਹਾਂ ਅਤੇ ਇਸ ਤੇ ਵਰਕ ਵੀ ਕਰਾਂਗੇ।

**ਸ਼੍ਰੀ ਅਵਤਾਰ ਜੂਨੀਅਰ:** ਸਪੀਕਰ ਸਾਹਿਬ, ਸਪਲੀਮੈਂਟਰੀ ਜੀ।

**ਮਾਨਯੋਗ ਸਪੀਕਰ:** ਮੈਂਬਰ ਸਾਹਿਬ, ਇਕ ਪ੍ਰਸ਼ਨ ਤੇ ਦੋ ਸਪਲੀਮੈਂਟਰੀਜ਼ ਹੁੰਦੀਆਂ ਹਨ ਅਤੇ ਉਹ ਹੋ ਚੁੱਕੀਆਂ ਹਨ। ਹੁਣ ਅਸੀਂ ਅਗਲਾ ਪ੍ਰਸ਼ਨ ਲਵਾਂਗੇ।

----

## ਮਹਿੰਦਰਾ ਕਾਲਜ ਪਟਿਆਲਾ ਵੱਲੋਂ ਖੋਲ੍ਹੇ ਜਾ ਰਹੇ ਸਟੱਡੀ ਸੈਂਟਰ ਦੀ ਉਸਾਰੀ

*28. **ਸਰਦਾਰ ਚੇਤਨ ਸਿੰਘ ਜੋੜਾਮਾਜਰਾ:** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:

ੳ) ਸਮਾਣਾ ਹਲਕੇ ਵਿਚ ਪੈਂਦੇ ਪਿੰਡ ਭਾਨਰੀ ਵਿਖੇ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵੱਲੋਂ ਖੋਲੇ ਜਾ ਰਹੇ ਸਟੱਡੀ ਸੈਂਟਰ ਦੀ ਉਸਾਰੀ ਦਾ ਕੰਮ ਕਦੋਂ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਵਾਸਤੇ ਕੀ ਪ੍ਰਕਿਰਿਆ ਅਪਣਾਈ ਗਈ ਸੀ;

ਅ) ਉਪਰੋਕਤ ਭਾਗ (ੳ) ਵਿਚ ਦਰਸਾਏ ਅਨੁਸਾਰ ਇਸ ਸਟੱਡੀ ਸੈਂਟਰ ਦੀ ਉਸਾਰੀ ਦਾ ਕੰਮ ਕਦੋਂ ਤੋਂ ਬੰਦ ਪਿਆ ਹੈ ਅਤੇ ਇਸ ਦੀ ਰਹਿੰਦੀ ਉਸਾਰੀ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਸ਼੍ਰੀਮਾਨ ਜੀ,

ੳ) ਸਮਾਣਾ ਹਲਕੇ ਵਿਚ ਪੈਂਦੇ ਪਿੰਡ ਭਾਨਰੀ ਵਿਖੇ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵੱਲੋਂ ਖੋਲੇ ਜਾ ਰਹੇ ਸਟੱਡੀ ਸੈਂਟਰ ਦੀ ਉਸਾਰੀ ਦਾ ਕੰਮ ਲੋਕ ਨਿਰਮਾਣ ਵਿਭਾਗ ਵੱਲੋਂ ਮਿਤੀ 16.03.2017 ਨੂੰ ਸ਼ੁਰੂ ਕੀਤਾ ਗਿਆ ਸੀ। ਕਾਲਜ ਪ੍ਰਿੰਸੀਪਲ ਵੱਲੋਂ ਆਪਦੇ ਪੱਤਰ ਨੰ: 2014 ਮਿਤੀ 10.11.2016 ਨੂੰ ਸੀਨੀਅਰ ਆਰਕੀਟੈਕਚਰ (ਦੱਖਣ) ਨਾਭਾ ਰੋਡ ਪਟਿਆਲਾ ਨੂੰ ਸਟੱਡੀ ਸੈਂਟਰ ਭਾਨਰੀ ਦੀ ਉਸਾਰੀ ਦਾ ਕੰਮ ਜਲਦ ਤੋਂ ਜਲਦ ਸ਼ੁਰੂ ਕਰਵਾਉਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ ਜਿਸ ਦੀ ਇਕ ਕਾਪੀ ਕਾਰਜਕਾਰੀ ਇੰਜੀਨੀਅਰ ਉਸਾਰੀ ਮੰਡਲ ਲੋ.ਨਿ.ਵਿ (ਭ ਤੇ ਮ) ਪਟਿਆਲਾ ਨੂੰ ਵੀ ਭੇਜੀ ਗਈ ਸੀ।ਇਸ ਉਪਰੰਤ ਸੈਂਟਰ ਦੀ ਉਸਾਰੀ ਦਾ ਕੰਮ ਲੋਕ ਨਿਰਮਾਣ ਵਿਭਾਗ ਵੱਲੋਂ ਟੈਂਡਰ ਰਾਹੀਂ ਮਿਤੀ 16.03.2017 ਨੂੰ ਸ਼ੁਰੂ ਕੀਤਾ ਗਿਆ ਸੀ।

ਅ) ਕਾਰਜਕਾਰੀ ਇੰਜੀਨੀਅਰ ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ (ਭ ਤੇ ਮ) ਸ਼ਾਖਾ ਵੱਲੋਂ ਆਪਣੇ ਪੱਤਰ ਨੰ: 249, ਮਿਤੀ 10.07.2017 ਨੂੰ ਉਪਰੋਕਤ ਉਸਾਰੀ ਦਾ ਕੰਮ ਰੋਕਣ ਸਬੰਧੀ ਕਾਲਜ ਨੂੰ ਪੱਤਰ ਲਿਖ ਕੇ ਸੂਚਿਤ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਉਨ੍ਹਾਂ ਦੇ ਪੱਤਰ ਨੰ: 17075 ਮਿਤੀ 10.06.2016 ਰਾਹੀਂ ਕਾਲਜ ਨੂੰ ਸਟੱਡੀ ਸੈਂਟਰ ਖੋਲ੍ਹਣ ਦੀ ਪ੍ਰਵਾਨਗੀ ਨਾ ਮਿਲਣ ਕਾਰਨ ਉਪਰੋਕਤ ਸਟੱਡੀ ਸੈਂਟਰ ਦੀ ਉਸਾਰੀ ਮੁਕੰਮਲ ਕਰਨੀ ਸੰਭਵ ਨਹੀਂ ਹੈ ਜੀ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ:** ਸਪੀਕਰ ਸਾਹਿਬ, ਕਾਲਜ ਪ੍ਰਿੰਸੀਪਲ ਵੱਲੋਂ ਮਿਤੀ 10.11.2016 ਨੂੰ ਸਟੱਡੀ ਸੈਂਟਰ ਜਲਦੀ ਸ਼ੁਰੂ ਕਰਵਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਲੋਕ ਨਿਰਮਾਣ ਵਿਭਾਗ ਵੱਲੋਂ ਮਿਤੀ 16.03.2017 ਨੂੰ ਟੈਂਡਰ ਪ੍ਰਕਿਰਿਆ ਰਾਹੀਂ ਇਹ ਕੰਮ ਸ਼ੁਰੂ ਕੀਤਾ ਗਿਆ ਸੀ। ਤਕਰੀਬਨ 4 ਮਹੀਨੇ ਦੇ ਵਕਫੇ ਉਪਰੰਤ ਮਿਤੀ 10.07.2017 ਨੂੰ ਇਹ ਕੰਮ ਬੰਦ ਕਰ ਦਿੱਤਾ ਗਿਆ ਸੀ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ:** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਜੂਨ, 2016 ਨੂੰ ਇਹ ਸੈਂਟਰ ਖੋਲ੍ਹਣ ਦੀ ਆਗਿਆ ਹੀ ਨਹੀਂ ਦਿੱਤੀ ਗਈ ਤਾਂ ਫਿਰ ਇਸ ਸੈਂਟਰ ਦੀ ਜਲਦੀ ਉਸਾਰੀ ਲਈ ਮਹਿੰਦਰਾ ਕਾਲਜ, ਪਟਿਆਲਾ ਦੇ ਪ੍ਰਿੰਸੀਪਲ ਵੱਲੋਂ ਕਿਸ ਕਪੈਸਿਟੀ ਵਿਚ ਲੋਕ ਨਿਰਮਾਣ ਵਿਭਾਗ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ? ਸਪੀਕਰ ਸਾਹਿਬ, ਕੀ ਇਸ ਦੀ ਇਨਕੁਆਰੀ ਕਰਵਾਈ ਜਾਵੇਗੀ ਕਿ ਬਿਨਾਂ ਪਰਮਿਸ਼ਨ ਤੋਂ ਇਹ ਕੰਮ ਸ਼ੁਰੂ ਕਿਵੇਂ ਕੀਤਾ ਗਿਆ? ਸਪੀਕਰ ਸਾਹਿਬ, ਮੇਰਾ ਦੂਜਾ ਸਵਾਲ ਵੀ ਹੈ।

**ਮਾਨਯੋਗ ਸਪੀਕਰ:** ਮੈਂਬਰ ਸਾਹਿਬ, ਇੱਕ ਸਮੇਂ ਤੇ ਇੱਕ ਹੀ ਸਪਲੀਮੈਂਟਰੀ ਹੋਵੇਗੀ । ਮਲਟੀਪਲ ਸਪਲੀਮੈਂਟਰੀਜ਼ ਨਹੀਂ ਕੀਤੀਆਂ ਜਾ ਸਕਦੀਆਂ ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ:** ਸਪੀਕਰ ਸਾਹਿਬ, ਇਸੇ ਨਾਲ ਸਬੰਧਿਤ ਹੈ ਜੀ।

**ਮਾਨਯੋਗ ਸਪੀਕਰ:** ਨਹੀਂ ਜੀ। ਇਸ ਵਾਸਤੇ ਤੁਹਾਨੂੰ ਵੱਖਰਾ ਸਵਾਲ ਦੇਣਾ ਪਵੇਗਾ।

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਭਾਵਨਾ ਸਮਝ ਗਿਆ ਹਾਂ।ਮੈਂ ਜਵਾਬ ਦੇ ਦਿੰਦਾ ਹਾਂ ਜੀ।

**ਮਾਨਯੋਗ ਸਪੀਕਰ:** ਹਾਂ ਜੀ। ਜੇਕਰ ਮੰਤਰੀ ਸਾਹਿਬ, ਜਵਾਬ ਦੇਣਾ ਚਾਹੁੰਦੇ ਹਨ ਤਾਂ ਦੇ ਸਕਦੇ ਹਨ।

**ਮੰਤਰੀ:** ਸਪੀਕਰ ਸਾਹਿਬ, ਅਸਲ ਵਿਚ ਉਦੋਂ ਇਲੈਕਸ਼ਨ ਈਅਰ ਸੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਮੁਤਾਬਿਕ ਕਿਸੇ ਸਰਕਾਰੀ ਕਾਲਜ ਦੀ ਹੋਰ ਸ਼ਾਖਾ ਨਹੀਂ ਖੋਲ੍ਹੀ ਜਾ ਸਕਦੀ। ਇਨ੍ਹਾਂ ਨੇ ਅਪਲਾਈ ਕੀਤਾ ਸੀ ਅਤੇ ਯੂਨੀਵਰਸਿਟੀ ਨੇ ਜਵਾਬ ਦੇ ਦਿੱਤਾ ਸੀ ਪਰ ਉਸ ਸਮੇਂ ਦੀ ਸਰਕਾਰ ਦੇ ਸਬੰਧਿਤ ਇਲਾਕੇ ਦੇ ਲੀਡਰ ਸਾਹਿਬ ਨੇ ਪ੍ਰਿੰਸੀਪਲ ਸਾਹਿਬ ਨੂੰ ਕਹਿ ਦਿੱਤਾ ਕਿ ਕੋਈ ਚੱਕਰ ਨਹੀਂ, ਤੁਸੀਂ ਇਕ ਵਾਰ ਕੰਮ ਸ਼ੁਰੂ ਕਰਵਾਓ, ਅਪਰੂਵਲਾਂ ਮੈਂ ਆਪਣੇ ਆਪ ਲੈ ਲਵਾਂਗਾ ਪਰ ਕਿਉਂਕਿ ਇਹ ਨਿਯਮਾਂ ਵਿਚ ਨਹੀਂ ਹੈ। ਇਸ ਲਈ ਅਪਰੂਵਲ ਨਹੀਂ ਮਿਲੀ। ਪ੍ਰਿੰਸੀਪਲ ਸਾਹਿਬ ਨੇ ਲੀਡਰ ਸਾਹਿਬ ਦੇ ਕਹਿਣ ਤੇ ਲੋਕ ਨਿਰਮਾਣ ਵਿਭਾਗ ਨੂੰ ਲਿਖ ਦਿੱਤਾ।

ਅ.ਰ.

ਅ.ਕ/ਰ.ਕ/2.10/24.6.2022

ਉਨ੍ਹਾਂ ਨੇ 32 ਲੱਖ ਰੁਪਏ ਦਾ ਬਿਨਾਂ ਫੰਡ ਅਲਾਟ ਹੋਏ ਟੈਂਡਰ ਵੀ ਫਲੋਟ ਕਰ ਦਿੱਤਾ ਜਿਸ ਕਰਕੇ ਮੈਂ ਸਮਝਦਾ ਹਾਂ ਕਿ ਉਦੋਂ 32 ਲੱਖ ਰੁਪਿਆ ਵੀ ਉਥੇ ਲੱਗ ਗਿਆ, ਵਿੱਤੀ ਲਾੱਸ ਵੀ ਹੋਇਆ ਅਤੇ ਕਿਸੇ ਕੰਮ ਵੀ ਨਾ ਆ ਸਕਿਆ। ਸੋ, ਜੇ ਮੈਂਬਰ ਸਾਹਿਬ ਕਹਿੰਦੇ ਹਨ ਕਿ ਜਿਹੜੀ ਇੰਨਕੁਆਰੀ ਹੈ ਉਹ ਹੋਣੀ ਚਾਹੀਦੀ ਹੈ ਤੇ ਮੈਂ ਵੀ ਇਸ ਗੱਲ ਨਾਲ ਸਹਿਮਤ ਹਾਂ ਕਿਉਂਕਿ ਲੋਕਾਂ ਦੇ ਪੈਸੇ ਦਾ ਨੁਕਸਾਨ ਹੋਇਆ ਹੈ, ਚਾਹੇ ਉਹ ਪ੍ਰਿੰਸੀਪਲ ਹੈ, ਜਿਨ੍ਹਾਂ ਵੀ ਲੋਕਾਂ ਨੇ ਕਿਉਂਕਿ ਬਿਨਾਂ ਪਾਸ ਹੋਏ ਤੋਂ ਅਜਿਹਾ ਸਟੈੱਪ ਚੁੱਕਿਆ ਅਤੇ ਉਥੇ ਪੈਸੇ ਦੀ ਬਰਬਾਦੀ ਕੀਤੀ ਗਈ ਹੈ, ਇਥੇ ਮਾਨਯੋਗ ਮੁੱਖ ਮੰਤਰੀ ਸਾਹਿਬ ਵੀ ਬੈਠੇ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਥੇ ਇਨਕੁਆਰੀ ਕਰਵਾ ਕੇ ਉਨ੍ਹਾਂ ਤੇ ਕਾਰਵਾਈ ਵੀ ਹੋਣੀ ਚਾਹੀਦੀ ਹੈ।

----

## ਪੰਜ ਏਕੜ ਤੱਕ ਮਲਕੀਅਤ ਵਾਲੇ ਕਿਸਾਨਾਂ ਵੱਲੋਂ ਆਪਣੇ ਹੀ ਖੇਤ ਵਿੱਚ ਲਾਭ ਲੈਣਾ

***64. ਬੀਬਾ ਨਰਿੰਦਰ ਕੌਰ ਭਰਾਜ:** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਦੀ ਮਗਨਰੇਗਾ ਤਹਿਤ ਕੋਈ ਅਜਿਹੀ ਨੀਤੀ ਹੈ, ਜਿਸ ਦੁਆਰਾ ਪੰਜ ਏਕੜ ਤੱਕ ਮਲਕੀਅਤ ਵਾਲੇ ਕਿਸਾਨ ਆਪਣੇ ਹੀ ਖੇਤ ਵਿੱਚ ਕੋਈ ਲਾਭ ਲੈ ਸਕਦਾ ਹੈ, ਜੇਕਰ ਹਾਂ ਤਾਂ ਕਿਸਾਨ ਕਿਸ ਤਰ੍ਹਾਂ ਦੇ ਲਾਭ ਲੈ ਕੇ ਆਪਣੇ ਹੀ ਖੇਤ ਵਿੱਚ ਕੰਮ ਕਰ ਸਕਦਾ ਹੈ ਅਤੇ ਪਿਛਲੇ ਦਸ ਸਾਲਾਂ ਤੋਂ ਕਿੰਨੇ ਕਿਸਾਨਾਂ ਨੇ ਲਾਭ ਪ੍ਰਾਪਤ ਕੀਤਾ ਹੈ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਹਾਂ, ਮਗਨਰੇਗਾ ਸਕੀਮ ਅਧੀਨ ਪੰਜ ਏਕੜ ਤੱਕ ਮਲਕੀਅਤ ਵਾਲੇ ਕਿਸਾਨ ਆਪਣੇ ਹੀ ਖੇਤ ਵਿੱਚ ਕੰਮ ਕਰਕੇ ਸਕੀਮ ਦਾ ਲਾਭ ਲੈ ਸਕਦੇ ਹਨ।

ਮਗਨਰੇਗਾ ਸਕੀਮ ਅਧੀਨ ਕਿਸਾਨ ਅਨੁਲੱਗ-ੳ ਦੀ ਸੂਚੀ ਅਨੁਸਾਰ ਕੰਮ ਆਪਣੇ ਹੀ ਖੇਤ/ਜ਼ਮੀਨ ਵਿੱਚ ਕਰਵਾ ਕੇ ਲਾਭ ਲੈ ਸਕਦੇ ਹਨ। ਪਿਛਲੇ ਦਸ ਸਾਲਾਂ ਵਿੱਚ 251 ਕਿਸਾਨਾਂ ਨੇ ਸਕੀਮ ਅਧੀਨ ਲਾਭ ਪ੍ਰਾਪਤ ਕੀਤਾ ਹੈ ਪਰ ਕਿਉਂਕਿ ਲੋਕ ਇਸ ਬਾਰੇ ਜਾਗ੍ਰਿਤ ਨਹੀਂ ਸਨ। ਹੁਣ ਇੱਕ ਲੈਟਰ ਕੱਢੀ ਗਈ ਹੈ ਅਤੇ ਸਾਰੇ ਬੀ.ਡੀ.ਓਜ਼ ਨੂੰ ਕਿਹਾ ਹੈ ਕਿ ਉਹ ਇਸ ਲਈ ਕੈਂਪ ਲਗਾਓ ਅਤੇ ਕਿਸਾਨਾਂ ਨੂੰ ਜਾਗ੍ਰਿਤ ਕਰੋ ਤਾਂ ਜੋ ਕਿਸਾਨ ਇਸ ਸਕੀਮ ਦੀ ਵੱਧ ਤੋਂ ਵੱਧ ਸਹੂਲਤ ਪ੍ਰਾਪਤ ਕਰ ਸਕਣ।

**ਬੀਬਾ ਨਰਿੰਦਰ ਕੌਰ ਭਰਾਜ:** ਸਪੀਕਰ ਸਾਹਿਬ, ਮੈਂ ਇਹੀ ਬੇਨਤੀ ਕਰਨੀ ਸੀ ਕਿ ਪਿਛਲੇ 10 ਸਾਲਾਂ ਵਿੱਚ ਸਿਰਫ 251 ਕਿਸਾਨਾਂ ਨੂੰ ਹੀ ਇਸ ਦਾ ਲਾਭ ਮਿਲਿਆ ਹੈ। ਬੜਾ ਹੀ ਸਲੋਅ ਪ੍ਰੋਸੈਸ ਰਿਹਾ ਹੈ। ਲੋਕਾਂ ਨੂੰ ਇਸ ਦੇ ਪ੍ਰਤੀ ਅਵੇਅਰ ਨਹੀਂ ਕੀਤਾ ਗਿਆ ਹੈ। ਮੇਰਾ ਸਵਾਲ ਇਹ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਇਹ ਰੇਸ਼ੋ ਕਿਥੇ ਤੱਕ ਜਾਵੇਗੀ ?

**ਮਾਨਯੋਗ ਸਪੀਕਰ:** ਮੰਤਰੀ ਜੀ, ਇਸ ਨੂੰ ਤੁਸੀਂ ਕਿਸ ਤਰ੍ਹਾਂ ਵਧਾਓਗੇ ਕਿ ਸਾਰੇ ਕਿਸਾਨ ਇਸ ਦਾ ਲਾਭ ਲੈ ਸਕਣ।

**ਮੰਤਰੀ:** ਸਪੀਕਰ ਸਾਹਿਬ, ਇਕ ਤਾਂ ਕਿਸਾਨਾਂ ਨੂੰ ਜਾਗ੍ਰਿਤ ਕਰਾਂਗੇ, ਦੱਸਾਂਗੇ। ਦੂਸਰਾ ਪਹਿਲਾਂ ਲੋਕਾਂ ਨੂੰ ਇਹ ਲੱਗਦਾ ਸੀ ਕਿ ਇਹ ਸਕੀਮ ਛੱਪੜ ਸਾਫ ਕਰਨ ਲਈ ਹੈ, ਗਲੀਆਂ ਨਾਲੀਆਂ ਸਾਫ ਕਰਨ ਲਈ ਹੈ, ਸੜ੍ਹਕਾਂ ਦੀ ਸਫਾਈ ਵਾਸਤੇ ਹੈ, ਇਸ ਤੋਂ ਵੱਧ ਕੁਝ ਨਹੀਂ ਹੈ। ਸਪੀਕਰ ਸਾਹਿਬ, ਇਸ ਦੇ ਵਿੱਚ ਤਕਰੀਬਨ ਕੋਈ 20 ਦੇ ਕਰੀਬ ਸਕੀਮਾਂ ਹਨ, ਜਿਸ ਦੇ ਤਹਿਤ ਮਗਨਰੇਗਾ ਤੋਂ ਅਸੀਂ ਫਾਇਦਾ ਲੈ ਸਕਦੇ ਹਾਂ। ਸੋ, ਇਸ ਦੇ ਵਿੱਚ ਇਹ ਹੈ ਕਿ ਅਸੀਂ ਸਭ ਤੋਂ ਪਹਿਲਾਂ ਕਿਸਾਨਾਂ ਨੂੰ ਜਾਗ੍ਰਿਤ ਕਰਨਾ ਹੈ, ਕਿਸਾਨ ਜੋ 5 ਏਕੜ ਤੋਂ ਥੱਲੇ ਵਾਲੇ ਹਨ, ਉਨ੍ਹਾਂ ਨੂੰ ਸਮਝਾਉਣਾ ਕਿ ਤੁਸੀਂ ਇਸ ਸਕੀਮ ਦਾ ਲਾਭ ਲੈ ਸਕਦੇ ਹੋ। ਗ੍ਰਾਮ ਸਭਾਵਾਂ ਦੇ ਇਜਲਾਸਾਂ ਦੇ ਵਿੱਚ ਵੀ ਅਸੀਂ ਹਰ ਪਿੰਡ ਵਿੱਚ ਕਿਹਾ ਹੈ, ਕਰੀਬ ਹੁਣ ਤੱਕ 6000 ਇਜਲਾਸ ਹੋ ਚੁੱਕੇ ਹਨ, ਅਸੀਂ ਸਭ ਥਾਵਾਂ ਤੇ ਲੋਕਾਂ ਨੂੰ ਜਾਗ੍ਰਿਤ ਕਰਕੇ ਆਏ ਹਾਂ ਕਿ ਤੁਸੀਂ ਮਗਨਰੇਗਾ ਲੇਬਰ ਨੂੰ ਵਰਤ ਸਕਦੇ ਹੋ। ਪੰਜਾਬ ਵਿੱਚ 251 ਦੀ ਰੇਸ਼ੋ ਬਹੁਤ ਥੋੜੀ ਹੈ, ਇਸ ਦਾ ਮਤਲਬ ਇਸ ਸਕੀਮ ਬਾਰੇ ਕਿਸਾਨਾਂ ਨੂੰ ਕਿਸੇ ਨੇ ਦੱਸਿਆ ਹੀ ਨਹੀਂ ਹੈ। ਮੈਨੂੰ ਲਗਦਾ ਹੈ ਕਿ ਅਗਲੇ ਸਾਲ ਇਸ ਰੇਸ਼ੋ ਨੂੰ ਅਸੀਂ ਹਜ਼ਾਰਾਂ ਦੇ ਵਿੱਚ ਲੈ ਜਾਵਾਂਗੇ।

**ਮਾਨਯੋਗ ਸਪੀਕਰ:** ਹਜ਼ਾਰ ਵੀ ਥੋੜ੍ਹੇ ਹਨ, ਰੇਸ਼ੋ ਹੋਰ ਵਧਾ ਦਿਓ।

**ਮੰਤਰੀ:** ਸਪੀਕਰ ਸਾਹਿਬ, ਲੱਖ ਕਰ ਦਿਆਂਗੇ ਜੀ। ਅਸੀਂ ਸਾਰੇ ਪੰਜਾਬ ਵਿੱਚ ਸਾਰੀਆਂ ਗ੍ਰਾਮ ਸਭਾਵਾਂ ਨੂੰ ਬੇਨਤੀ ਕਰਾਂਗੇ ਤਾਂ ਕਿ ਛੋਟੇ ਕਿਸਾਨ ਇਸ ਸਕੀਮ ਦਾ ਲਾਭ ਲੈ ਸਕਣ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸੈਂਟਰ ਦੇ ਬਹੁਤ ਸਾਰੇ ਫੰਡਜ਼ ਮਗਨਰੇਗਾ ਥੱਲੇ ਆ ਰਹੇ ਹਨ ਪਰ ਪਿਛਲੇ ਤਿੰਨ ਮਹੀਨਿਆਂ ਤੋਂ ਸਾਰੇ ਹੀ ਬੀ.ਡੀ.ਪੀ.ਓਜ਼ ਨੇ ਇੱਕ ਹੁਕਮ ਜਾਰੀ ਕਰ ਦਿੱਤਾ ਹੈ ਕਿ ਕੋਈ ਇੱਕ ਰੁਪਿਆ ਵੀ ਕੋਈ ਸਰਪੰਚ ਕਢਵਾ ਨਹੀਂ ਸਕਦਾ ਹੈ। ਸੈਂਟਰ ਦੇ ਫੰਡਜ਼ ਵੀ, ਐਮ.ਪੀ. ਲੈਂਡ ਫੰਡਜ਼ ਵੀ, ਜਿਹੜੇ ਪੰਜਾਬ ਵਿੱਚ ਪਿਛਲੀ ਗੌਰਮਿੰਟ ਨੇ ਦਿੱਤੇ ਸੀ ਚਲੋ ਇਹ ਤਾਂ ਗੱਲ ਵੱਖਰੀ ਹੈ। ਮੇਰੀ ਗੁਜ਼ਾਰਿਸ਼ ਹੈ ਕਿ ਕੀ ਤੁਸੀਂ ਇਨ੍ਹਾਂ ਫੰਡਜ਼ ਨੂੰ ......

**ਮੰਤਰੀ:** ਇਹ ਸਵਾਲ ਤਾਂ ਮਗਨਰੇਗਾ ਨਾਲ ਨਹੀਂ ਜੁੜਿਆ ਹੈ।

**ਮਾਨਯੋਗ ਸਪੀਕਰ:** ਮਾਨਯੋਗ ਲੀਡਰ ਆਫ ਆਪੋਜ਼ੀਸ਼ਨ ਸਾਹਿਬ, ਤੁਸੀਂ ਇਸ ਲਈ ਵੱਖਰਾ ਸਵਾਲ ਦੇ ਸਕਦੇ ਹੋ।

**ਮੰਤਰੀ:** ਸਪੀਕਰ ਸਾਹਿਬ, ਇਹ ਸਵਾਲ ਦੇ ਦੇਣ, ਰਿਕਾਰਡ ਮੰਗਵਾ ਕੇ ਜਵਾਬ ਦੇ ਦਿਆਂਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਂ ਭੇਜ ਦਿਆਂਗਾ ਜੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਪੀਕਰ ਸਾਹਿਬ, ਜਿਹੜੀ ਮਗਨਰੇਗਾ ਸਕੀਮ ਹੈ, ਇਸ ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਦੇਖੋ ਪੰਜਾਬ ਦੇ ਵਿੱਚ ਪਹਿਲਾਂ ਬਹੁਤ ਵੱਡੇ ਪੱਧਰ ਤੇ ਧਰਨੇ ਲਗਦੇ ਰਹੇ ਹਨ।

2.15 / 24.06.2022 ਤਰਲੋਚਨ ਸਿੰਘ / ਰਜਨੀਸ਼ ਕੁਮਾਰ

ਸਾਲ 2013 ਵਿੱਚ 5500 ਕਰੋੜ ਰੁਪਿਆ ਆਇਆ ਸੀ। ਉਦੋਂ ਅਕਾਲੀ ਸਰਕਾਰ ਸੀ। ਉਦੋਂ ਸਿਰਫ 500 ਕਰੋੜ ਰੁਪਿਆ ਖਰਚਿਆ ਗਿਆ ਅਤੇ 5000 ਕਰੋੜ ਰੁਪਿਆ ਵਾਪਸ ਚਲਾ ਗਿਆ ਸੀ। ਪਿਛਲੀ ਸਰਕਾਰ ਵੇਲੇ 5200 ਕਰੋੜ ਰੁਪਿਆ ਆਇਆ ਸੀ ਅਤੇ ਸਿਰਫ 700 ਕਰੋੜ ਰੁਪਿਆ ਹੀ ਖਰਚਿਆ ਗਿਆ। ਇਸ ਵਿੱਚੋਂ 4700 ਕਰੋੜ ਰੁਪਿਆ ਵਾਪਸ ਚਲਾ ਗਿਆ ਸੀ। ਇਸ ਕਰਕੇ ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ।

**ਸਰਦਾਰ ਕੁਲਵੰਤ ਸਿੰਘ ਪੰਡੋਰੀ** : ਮੈਂ ਮਾਨਯੋਗ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਸਕੀਮ ਨੂੰ ਪਹਿਲਾਂ ਦੀ ਤਰ੍ਹਾਂ ਲਾਵਾਰਸ ਨਾ ਛੱਡਿਆ ਜਾਵੇ। ਇਸ ਸਕੀਮ ਨੂੰ ਵਿਸ਼ੇਸ਼ ਤੌਰ ਤੇ ਗਰਾਊਂਡ ਲੈਵਲ ਤੇ ਲਾਗੂ ਕੀਤਾ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਇਸ ਤੇ ਵਿਸ਼ੇਸ਼ ਧਿਆਨ ਦਿਆਂਗੇ ਅਤੇ ਜਿੰਨਾ ਵੀ ਫੰਡ ਆਵੇਗਾ ਉਸ ਨੂੰ ਅਸੀਂ ਪੰਜਾਬ ਵਿੱਚ ਯੂਜ਼ ਕਰਾਂਗੇ।

**ਮਾਨਯੋਗ ਸਪੀਕਰ** : ਧੰਨਵਾਦ।

----

## ਟਰਾਂਸਪੋਰਟ ਪਾਲਿਸੀ ਬਣਾਉਣਾ

*205. **ਸਰਦਾਰ ਕੁਲਜੀਤ ਸਿੰਘ ਰੰਧਾਵਾ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਦੁਆਰਾ ਕੋਈ ਟਰਾਂਸਪੋਰਟ ਪਾਲਿਸੀ ਬਣਾਈ ਗਈ ਹੈ;

ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ;

ਜੇਕਰ ਨਹੀਂ ਤਾਂ ਕੀ ਇਸ ਸਬੰਧੀ ਪਾਲਿਸੀ ਬਣਾਉਣ ਲਈ ਸਰਕਾਰ ਵਿਚਾਰ ਕਰੇਗੀ ਅਤੇ ਕਦੋਂ ਤੱਕ?

**ਸਰਦਾਰ ਲਾਲਜੀਤ ਸਿੰਘ ਭੁੱਲਰ**: ਹਾਂ, ਪੰਜਾਬ ਸਰਕਾਰ ਨੇ ਪਹਿਲਾਂ ਹੀ ਮਿਤੀ 22.02.2018 ਦੀ ਨੋਟੀਫਿਕੇਸ਼ਨ ਰਾਹੀਂ ਪੰਜਾਬ ਟਰਾਂਸਪੋਰਟ ਸਕੀਮ, 2018 ਨੂੰ ਅਧਿਸੂਚਿਤ ਕਰ ਦਿੱਤਾ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜਿਹੜੀ 22.02.2018 ਦੀ ਨੋਟੀਫਿਕੇਸ਼ਨ ਦੀ ਗੱਲ ਕਹੀ ਹੈ, ਇਸ ਸਬੰਧੀ ਮੇਰੀ ਇੱਕ ਹੀ ਅਪੀਲ ਹੈ ਕਿ ਅਸੀਂ ਕਿਸਾਨ ਬੱਚੇ ਹਾਂ। ਪੰਜਾਬ ਦਾ ਟਰਾਂਸਪੋਰਟਰ ਵੀ ਮਰਦਾ ਜਾ ਰਿਹਾ ਹੈ। ਸਾਡੇ ਬੱਚੇ ਟਰਾਂਸਪੋਰਟ ਦਾ ਧੰਦਾ ਛੱਡ ਕੇ ਕੈਨੇਡਾ, ਅਮਰੀਕਾ, ਇੰਗਲੈਂਡ, ਦੁਬਈ ਜਾ ਰਹੇ ਹਨ। ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਅਸੀਂ ਤੁਹਾਡੀ ਰਹਿਨੁਮਾਈ ਵਿੱਚ ਪੰਜਾਬ ਦੇ ਲੋਕਾਂ ਦੀ ਸੇਵਾ ਕਰਦੇ ਹਾਂ। ਪੰਜਾਬ ਦਾ ਟਰਾਂਸਪੋਰਟ ਬਰਬਾਦ ਹੋ ਚੁੱਕਾ ਹੈ, ਮਰ ਚੁੱਕਾ ਹੈ, ਖੁਦਕੁਸ਼ੀਆਂ ਕਰ ਰਿਹਾ ਹੈ।ਸੀ.ਐਮ. ਸਾਹਿਬ ਸ਼ਾਇਦ ਤੁਹਾਨੂੰ ਤੁਹਾਡਾ ਉਹ ਭਾਵੁਕ ਬਿਆਨ ਯਾਦ ਹੋਵੇਗਾ, ਜਦੋਂ ਤੁਸੀਂ ਟਰਾਂਸਪੋਰਟਰਾਂ ਨੂੰ ਪਿਆਰ ਦਿਖਾਇਆ ਸੀ। ਪਿਛਲੀ ਸਰਕਾਰ ਨੇ ਟਰਾਂਸਪੋਰਟ ਯੂਨੀਅਨਾਂ ਭੰਗ ਕਰਕੇ ਟਰਾਂਸਪੋਰਟਰਾਂ ਨੂੰ ਮਾਰਿਆ ਸੀ ਅਤੇ ਤੁਸੀਂ ਕਿਹਾ ਸੀ ਕਿ ਅੱਜ ਉਨ੍ਹਾਂ ਟਰਾਂਸਪੋਰਟਰਾਂ ਦੀਆਂ ਗੱਡੀਆਂ ਦੇ ਡਾਲੇ ਲੋਕਾਂ ਦੇ ਕੱਪੜੇ ਸੁਕਾਉਣ ਦੇ ਕੰਮ ਆਉਂਦੇ ਹਨ। ਸਪੀਕਰ ਸਾਹਿਬ ਮੈਂ ਤੁਹਾਡੇ ਜ਼ਰੀਏ ਬੇਨਤੀ ਕਰਦਾ ਹਾਂ....

**ਮਾਨਯੋਗ ਸਪੀਕਰ** : ਰੰਧਾਵਾ ਸਾਹਿਬ, ਸਵਾਲ ਪੁੱਛੋ।

**ਸਰਕਾਰ ਕੁਲਜੀਤ ਸਿੰਘ ਰੰਧਾਵਾ** : ਕੀ ਪੰਜਾਬ ਸਰਕਾਰ ਦੀ, ਸਾਡੀ ਸਰਕਾਰ ਦੀਇਸ ਟਰਾਂਸਪੋਰਟ ਪਾਲਿਸੀ ਤੇ ਵਿਚਾਰ ਕਰਨ ਅਤੇ ਇਸ ਵਿੱਚ ਵਾਧਾ ਕਰਨ ਲਈ ਕੋਈ ਤਜਵੀਜ਼ ਹੈ?ਪੰਜਾਬ ਦੇ ਟਰਾਂਸਪੋਰਟਰਾਂ ਦੀ ਇੱਜ਼ਤ ਬਹਾਲੀ ਲਈ ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਇਸ ਬਾਰੇ ਥੋੜ੍ਹਾ ਜਿਹਾ ਵਿਸਥਾਰ ਵਿੱਚ ਦੱਸਣ।

**ਮੰਤਰੀ** : ਪੰਜਾਬ ਸਰਕਾਰ ਨੇ ਪਿਛਲੀਆਂ ਟਰਾਂਸਪੋਰਟ ਸਕੀਮਾਂ ਮਿਤੀ 09.08.1990, ਸੋਧ ਮਿਤੀ 20.10.1997 ਅਤੇ 20.12.2011 ਦੇ ਬਦਲਾਅ ਵਿੱਚ ਆਪਣੀ ਪੰਜਾਬ ਟਰਾਂਸਪੋਰਟ ਸਕੀਮ ਮਿਤੀ 2018 ਨੂੰ ਮਿਤੀ 22.02.2018 ਦੀ ਨੋਟੀਫਿਕੇਸ਼ਨ ਰਾਹੀਂ ਅਧਿਸੂਚਿਤ ਕੀਤਾ ਹੈ ਜਿਸ ਨੂੰ ਮਿਤੀ 04.06.2019 ਨੂੰ ਮੋਟਰ ਵਹੀਕਲਜ਼ ਐਕਟ, 1988 ਦੇ ਚੈਪਟਰ 6 ਦੇ ਸੈਕਸ਼ਨ 99 ਅਤੇ 100 ਅਨੁਸਾਰ ਵੱਡੀਆਂ ਬੱਸਾਂ ਦੇ ਸਟੇਜ ਕੈਰੇਜ ਪਰਮਿਟ ਦੇਣ ਲਈ ਸੋਧਿਆ ਗਿਆ ਹੈ। ਪ੍ਰਵਾਨਿਤ ਟਰਾਂਸਪੋਰਟ ਸਕੀਮ ਦੇ ਅਨੁਸਾਰ ਸਟੇਟ ਟਰਾਂਸਪੋਰਟ ਅੰਡਰਟੇਕਿੰਗਜ਼ ਨੂੰ ਮਨੋਪਲੀ ਰੂਟਾਂ ਅਤੇ ਅੰਤਰਰਾਜੀ ਰੂਟਾਂ ਤੇ ਚਲਾਉਣ ਦਾ ਵਿਸ਼ੇਸ਼ ਅਧਿਕਾਰ ਪ੍ਰਾਪਤ ਹੈ। ਰਾਜ ਵਿੱਚ ਪੈਂਦੇ ਨੈਸ਼ਨਲ ਹਾਈਵੇ ਅਤੇ ਸਟੇਟ ਹਾਈਵੇ, ਮੇਜਰ ਡਿਸਟ੍ਰਿਕਟ ਰੋਡਜ਼ ਤੇ ਸਰਕਾਰੀ ਅਤੇ ਪ੍ਰਾਈਵੇਟ ਆਪਰੇਟਰਾਂ ਨੂੰ ਪਰਮਿਟ ਕ੍ਰਮਵਾਰ 50:50 ਅਤੇ 40:60 ਦੇ ਅਨੁਪਾਤ ਵਿੱਚ ਦਿੱਤਾ ਜਾਣਾ ਲਾਜ਼ਮੀ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਜ਼ਰੀਏ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਬੱਸਾਂ ਦੇ ਨਾਲ ਨਾਲ ਬੇਨਤੀ ਕਰਦਾ ਹਾਂ ਕਿ ਪੰਜਾਬ ਵਿੱਚ ਟਰੱਕਾਂ ਵਾਲੇ ਲੱਖਾਂ ਟਰਾਂਸਪੋਰਟਰ ਹਨ, ਜਿਹੜੇ ਕਿ ਬਰਬਾਦ ਹੋ ਚੁੱਕੇ ਹਨ। ਬੱਸਾਂ, ਟਰੱਕਾਂ ਅਤੇ ਕੈਂਟਰਾਂ ਵਾਸਤੇ ਪੰਜਾਬ ਵਿੱਚ ਆਪਾਂ ਅਜਿਹੀ ਪਾਲਿਸੀ ਲੈ ਕੇ ਆਈਏ ਕਿ ਸਾਡੇ ਬੱਚੇ ਬਿਹਾਰ, ਬੰਗਾਲ ਦੀ ਤਰ੍ਹਾਂ ਰੁਲਣ ਨਾ, ਕੈਨੇਡਾ ਅਮਰੀਕਾ ਨਾ ਜਾਣ, ਦੁਬਈ ਨਾ ਜਾਣ।

**ਮਾਨਯੋਗ ਸਪੀਕਰ** : ਸਵਾਲ ਪੁੱਛੋ।

**ਸਰਕਾਰ ਕੁਲਜੀਤ ਸਿੰਘ ਰੰਧਾਵਾ** : ਮੈਂ ਕਹਿਣਾ ਚਾਹੁੰਦਾ ਹਾਂ ਕਿ ਟਰਾਂਸਪੋਰਟਾਂ ਦਾ ਪੈਨਲ ਬਣਾ ਕੇ ਡਿਟੇਲ ਵਿੱਚ ਕੋਈ ਪਾਲਿਸੀ ਬਣਾਈ ਜਾਵੇ।

**ਮਾਨਯੋਗ ਸਪੀਕਰ** : ਹੈਨਰੀ ਸਾਹਿਬ, ਤੁਹਾਡਾ ਫੀਲਡ ਹੈ, ਤੁਸੀਂ ਜ਼ਰੂਰ ਕੁਝ ਨਾ ਕੁਝ ਪੁੱਛੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ। ਵਿਧਾਨ ਸਭਾ ਰੂਲ 46 ਕਹਿੰਦਾ ਹੈ ਕਿ ਅਸੀਂ ਪੰਜ ਸਪਲੀਮੈਂਟਰੀ ਪ੍ਰਸ਼ਨ ਪੁੱਛ ਸਕਦੇ ਹਾਂ। ਮੇਰੀ ਹੰਬਲ ਰਿਕੁਐਸਟ ਹੈ ਕਿ ਤੁਸੀਂ ਜਾਂ ਤਾਂ ਡਿਟੇਲਿਡ ਆਰਡਰ ਦੇ ਦਿਉ ਤਾਂ ਕਿ ਪਤਾ ਲੱਗੇ ਕਿ ਅਸੀਂ ਕਿੰਨੇ ਸਪਲੀਮੈਂਟਰੀ ਪੁੱਛ ਸਕਦੇ ਹਾਂ। ਮੈਂ ਵਣ ਵਿਭਾਗ ਸਬੰਧੀ ਸਵਾਲ ਤੇ ਸਪਲੀਮੈਂਟਰੀ ਲਈ ਉੱਠਿਆ ਸੀ ਉਦੋਂ ਤੁਸੀਂ ਰੂਲਿੰਗ ਦਿੱਤੀ ਕਿ ਸਿਰਫ ਦੋ ਹੀ ਸਪਲੀਮੈਂਟਰੀ ਹੋ ਸਕਦੀ ਹੈ। ਪਰੰਤੂ ਰੂਲ 46 ਦੇ ਸਬ ਸੈਕਸ਼ਨ ਕਹਿੰਦਾ ਹੈ ਕਿ.....

**ਮਾਨਯੋਗ ਸਪੀਕਰ** : ਹੁਣ ਮੈਂ ਮਾਨਯੋਗ ਮੈਂਬਰ ਸਾਹਿਬ ਦੇ ਕਹੇ ਬਿਨਾਂ ਹੀ ਕਹਿ ਦਿੱਤਾ ਕਿ ਤੁਹਾਡਾ ਫੀਲਡ ਹੈ, ਤੁਸੀਂ ਸਵਾਲ ਜ਼ਰੂਰ ਪੁੱਛੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਮੇਰੀ ਹੰਬਲ ਰਿਕੁਐਸਟ ਹੈ ਕਿ ਤੁਸੀਂ ਸਾਡੇ ਸਿਰਮੌਰ ਹੋ, ਤੁਸੀਂ ਹਾਊਸ ਦੇ ਕਸਟੋਡੀਅਨ ਹੋ, ਸਿਰਫ ਇੱਕ ਕਲੈਰੀਫਿਕੇਸ਼ਨ ਦੇ ਦਿਉ।

**ਮਾਨਯੋਗ ਸਪੀਕਰ** : ਦੋ ਸਪਲੀਮੈਂਟਰੀਜ਼ ਪ੍ਰਸ਼ਨ ਪੁੱਛਣ ਵਾਲਾ ਮੈਂਬਰ ਅਤੇ ਤਿੰਨ ਸਪਲੀਮੈਂਟਰੀਜ਼ ਹੋਰ ਮਾਨਯੋਗ ਮੈਂਬਰ ਪੁੱਛ ਸਕਦੇ ਹਨ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਮੇਰੀ ਹੰਬਲ ਰਿਕੁਐਸਟ ਹੈ ਕਿ ਜਿਹੜਾ ਵਣ ਵਿਭਾਗ ਦਾ ਸਵਾਲ ਸੀ.....

**ਮਾਨਯੋਗ ਸਪੀਕਰ** : ਤੁਸੀਂ ਨਵਾਂ ਸਵਾਲ ਲਗਾ ਦਿਉ, ਐਂਟਰਟੇਨ ਕੀਤਾ ਜਾਵੇਗਾ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਸਰ ਨਵਾਂ ਸਵਾਲ ਤਾਂ ਅਗਲੇ ਸੈਸ਼ਨ ਵਿੱਚ ਆਵੇਗਾ। ਜਾਂ ਤਾਂ ਉਸ ਸਵਾਲ ਨੂੰ ਕੱਲ੍ਹ ਵਾਸਤੇ ਮੁਲਤਵੀ ਕਰ ਦਿਉ।

**ਮਾਨਯੋਗ ਸਪੀਕਰ** : ਕੀ ਤੁਸੀਂ ਇਸ ਸਵਾਲ ਤੇ ਕੁਝ ਕਹਿਣਾ ਚਾਹੁੰਦੇ ਹੋ? ਟਰਾਂਸਪੋਰਟ ਮੰਤਰੀ ਸਾਹਿਬ ਤੋਂ ਕੁਝ ਪੁੱਛਣਾ ਚਾਹੁੰਦੇ ਹੋ?

**ਮ/ ਮ.ਸ਼/ 2.20/ 24.06.2022**

1.

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੈਂ ਟ੍ਰਾਂਸਪੋਰਟ ਬਾਰੇ ਵੀ ਕਹਿਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਤੁਸੀਂ ਵਣ ਵਿਭਾਗ ਬਾਰੇ ਵੱਖਰਾ ਸਵਾਲ ਦੇ ਦਿਓ, ਉਹ ਐਂਟਰਟੇਨ ਕਰ ਲਿਆ ਜਾਵੇਗਾ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੇਰੀ ਹੰਬਲ ਰਿਕੁਐਸਟ ਹੈ ਕਿਉਂਕਿ ਜਿਹੜਾ ਵਣ ਵਿਭਾਗ ਹੈ ਉਹ ਨਾ ਕੇਵਲ ਆਪਣੇ ਵਾਸਤੇ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਵੀ ਬਹੁਤ ਜ਼ਿਆਦਾ ਜ਼ਰੂਰੀ ਹੈ।

**ਮਾਨਯੋਗ ਸਪੀਕਰ:** ਮੈਂ ਤੁਹਾਡੇ ਨਾਲ ਬਿਲਕੁਲ ਸਹਿਮਤ ਹਾਂ। ਤੁਸੀਂ ਵੱਖਰਾ ਸਵਾਲ ਦਿਓ, ਤੁਹਾਨੂੰ ਐਂਟਰਟੇਨ ਕੀਤਾ ਜਾਵੇਗਾ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਇਸੇ ਸੈਸ਼ਨ ਵਿੱਚ ਐਂਟਰਟੇਨ ਕੀਤਾ ਜਾਵੇਗਾ?

**ਮਾਨਯੋਗ ਸਪੀਕਰ:** ਬਿਲਕੁਲ ਇਸੇ ਸੈਸ਼ਨ ਵਿੱਚ ਕੀਤਾ ਜਾਵੇਗਾ। ਇਹ ਸਦਨ ਡਿਸਕਸ਼ਨ ਲਈ ਬਣਿਆ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਹੁਣ ਤੁਸੀਂ ਟ੍ਰਾਂਸਪੋਰਟ ਬਾਰੇ ਪੁੱਛਿਆ ਹੈ। ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਟ੍ਰਾਂਸਪੋਰਟ ਮੁਤੱਲਕ ਮੈਂਬਰ ਸਾਹਿਬ ਨੇ ਜਿਹੜਾ ਸਵਾਲ ਪੁੱਛਿਆ ਹੈ, ਉਸ ਵਿੱਚ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਸਰ, ਮੈਂ ਮੁੱਖ ਮੰਤਰੀ ਪੰਜਾਬ ਸ਼੍ਰੀ ਭਗਵੰਤ ਮਾਨ ਜੀ ਤੇ ਸਮੂਹ ਕੈਬਨਿਟ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਇਸ ਕਿੱਤੇ ਨੂੰ ਅਨਫਾਰਚੂਨੇਟਲੀ ਇੱਕ ਮਾਫੀਆ ਦੇ ਟੈਗ ਨਾਲ ਜੋੜਿਆ ਗਿਆ ਹੈ ਜਦਕਿ ਇਹ ਉਹ ਕਿੱਤਾ ਹੈ ਜਿਹੜਾ ਆਜ਼ਾਦੀ ਤੋਂ ਪਹਿਲਾਂ ਹੀ ਚਲਦਾ ਸੀ। ਸਾਲ 1947 ਤੋਂ ਪਹਿਲਾਂ ਦੇ ਟ੍ਰਾਂਸਪੋਰਟ ਹਨ। ਅਗਰ ਸਾਡਾ ਕਿਸੇ ਇੱਕ ਘਰਾਣੇ ਨਾਲ ਇਸ਼ੂ ਹੈ ਤਾਂ ਇਸ ਪੂਰੇ ਕਿੱਤੇ ਨੂੰ ਉਸ ਨਾਲ ਨਾ ਜੋੜਿਆ ਜਾਵੇ। ਅੱਜ ਟ੍ਰਾਂਸਪੋਰਟ ਵਿਭਾਗ, ਖਾਸ ਕਰਕੇ ਨਾ ਕੇਵਲ ਪ੍ਰਾਈਵੇਟ ਬਲਕਿ ਗੌਰਮਿੰਟ ਵਿੱਚ ਵੀ ਲਗਭਗ 120 ਕਰੋੜ ਰੁਪਏ ਐਕਸਚੈਕਰ ਨੇ ਪਨਬਸ ਨੂੰ ਦੇਣਾ ਹੈ।

**ਮਾਨਯੋਗ ਸਪੀਕਰ:** ਤੁਸੀਂ ਕਿਰਪਾ ਕਰਕੇ ਸਵਾਲ ਪੁੱਛੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ ਮੇਰੀ ਬੇਨਤੀ ਹੈ ਕਿ ਜਿਹੜੀਆਂ ਕੁਰੀਤੀਆਂ ਅੱਜ ਵਿਭਾਗ ਵਿੱਚ ਹੋਈਆਂ ਹਨ ਕੀ ਟ੍ਰਾਂਸਪੋਰਟ ਮਨਿਸਟਰ ਸਾਹਿਬ ਸਾਨੂੰ ਕਿਰਪਾ ਕਰਕੇ ਦੱਸ ਸਕਦੇ ਹਨ ਕਿ ਆਖਰੀ ਦੋ ਸਾਲਾਂ ਵਿੱਚ ਡੀਜ਼ਲ ਘੱਟੋ-ਘੱਟ 80% ਵੱਧ ਗਿਆ ਤੇ ਉਸ ਵਿੱਚ ਇਨਪੁਟ ਕੋਸਟ 50% ਵੱਧ ਗਈ ਹੈ ਤੇ 42% ਸਾਡਾ ਰੈਵੇਨਿਊ ਡੈਫੀਸਿਟ ਇਸ ਕਰਕੇ ਆਇਆ ਹੈ ਕਿ ਜਿਹੜੀਆਂ ਲੇਡੀਜ਼ ਉਸ ਵਿੱਚ ਫਰੀ ਸਫਰ ਕਰ ਰਹੀਆਂ ਹਨ ਕੀ ਉਸ ambit ਵਿੱਚ ਪ੍ਰਾਈਵੇਟ ਪਲੇਅਰਜ਼ ਨੂੰ ਵੀ ਲਿਆ ਜਾਵੇਗਾ ਅਤੇ ਕੀ ਜਿਹੜੇ ਵਜ਼ੀਰ ਸਾਹਿਬ ਹਨ ਤੇ ਜਿਹੜੀ ਸਾਡੀ ਸਰਕਾਰ ਹੈ, ਉਹ ਪ੍ਰਾਈਵੇਟ ਅਦਾਰੇ ਨੂੰ ਵੀ ਪੰਜਾਬ ਦਾ ਹਿੱਸਾ ਮੰਨਦੀ ਹੈ ਜਾਂ ਕੇਵਲ ਰੋਡਵੇਜ਼ ਤੇ ਪੈਪਸੂ ਨੂੰ ਹੀ ਪੰਜਾਬ ਦਾ ਹਿੱਸਾ ਮੰਨਦੀ ਹੈ?

**ਮਾਨਯੋਗ ਸਪੀਕਰ:** ਇਸ ਲਈ ਤੁਸੀਂ ਵੱਖਰਾ ਸਵਾਲ ਦੇ ਸਕਦੇ ਹੋ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 15

## ਸਰਦੂਲਗੜ੍ਹ ਅਤੇ ਤਲਵੰਡੀ ਸਾਬੋ ਦੀਆਂ ਟੇਲਾਂ ਤੇ ਪਾਣੀ ਪਹੁੰਚਾਉਣਾ

*15. **ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਸਰਦੂਲਗੜ੍ਹ (ਮਾਨਸਾ) ਦੇ ਟੇਲਾਂ ਤੇ ਪਾਣੀ ਪਹੁੰਚਾਉਣ ਲਈ ਸਰਕਾਰ ਵੱਲੋਂ ਨਿਊ ਢੰਡਾਲ ਬਰਾਂਚ ਦਾ ਪ੍ਰੋਜੈਕਟ ਪਾਸ ਕੀਤਾ ਗਿਆ ਸੀ ਜਿਸ ਲਈ ਅਜੇ ਤੱਕ ਪੂਰੇ ਫੰਡ ਨਹੀਂ ਆਏ; ਜੇਕਰ ਅਜਿਹਾ ਹੋਵੇ ਤਾਂ ਇਸ ਪ੍ਰੋਜੈਕਟ ਲਈ ਫੰਡ ਕਦੋਂ ਤੱਕ ਮੁਹੱਈਆ ਕਰਵਾ ਦਿੱਤੇ ਜਾਣਗੇ;

ਅ) ਮੂਸਾ ਬਰਾਂਚ, ਉੱਡਤ ਬਰਾਂਚ ਅਤੇ ਜਗਾਂ ਬਰਾਂਚ ਦੀਆਂ ਟੇਲਾਂ ਤੇ ਪਾਣੀ ਪੂਰਾ ਕਰਨ ਲਈ ਕੋਈ ਪ੍ਰੋਜੈਕਟ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਪ੍ਰੋਜੈਕਟ ਕਦੋਂ ਪਾਸ ਹੋਵੇਗਾ ਅਤੇ ਫੰਡ ਮੁਹੱਈਆ ਕਰਵਾਏ ਜਾਣਗੇ ਤਾਂ ਜੋ ਸਰਦੂਲਗੜ੍ਹ ਅਤੇ ਤਲਵੰਡੀ ਸਾਬੋ ਇਲਾਕੇ ਦੀਆਂ ਟੇਲਾਂ ਨੂੰ ਪਾਣੀ ਪੂਰਾ ਮਿਲ ਸਕੇ?

**ਸ਼੍ਰੀ ਬ੍ਰਹਮ ਸ਼ੰਕਰ (ਜਿੰਪਾ):** ਮਾਨਯੋਗ ਸਪੀਕਰ ਸਾਹਿਬ, ਤੇ ਸਾਰੀ ਵਿਧਾਨ ਸਭਾ ਨੂੰ ਮੈਂ ਜੈ ਹਿੰਦ ਕਹਿੰਦਾ ਹਾਂ ਔਰ ਮਾਨਯੋਗ ਮੈਂਬਰ ਸਾਹਿਬਾਨ ਦਾ ਜਿਹੜਾ ਪ੍ਰਸ਼ਨ ਹੈ ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ-

ੳ) ਜੀ ਹਾਂ, ਹਲਕਾ ਸਰਦੂਲਗੜ੍ਹ (ਜ਼ਿਲ੍ਹਾ ਮਾਨਸਾ) ਦੇ ਪਿੰਡਾਂ ਨੂੰ ਸਿੰਚਾਈ ਅਤੇ ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਬੋਹਾ ਢੁੰਡਾਲ ਸਿਸਟਮ ਦਾ ਪ੍ਰੋਜੈਕਟ ਵਿੱਤੀ ਸਾਲ 2021-22 ਵਿੱਚ ਪਾਸ ਕੀਤਾ ਗਿਆ ਸੀ, ਜਿਸ ਦੀ ਕੁੱਲ ਲਾਗਤ 4909.47 ਲੱਖ ਰੁਪਏ ਹੈ। ਇਸ ਵਿੱਚੋਂ ਵਿੱਤੀ ਸਾਲ 2021-22 ਦੌਰਾਨ ਜਾਰੀ ਹੋਏ 1000.00 ਲੱਖ ਰੁਪਏ ਦੀ ਰਾਸ਼ੀ ਨਾਲ ਢੁੰਡਾਲ ਬ੍ਰਾਂਚ ਦੀ ਬੁਰਜੀ 0-39500 ਤੱਕ ਦੀ ਮੁੜ ਉਸਾਰੀ ਕਰ ਦਿੱਤੀ ਗਈ ਸੀ ਅਤੇ ਬਾਕੀ ਰਹਿੰਦੇ ਪ੍ਰੋਜੈਕਟ ਨੂੰ ਫੰਡਜ਼ ਮਿਲਣ ਉਪਰੰਤ ਵਿੱਤੀ ਸਾਲ 2024-25 ਤੱਕ ਮੁਕੰਮਲ ਕਰਨ ਦੀ ਤਜਵੀਜ਼ ਹੈ। ਇਸ ਪ੍ਰੋਜੈਕਟ ਲਈ ਵਿੱਤੀ ਸਾਲ 2022-23 ਦੌਰਾਨ ਬਜਟ ਵਿੱਚ 1000.00 ਲੱਖ ਰੁਪਏ ਫੰਡਾਂ ਦੀ ਉਪਬੰਧਤਾ ਕੀਤੀ ਗਈ ਹੈ।

ਅ) ਮੂਸਾ ਬ੍ਰਾਂਚ ਦੀਆਂ ਟੇਲਾਂ ਉੱਪਰ ਪਾਣੀ ਪੂਰਾ ਕਰਨ ਲਈ ਵਿੱਤੀ ਸਾਲ 2021-22 ਦੌਰਾਨ ਸਰਕਾਰ ਵੱਲੋਂ ਮੂਸਾ ਬ੍ਰਾਂਚ ਦੀ ਆਰ.ਡੀ. 0-58658 ਤੱਕ, ਜਿਸ ਦੀ ਕੁੱਲ ਲਾਗਤ 1427.64 ਲੱਖ ਰੁਪਏ ਹੈ, ਦਾ ਪ੍ਰੋਜੈਕਟ ਮੰਨਜੂਰ ਕੀਤਾ ਗਿਆ ਸੀ। ਇਸ ਵਿੱਚੋਂ ਵਿੱਤੀ ਸਾਲ 2021-22 ਦੌਰਾਨ ਜਾਰੀ ਹੋਏ 960.00 ਲੱਖ ਰੁਪਏ ਦੀ ਰਾਸ਼ੀ ਨਾਲ ਮੂਸਾ ਬ੍ਰਾਂਚ ਦੀ ਬੁਰਜੀ 0-46693 ਤੱਕ ਦੀ ਮੁੜ ਉਸਾਰੀ ਕਰ ਦਿੱਤੀ ਗਈ ਸੀ ਅਤੇ ਆਰ.ਡੀ. 46693 ਤੋਂ 58658 ਤੱਕ ਦੇ ਕੰਮ ਨੂੰ ਮੁਕੰਮਲ ਕਰਨ ਲਈ ਵਿੱਤੀ ਸਾਲ 2022-23 ਵਿੱਚ 467.00 ਲੱਖ ਰੁਪਏ ਫੰਡਾਂ ਦੀ ਮੰਗ ਕੀਤੀ ਗਈ ਹੈ। ਫੰਡ ਪ੍ਰਾਪਤ ਹੋਣ ਉਪਰੰਤ ਇਸੇ ਵਿੱਤੀ ਸਾਲ 2022-23 ਵਿੱਚ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ।

ਉੱਡਤ ਬ੍ਰਾਂਚ ਦੀਆਂ ਟੇਲਾਂ ਉੱਪਰ ਪਾਣੀ ਪੂਰਾ ਕਰਨ ਲਈ ਬੁਰਜੀ 0-24700 ਤੱਕ ਪ੍ਰੋਜੈਕਟ ਤਿਆਰ ਕੀਤਾ ਜਾ ਰਿਹਾ ਹੈ। ਇਸ ਲਈ ਵਿੱਤੀ ਸਾਲ 2022-23 ਦੇ ਬਜਟ ਵਿੱਚ 600.00 ਲੱਖ ਰੁਪਏ

ਦੀ ਉਪਬੰਧਤਾ ਕੀਤੀ ਗਈ ਹੈ। ਫੰਡ ਪ੍ਰਾਪਤ ਹੋਣ ਉਪਰੰਤ ਇਹ ਕੰਮ ਵੀ ਇਸੇ ਵਿੱਤੀ ਸਾਲ 2022-23 ਵਿੱਚ ਕਰਵਾਉਣ ਦੀ ਤਜਵੀਜ਼ ਹੈ।

ਜਗਾ ਬ੍ਰਾਂਚ ਦੀ ਮੁੜ ਉਸਾਰੀ ਦਾ ਕੰਮ ਸਾਲ 2016 ਵਿੱਚ ਕਰਵਾਇਆ ਗਿਆ ਸੀ ਅਤੇ ਇਸ ਦੀਆਂ ਟੇਲਾਂ ਉੱਪਰ ਪਾਣੀ ਪੂਰਾ ਕਰਨ ਲਈ ਮਗਨਰੇਗਾ ਅਧੀਨ ਸਫਾਈ ਦਾ ਕੰਮ ਇਸ ਬੰਦੀ ਦੌਰਾਨ ਕਾਰਵਾਈ ਅਧੀਨ ਹੈ।

ਸ.ਸ.-ਮ.ਸ./2.25/24.06.2022

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਮਾਨਯੋਗ ਸਪੀਕਰ ਸਾਹਿਬ, ਮੈਂ ਧੰਨਵਾਦ ਕਰਦਾ ਹਾਂ ਪਰ ਮੈਂ ਬੇਨਤੀ ਕਰਦਾ ਹਾਂ ਕਿ ਜੇ ਇਸ ਪ੍ਰਾਜੈਕਟ ਲਈ ਥੋੜ੍ਹੇ-ਥੋੜ੍ਹੇ ਫੰਡ ਆਉਣਗੇ ਤਾਂ ਇਹ ਪ੍ਰਾਜੈਕਟ ਸਾਲ 2026-27 ਤੱਕ ਚਲਾ ਜਾਵੇਗਾ। ਮੇਰੇ ਇਲਾਕੇ ਵਿੱਚ ਇਕੱਲੇ ਸਿੰਚਾਈ ਲਈ ਹੀ ਨਹੀਂ ਬਲਕਿ ਅਸੀਂ ਪੀਣ ਵਾਲਾ ਪਾਣੀ ਵੀ ਇੱਥੋਂ ਵਰਤਦੇ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਸਰਦੂਲਗੜ੍ਹ ਦੀਆਂ ਟੇਲਾਂ ਤੇ ਬ੍ਰਾਂਚਾਂ ਪੈਂਦੀਆਂ ਹਨ, ਅਸੀਂ ਪੀਣ ਵਾਲੇ ਪਾਣੀ ਨੂੰ ਤਰਸੀ ਜਾਂਦੇ ਹਾਂ। ਇਸ ਪ੍ਰਾਜੈਕਟ ਲਈ ਫੰਡ ਛੇਤੀ ਉਪਲਬਧ ਕਰਵਾਏ ਜਾਣ। ਮੈਂ ਧੰਨਵਾਦ ਕਰਦਾ ਹਾਂ ਕਿ ਜਿਹੜੇ ਫੰਡ ਹੁਣ ਤੱਕ ਉਪਲਬਧ ਕੀਤੇ ਹਨ। ਮੇਰੀ ਬੇਨਤੀ ਹੈ ਕਿ ਇਸ ਪ੍ਰਾਜੈਕਟ ਨੂੰ ਜਲਦੀ ਮੁਕੰਮਲ ਕਰਵਾ ਕੇ ਪਾਣੀ ਟੇਲਾਂ ਤੱਕ ਪਹੁੰਚਾਇਆ ਜਾਵੇ।

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਤੁਸੀਂ ਇਸ ਪ੍ਰਾਜੈਕਟ ਲਈ ਛੇਤੀ ਫੰਡ ਉਪਲਬਧ ਕਰਵਾ ਕੇ ਪਾਣੀ ਟੇਲਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਕਰਵਾਉਗੇ?

**ਮੰਤਰੀ:** ਬਿਲਕੁਲ, ਇਸ ਨੂੰ ਦੁਬਾਰਾ ਇੱਕ ਵਾਰ ਚੈੱਕ ਕਰਕੇ ਜਿੰਨੀ ਜਲਦੀ ਹੋ ਸਕੇਗਾ। ਅਗਰ ਇਨ੍ਹਾਂ ਦੀ ਕੋਈ ਤਜੀਵਜ਼ ਮਹਿਕਮੇ ਕੋਲ ਆਉਂਦੀ ਹੈ ਤਾਂ ਇਸ ਨੂੰ ਮਹਿਕਮੇ ਤੋਂ ਲੈ ਕੇ ਜਲਦੀ ਪੂਰਾ ਕਰਵਾਇਆ ਜਾਵੇਗਾ।

**ਪ੍ਰੋਫੈਸਰ ਬਲਜਿੰਦਰ ਕੌਰ:** ਸਪੀਕਰ ਸਾਹਿਬ, ਵੈਸੇ ਤਾਂ ਮੰਤਰੀ ਸਾਹਿਬ ਨੇ ਡਿਟੇਲ ਵਿੱਚ ਦੱਸ ਹੀ ਦਿੱਤਾ ਹੈ ਕਿ ਪ੍ਰਾਜੈਕਟ ਲਈ ਫੰਡਜ਼ ਮੁਹੱਈਆ ਹੋਣੇ ਅਜੇ ਅਧੂਰੇ ਹਨ ਪਰ ਇਹ ਬਿਲਕੁਲ ਸਚਾਈ ਹੈ ਕਿ 90% ਪਿੰਡ ਭਾਵੇਂ ਉਹ ਮੇਰੇ ਹਲਕੇ ਤਲਵੰਡੀ ਸਾਬੋ ਦੇ ਹਨ ਜਾਂ ਫਿਰ ਸਰਦੂਲਗੜ੍ਹ ਹਲਕੇ ਦੇ ਹਨ, ਜਿਹੜੇ ਬਿਲਕੁਲ ਟੇਲਾਂ ਤੇ ਪੈਂਦੇ ਹਨ। ਮੈਨੂੰ ਪੰਜ ਸਾਲ ਇਸ ਵਿਧਾਨ ਸਭਾ ਵਿੱਚ ਹੋ ਗਏ ਹਨ, ਮੇਰੇ ਸਾਹਮਣੇ ਸੁੱਖ ਸਰਕਾਰੀਆ ਜੀ ਬੈਠੇ ਹਨ ਜਿਹੜੇ ਉਸ ਸਮੇਂ ਸਰਕਾਰ ਦੇ ਵਜ਼ੀਰ ਸਨ। ਮੈਂ ਇਨ੍ਹਾਂ ਨੂੰ ਲਗਾਤਾਰ ਅਪੀਲ ਕੀਤੀ ਸੀ ਪਰ ਉਹ ਪੰਜ ਸਾਲ ਤਾਂ ਕੀ ਹੋਣਾ ਸੀ? ਪਿਛਲੇ 25 ਸਾਲਾਂ ਤੋਂ ਲਗਾਤਾਰ ਤਲਵੰਡੀ ਸਾਬੋ ਹਲਕਾ ਪਾਣੀ ਨੂੰ ਲੈ ਕੇ ਪਿਆਸਾ ਰਿਹਾ ਪਰ ਮੈਂ ਆਪਣੀ ਸਰਕਾਰ, ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਸਾਡੇ ਜਲ

ਸਰੋਤ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦੀ ਹਾਂ ਕਿ ਬੇਸ਼ੱਕ ਪ੍ਰਾਜੈਕਟ ਲੈ ਕੇ ਆਉਣੇ ਅਜੇ ਅਧੂਰੇ ਹਨ ਪਰ ਤਿੰਨ ਮਹੀਨਿਆਂ ਦੀ ਕਾਰਗੁਜ਼ਾਰੀ ਅਜਿਹੀ ਰਹੀ ਹੈ ਕਿ ਮੋਘਿਆਂ ਅਤੇ ਬ੍ਰਾਂਚਾਂ ਦੀ ਇੰਨੀ ਸਾਫ-ਸਫਾਈ ਕੀਤੀ ਹੈ ਕਿ ਕੁਝ ਹੱਦ ਤੱਕ ਜਿਹੜੇ ਪਿੰਡਾਂ ਨੂੰ ਕਦੇ ਪਾਣੀ ਨਸੀਬ ਨਹੀਂ ਹੋਇਆ ਸੀ, ਅੱਜ ਉਨ੍ਹਾਂ ਪਿੰਡਾਂ ਨੂੰ ਪਾਣੀ ਪਹੁੰਚਿਆ ਹੈ। ਸੋ, ਬਹੁਤ-ਬਹੁਤ ਧੰਨਵਾਦ।

**ਮਾਨਯੋਗ ਸਪੀਕਰ:** ਕੋਈ ਸਵਾਲ ਵੀ ਪੁੱਛ ਲਓ।

**ਪ੍ਰੋਫੈਸਰ ਬਲਜਿੰਦਰ ਕੌਰ:** ਸਵਾਲ ਇਹੀ ਹੈ ਜੀ, ਮੈਂ ਪਹਿਲਾਂ ਵੀ ਬੋਲਿਆ ਸੀ ਕਿ ਪ੍ਰਾਜੈਕਟ ਬੇਸ਼ੱਕ ਅਧੂਰਾ ਹੈ ਪਰ ਮੈਂ ਤਾਂ ਧੰਨਵਾਦ ਕੀਤਾ ਹੈ। ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸ਼੍ਰੀ ਸੰਦੀਪ ਜਾਖੜ:** ਮਾਨਯੋਗ ਸਪੀਕਰ ਸਾਹਿਬ, ਜਿਹੜੀ ਟੇਲਾਂ ਦੀ ਗੱਲ ਕਰ ਰਹੇ ਸੀ। ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਪਿੱਛੇ ਸਰਹਿੰਦ ਫੀਡਰ ਦਾ ਬ੍ਰੀਚ ਹੋਇਆ ਸੀ, ਇਹ ਬਿਲਕੁਲ ਮਈ ਮਹੀਨੇ ਦੇ ਵਿੱਚ ਹੋਇਆ ਸੀ। ਨਹਿਰ ਤਾਂ ਪਹਿਲਾਂ ਵੀ ਟੁੱਟੀ ਹੈ ਲੇਕਿਨ ਇਸ ਨਹਿਰ ਨੂੰ ਬੰਨ੍ਹਣ ਵਿੱਚ 22 ਦਿਨ ਲੱਗੇ ਸਨ। ਸਾਡੇ ਜਿਹੜੇ ਕਿੰਨੂ ਦੇ ਕਿਸਾਨ ਹਨ ਅਤੇ ਸਾਡਾ ਬਾਗਬਾਨੀ ਦਾ ਹਲਕਾ ਹੈ, ਅਸੀਂ ਡਾਈਵਰਸੀਫਿਕੇਸ਼ਨ ਦੀ ਗੱਲ ਕਰਦੇ ਹਾਂ। ਅਸੀਂ ਡਾਈਵਰਸੀਫਿਕੇਸ਼ਨ ਕੀਤੀ ਹੈ ਲੇਕਿਨ ਮਹਿਕਮੇ ਦੀ ਲਾਪਰਵਾਹੀ ਕਾਰਨ 22 ਦਿਨ ਨਹਿਰ ਬੰਦ ਸੀ। ਜਿਵੇਂ ਪਾਣੀ ਦੀ ਗੱਲ ਕੀਤੀ ਹੈ, ਸਾਡਾ ਵੀ ਇਲਾਕਾ ਹੈ, ਸਾਡਾ ਧਰਤੀ ਹੇਠਲਾ ਪਾਣੀ ਪੀਣਯੋਗ ਨਹੀਂ ਹੈ, ਖੇਤੀਯੋਗ ਨਹੀਂ ਹੈ। 22 ਦਿਨ ਕਿਸਾਨ ਹਾਈਵੇਅਜ਼ ਤੇ ਬੈਠੇ ਸੀ, ਮੈਂ ਉਨ੍ਹਾਂ ਦੇ ਨਾਲ ਬੈਠਾ ਸੀ। ਕਿੰਨੂ ਦੀ ਫਸਲ ਇੱਕ ਸਾਲ ਦੀ ਸੀ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ।

**ਸ਼੍ਰੀ ਸੰਦੀਪ ਜਾਖੜ:** ਮੇਰਾ ਸਵਾਲ ਇਹ ਹੈ ਕਿ ਇੰਨਾ ਸਮਾਂ ਕਿਉਂ ਲੱਗਿਆ? ਜਿਹੜੀ ਬ੍ਰੀਚ ਹੋਈ, ਉਹ ਕਿਉਂ ਹੋਈ? ਕੋਈ ਇਨਕੰਪਲੀਟ ਕੰਮ ਸੀ ਜਾਂ ਕਿਸੇ ਨੇ ਗੌਰ ਨਹੀਂ ਕੀਤਾ?

**ਮਾਨਯੋਗ ਸਪੀਕਰ:** ਮਾਨਯੋਗ ਮੈਂਬਰ ਸਾਹਿਬ, ਇਹ ਵੱਖਰਾ ਸਵਾਲ ਬਣਦਾ ਹੈ।

**ਸ਼੍ਰੀ ਸੰਦੀਪ ਜਾਖੜ:** ਮੈਂ ਕੰਪਨਸੇਸ਼ਨ ਦੀ ਵੀ ਗੱਲ ਕਰਨਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਬਿਲਕੁਲ, ਧੰਨਵਾਦ। ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਸਪੀਕਰ ਸਾਹਿਬ, ਜਦੋਂ ਲੋੜ ਹੁੰਦੀ ਹੈ, ਉਦੋਂ ਪਾਣੀ ਟੇਲ ਤੇ ਪਹੁੰਚਦਾ ਨਹੀਂ ਅਤੇ ਜਦੋਂ ਲੋੜ ਨਹੀਂ ਹੁੰਦੀ ਉਦੋਂ ਪਹੁੰਚਦਾ ਹੈ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਜੀ ਤੋਂ ਪੁੱਛਣਾ

ਚਾਹੁੰਦਾ ਹਾਂ ਕਿ ਜਦੋਂ ਪਾਣੀ ਦੀ ਲੋੜ ਨਹੀਂ ਹੈ, ਉਦੋਂ ਬੋਰ ਕਰਕੇ ਟੇਲ ਤੇ ਰੀਚਾਰਜਿੰਗ ਵੈੱਲ ਬਣਾਏ ਜਾਣ ਕਿ ਉਹ ਪਾਣੀ ਰੀਚਾਰਜ ਹੋ ਜਾਵੇ, ਕੀ ਕੋਈ ਇਸ ਤਰ੍ਹਾਂ ਦੀ ਪਲਾਨਿੰਗ ਹੈ? ਪਾਣੀ ਕਈ ਵਾਰ ਛੱਡਣਾ ਤਾਂ ਪੈਂਦਾ ਹੈ ਅਤੇ ਖੇਤ ਨੂੰ ਅੱਗੇ ਲੋੜ ਨਹੀਂ ਹੁੰਦੀ। ਕੀ ਇਸ ਤਰ੍ਹਾਂ ਦੀ ਕੋਈ ਪਲਾਨਿੰਗ ਹੈ? ਕਿਉਂਕਿ ਇਹ ਬੜਾ ਅਹਿਮ ਮਸਲਾ ਹੈ, ਸਾਡਾ ਧਰਤੀ ਹੇਠਲਾ ਪਾਣੀ ਥੱਲੇ ਜਾ ਰਿਹਾ ਹੈ। ਕੀ ਇਸ ਤੇ ਕੋਈ ਪਲਾਨਿੰਗ ਹੋ ਰਹੀ ਹੈ?

**ਮਾਨਯੋਗ ਸਪੀਕਰ:** ਮਾਨਯੋਗ ਮੰਤਰੀ ਜੀ, ਕੀ ਲੋੜ ਵੇਲੇ ਪਾਣੀ ਟੇਲਾਂ ਤੱਕ ਪਹੁੰਚੇ, ਇਸ ਲਈ ਕੋਈ ਪਲਾਨਿੰਗ ਹੈ?

**ਮੰਤਰੀ:** ਇਹ ਮੈਨੂੰ ਵੱਖਰਾ ਸਵਾਲ ਕਰ ਸਕਦੇ ਹਨ ਜੀ ਔਰ ਮੈਂ ਇਨ੍ਹਾਂ ਨੂੰ ਲਿਖਤੀ ਤੌਰ ਤੇ ਜਵਾਬ ਦੇਵਾਂਗਾ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਮੈਂ ਗੱਲ ਕੀਤੀ ਹੈ ਕਿ ਇਹ ਪਾਣੀ ਤਾਂ ਪਹੁੰਚਦਾ ਹੀ ਹੈ, ਜਦੋਂ ਪਾਣੀ ਦੀ ਲੋੜ ਨਹੀਂ ਹੁੰਦੀ, ਉਦੋਂ ਪਾਣੀ ਆਉਂਦਾ ਹੀ ਆਉਂਦਾ ਹੈ। ਉੱਥੇ ਬੜਾ ਜ਼ਰੂਰੀ ਹੈ ਕਿ ਇਹ ਰੀਚਾਰਜਿੰਗ ਵੈੱਲ ਦੀ ਤਜਵੀਜ਼ ਲੈ ਕੇ ਆਉਣ।

ਗ.ਕੌ./ਸ਼.ਜੈ./2.30/24.06.2022

**ਮਾਨਯੋਗ ਸਪੀਕਰ:** ਤੁਹਾਡੇ ਕੋਲ ਤਜਰਬਾ ਹੈ। ਤੁਸੀਂ ਮੰਤਰੀ ਸਾਹਿਬ ਕੋਲ ਬੈਠ ਕੇ ਇਸ ਦੀ ਪਲਾਨਿੰਗ ਕਰ ਲੈਣਾ ਜੀ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰ. 40

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।ਇਹ ਪ੍ਰਸ਼ਨ ਕੱਲ੍ਹ ਤੱਕ ਮੁਲਤਵੀ ਕੀਤਾ ਜਾਂਦਾ ਹੈ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 118

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਸਵਾਲ ਪੇਸ਼ ਨਹੀਂ ਹੋਇਆ)।

----

## ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਗ ਦੀ ਮੁਰੰਮਤ ਕਰਨਾ

*4. **ਸਰਦਾਰ ਮਨਪ੍ਰੀਤ ਸਿੰਘ ਇਆਲੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਗ (ਪੱਖੋਵਾਲ ਰੋਡ) ਦੀ ਖਸਤਾ ਹਾਲਤ ਦੇ ਮੱਦੇਨਜ਼ਰ ਇਸ ਸੜਕ ਦੀ ਮੁਰੰਮਤ ਕਰਨਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ :** ਇਸ ਸੜਕ ਨੂੰ ਮੁਰੰਮਤ ਕਰਨ ਦੀ ਤਜਵੀਜ਼ ਸਪੈਸ਼ਲ ਅਸਿਸਟੈਂਟ ਟੂ ਸਟੇਟਸ ਕੈਪੀਟਲ ਇਨਵੈਸਟਮੈਂਟ ਫਾਰ 2022-23 ਅਧੀਨ ਵਿੱਤ ਵਿਭਾਗ ਨੂੰ ਭੇਜੀ ਗਈ ਹੈ। ਜੇ ਵਿੱਤ ਵਿਭਾਗ ਵੱਲੋਂ ਇਸ ਮੰਤਵ ਲਈ ਫੰਡਜ਼ ਪ੍ਰਾਪਤ ਹੋ ਜਾਂਦੇ ਹਨ ਤਾਂ ਇਸ ਸੜਕ ਦੀ ਮੁਰੰਮਤ ਕਰ ਦਿੱਤੀ ਜਾਵੇਗੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਸਪੀਕਰ ਸਾਹਿਬ, ਇਹ ਸੜਕ ਤਕਰੀਬਨ ਸਾਲ 2016 ਵਿੱਚ ਬਣੀ ਸੀ। ਸਾਡੇ ਦੇਸ਼ ਦੇ ਮਹਾਨ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਜੀ ਦੇ ਨਾਮ ਤੇ ਮਾਰਗ ਦਾ ਨਾਮ ਸੀ। ਇਸ ਸੜਕ ਦੇ ਹਾਲਾਤ ਪਿਛਲੇ ਡੇਢ ਦੋ ਸਾਲਾਂ ਤੋਂ ਬਹੁਤ ਖਰਾਬ ਹਨ। ਸੜਕ ਵਿੱਚ ਟੋਏ ਪਏ ਹੋਏ ਹਨ। ਸੜਕ ਤੇ ਕਈ ਹਾਦਸੇ ਵੀ ਹੋ ਚੁੱਕੇ ਹਨ। ਹਾਦਸਿਆਂ ਕਾਰਨ ਕਈ ਮੌਤਾਂ ਵੀ ਹੋ ਚੁੱਕੀਆਂ ਹਨ। ਟੋਇਆਂ ਵਿੱਚ ਗਿਰ ਕੇ ਕਈ ਸਕੂਟਰ ਵਾਲਿਆਂ ਦੀਆਂ ਲੱਤਾਂ ਬਾਹਾਂ ਵੀ ਟੁੱਟ ਚੁੱਕੀਆਂ ਹਨ। ਪਿੰਡ ਵਾਲਿਆਂ ਨੇ ਕਈ ਵਾਰੀ ਮਿੱਟੀ ਵੀ ਪਾਈ ਹੈ। ਪਿਛਲੀ ਸਰਕਾਰ ਵੇਲੇ ਵੀ ਇਹ ਸੜਕ ਨਹੀਂ ਬਣ ਸਕੀ। ਕੀ ਮੰਤਰੀ ਸਾਹਿਬ ਦੱਸਣਗੇ ਕਿ ਕਦੋਂ ਤੱਕ ਇਹ ਸੜਕ ਬਣ ਜਾਵੇਗੀ? ਇਹ ਲੁਧਿਆਣੇ ਤੋਂ ਜਾਣ ਵਾਲੀ ਮੇਨ ਸੜਕ ਹੈ। ਇਹ ਸੜਕ ਅੱਗੇ ਰਾਏਕੋਟ ਤੱਕ ਜਾਂਦੀ ਹੈ। ਕਿਰਪਾ ਕਰਕੇ ਇਹ ਦੱਸਿਆ ਜਾਵੇ ਕਿ ਇਹ ਸੜਕ ਕਦੋਂ ਤੱਕ ਬਣਾ ਦਿੱਤੀ ਜਾਵੇਗੀ।

**ਮੰਤਰੀ:** ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਗ (ਲੁਧਿਆਣਾ-ਪੱਖੋਵਾਲ ਰੋਡ) ਇੱਕ ਪਲਾਨ ਰੋਡ ਹੈ। ਇਹ ਲੁਧਿਆਣਾ ਦੀ ਇੱਕ ਮਹੱਤਵਪੂਰਨ ਸੜਕ ਹੈ ਅਤੇ ਲੁਧਿਆਣਾ ਤੋਂ ਬਰਨਾਲਾ, ਬਠਿੰਡਾ ਜਾਣ ਲਈ ਬਾਈਪਾਸ ਦਾ ਕੰਮ ਕਰਦੀ ਹੈ। ਇਸ ਸੜਕ ਦੀ ਕੁੱਲ ਲੰਬਾਈ 26.95 ਕਿਲੋਮੀਟਰ ਹੈ ਜਿਸ ਵਿੱਚੋਂ ਆਰ.ਡੀ. 4.40 ਕਿਲੋਮੀਟਰ ਤੱਕ ਦਾ ਹਿੱਸਾ ਮਿਉਂਸਿਪਲ ਕਾਰਪੋਰੇਸ਼ਨ ਲੁਧਿਆਣਾ ਅਧੀਨ ਹੈ ਅਤੇ ਆਰ. ਡੀ. 4.40 ਕਿਲੋਮੀਟਰ ਤੋਂ 26.95 ਕਿਲੋਮੀਟਰ ਲੰਬਾਈ ਲੋਕ ਨਿਰਮਾਣ ਵਿਭਾਗ ਅਧੀਨ ਹੈ। ਲੰਬਾਈ 22.55 ਕਿਲੋਮੀਟਰ ਵਿੱਚੋਂ 8.35 ਕਿਲੋਮੀਟਰ ਵਿਧਾਨ ਸਭਾ ਹਲਕਾ ਗਿੱਲ ਅਤੇ 14.20 ਕਿਲੋਮੀਟਰ ਵਿਧਾਨ ਸਭਾ ਹਲਕਾ ਦਾਖਾਂ ਵਿੱਚ ਪੈਂਦੇ ਹਨ। ਵਿਧਾਨ ਸਭਾ ਹਲਕਾ ਗਿੱਲ ਵਿੱਚ ਪੈਂਦੇ 8.35 ਕਿਲੋਮੀਟਰ

ਦੀ ਪਿਛਲੀ ਸਰਫੈਸਿੰਗ ਮਿਤੀ 31-03-2009 ਅਤੇ ਵਿਧਾਨ ਸਭਾ ਹਲਕਾ ਦਾਖਾਂ ਵਿੱਚ ਪੈਂਦੇ 14.20 ਕਿਲੋਮੀਟਰ ਦੀ ਪਿਛਲੀ ਸਰਫੇਸਿੰਗ ਮਿਤੀ 31-08-2016 ਵਿੱਚ ਕੀਤੀ ਗਈ ਸੀ। ਹੁਣ ਲੋਕ ਨਿਰਮਾਣ ਵਿਭਾਗ ਅਧੀਨ ਪੈਂਦੀ ਪੂਰੀ ਲੰਬਾਈ 22.55 ਕਿਲੋਮੀਟਰ ਦੇ ਹਾਲਾਤ ਜਿਵੇਂ ਇਯਾਲੀ ਸਾਹਿਬ ਨੇ ਦੱਸਿਆ ਕਿ ਬਹੁਤ ਖਰਾਬ ਹਨ ਜਿਸ ਨੂੰ ਰਿਪੇਅਰ ਕਰਨ ਦੀ ਪਰਪੋਜ਼ਲ ਰਕਮੀ 23.22 ਕਰੋੜ ਰੁਪਏ ਮੱਦ ਸਪੈਸ਼ਲ ਅਸਿਸਟੈਂਟ ਟੂ ਸਟੇਟਸ ਕੈਪੀਟਲ ਇਨਵੈਸਟਮੈਂਟ ਫਾਰ 2022-23 ਅਧੀਨ ਭੇਜੀ ਹੋਈ ਹੈ, ਜੋ ਵਿੱਤ ਵਿਭਾਗ ਵੱਲੋਂ ਇਸ ਮੰਤਵ ਲਈ ਪ੍ਰਵਾਨਗੀ ਅਤੇ ਫੰਡਜ਼ ਪ੍ਰਾਪਤ ਹੁੰਦੇ ਹਨ ਤਾਂ ਇਸ ਸੜਕ ਦੀ ਮੁਰੰਮਤ ਕਰ ਦਿੱਤੀ ਜਾਵੇਗੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਇਸ ਵਿੱਚ ਜੋ ਵਾਲੀ ਗੱਲ ਨਹੀਂ ਬਣਦੀ। ਮੈਂ ਇਹ ਪੁੱਛ ਰਿਹਾ ਕਿ ਕਦੋਂ ਤੱਕ ਰਿਪੇਅਰ ਹੋ ਜਾਵੇਗੀ?

**ਮਾਨਯੋਗ ਸਪੀਕਰ:** ਮੰਤਰੀ ਸਾਹਿਬ, ਤੁਸੀਂ ਕੋਈ ਸਮਾਂਬੱਧ ਕਰ ਸਕਦੇ ਹੋ?

**ਮੰਤਰੀ:** ਇਸ ਮੈਟਰ ਨੂੰ ਫਾਇਨਾਂਸ ਡਿਪਾਰਟਮੈਂਟ ਨਾਲ ਟੇਕਅੱਪ ਕਰਾਂਗੇ। ਜਿੰਨੀ ਜਲਦੀ ਹੋ ਸਕਿਆ ਇਸ ਰੋਡ ਦੀ ਰਿਪੇਅਰ ਕਰਵਾ ਦਿੱਤੀ ਜਾਵੇਗੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਇਸ ਸੜਕ ਲਈ ਸਪੈਸ਼ਲ ਫੰਡਜ਼ ਰੱਖ ਲਏ ਜਾਣ। ਇਹ ਕੰਮ ਬਹੁਤ ਜ਼ਰੂਰੀ ਹੈ।

----

## ਸ.ਸੀ.ਸੈ. ਸਕੂਲ ਡੱਲਾ ਜ਼ਿਲ੍ਹਾ ਰੂਪਨਗਰ ਅਤੇ ਜ਼ਿਲ੍ਹਾ ਰੂਪਨਗਰ ਵਿੱਚ ਪੈਂਦੇ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰਨਾ

*46.**ਡਾਕਟਰ ਚਰਨਜੀਤ ਸਿੰਘ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਲਾ, ਜ਼ਿਲ੍ਹਾ ਰੂਪਨਗਰ ਅਤੇ ਜ਼ਿਲ੍ਹਾ ਰੂਪਨਗਰ ਵਿੱਚ ਪੈਂਦੇ ਹਾਈ ਅਤੇ ਮਿਡਲ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਕਈ ਅਸਾਮੀਆਂ ਲੰਬੇ ਸਮੇਂ ਤੋਂ ਖਾਲੀ ਪਈਆਂ ਹਨ; ਜੇਕਰ ਹਾਂ ਤਾਂ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ :** ਹਾਂ ਜੀ, ਇਹ ਠੀਕ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਲਾ, ਜ਼ਿਲ੍ਹਾ ਰੂਪਨਗਰ ਅਤੇ ਜ਼ਿਲ੍ਹਾ ਰੂਪਨਗਰ ਵਿੱਚ ਪੈਂਦੇ ਹਾਈ ਅਤੇ ਮਿਡਲ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਕਈ ਅਸਾਮੀਆਂ ਖਾਲੀ ਹਨ। ਡਿਟੇਲ ਅਨੁਲੱਗ ੳ ਤੇ ਨੱਥੀ ਹੈ। ਇਨ੍ਹਾਂ ਅਸਾਮੀਆਂ ਨੂੰ ਭਰਨ ਲਈ

ਵਿਭਾਗ ਵੱਲੋਂ ਨੇੜੇ ਭਵਿੱਖ ਵਿੱਚ ਸਿੱਧੀ ਭਰਤੀ/ਤਰੱਕੀਆਂ/ਬਦਲੀਆਂ ਰਾਹੀਂ ਭਰਨ ਲਈ ਉਪਰਾਲੇ ਕੀਤੇ ਜਾਣਗੇ।

**ਡਾਕਟਰ ਚਰਨਜੀਤ ਸਿੰਘ:** ਸਪੀਕਰ ਸਾਹਿਬ, ਪੰਜਾਬ ਵਿੱਚ ਸਿੱਖਿਆ ਦਾ ਬਹੁਤ ਅਹਿਮ ਮੁੱਦਾ ਹੈ। ਕਿਉਂਕਿ ਸਰਕਾਰੀ ਸਕੂਲਾਂ ਵਿੱਚ ਐਸ.ਸੀ. ਵਰਗ ਜਾਂ ਹੋਰ ਗਰੀਬ ਵਰਗ ਦੇ ਬੱਚੇ ਪੜ੍ਹਦੇ ਹਨ। ਸੋ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਨੂੰ ਸਮਾਂ ਬੱਧ ਕੀਤਾ ਜਾ ਸਕਦਾ ਹੈ?

ਕੁ.ਕ/ਸ਼ੁ.ਜ./2.35/24.06.2022

**ਮਾਨਯੋਗ ਸਪੀਕਰ:** ਮੰਤਰੀ ਜੀ ਕੀ ਇਸ ਨੂੰ ਸਮਾਂਬੱਧ ਕਰੋਗੇ?

**ਮੰਤਰੀ:** ਸਪੀਕਰ ਸਾਹਿਬ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਮ ਤੌਰ ਤੇ ਜਿਹੜੇ ਫੈਸਲੇ ਸਰਕਾਰਾਂ ਜਾਣ ਲੱਗੇ ਲੈਂਦੀਆਂ ਹਨ, ਮਾਨ ਸਾਹਿਬ ਦੀ ਅਗਵਾਈ ਵਿੱਚ ਉਹ ਆਉਣ ਸਾਰ ਹੀ ਲੈਣੇ ਸ਼ੁਰੂ ਕਰ ਦਿੱਤੇ ਹਨ । ਸੋ, ਅਸੀਂ ਕਿਉਂਕਿ ਮੈਂਬਰ ਸਾਹਿਬ ਨੂੰ ਸਾਰੀ ਡਿਟੇਲ ਦਿੱਤੀ ਹੋਈ ਹੈ, ਬਹੁਤ ਸਾਰੀਆਂ ਆਸਾਮੀਆਂ ਇਕੱਲੇ ਰੂਪਨਗਰ ਵਿੱਚ ਹੀ ਨਹੀਂ ਹੋਰ ਵੀ ਪੰਜਾਬ ਦੇ ਬਹੁਤ ਜ਼ਿਲ੍ਹਿਆਂ ਵਿੱਚ ਚਾਹੇ ਉਹ ਪ੍ਰਾਇਮਰੀ ਟੀਚਰਜ਼ ਹਨ, ਚਾਹੇ ਮਾਸਟਰ ਕੇਡਰ ਹਨ, ਬਹੁਤ ਸਾਰੀਆਂ ਆਸਾਮੀਆਂ ਖਾਲੀ ਪਈਆਂ ਹਨ। ਅਸੀਂ ਮਾਸਟਰ ਕੇਡਰ ਦੀਆਂ ਵੀ ਭਰਤੀਆਂ ਕਰ ਰਹੇ ਹਾਂ, ਈ.ਟੀ.ਟੀ ਦੀਆਂ 6635 ਆਸਾਮੀਆਂ ਨੂੰ ਵੀ ਤਕਰੀਬਨ ਹਫਤੇ ਦੇ ਵਿੱਚ ਅਲਾਟਮੈਂਟ ਲੈਟਰ ਦੇ ਦੇਵਾਂਗੇ। ਆਉਣ ਵਾਲੇ ਸਮੇਂ ਵਿੱਚ ਈ.ਟੀ.ਟੀ. ਦੀਆਂ ਵੀ ਅਤੇ ਮਾਸਟਰ ਕੇਡਰ ਅਤੇ ਡਾਇਰੈਕਟ ਪ੍ਰਿੰਸੀਪਲ ਆਦਿ ਦੀਆਂ ਭਰਤੀਆਂ ਕਰਾਂਗੇ। ਬੜੀ ਜਲਦੀ ਹੀ ਸਾਰੇ ਪੰਜਾਬ ਦੇ ਸਕੂਲਾਂ ਵਿੱਚ ਖਾਲੀ ਆਸਾਮੀਆਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ।

**ਡਾਕਟਰ ਚਰਨਜੀਤ ਸਿੰਘ:** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਐਜੂਕੇਸ਼ਨ ਡਿਪਾਰਟਮੈਂਟ ਵਿੱਚ ਬੇਰੁਜ਼ਗਾਰੀ ਦਾ ਮਸਲਾ ਬੜੇ ਲੰਬੇ ਸਮੇਂ ਤੋਂ ਬਹੁਤ ਹੀ ਜ਼ੋਰ ਨਾਲ ਉੱਠਦਾ ਰਿਹਾ ਹੈ। ਆਨਰੇਬਲ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਖੁੱਲ੍ਹੀ ਜਿਹੀ date ਦੇ ਦਿੱਤੀ ਹੈ ਕਿ ਭਰਤੀ ਕਰ ਦਿੱਤੀ ਜਾਵੇਗੀ। ਇਹ promise ਕਰ ਰਹੇ ਹਨ। ਲੇਕਿਨ ਸਰਕਾਰ ਬਣਨ ਤੋਂ ਬਾਅਦ ਚੀਫ ਮਨਿਸਟਰ ਸਾਹਿਬ ਦੀ ਇੱਕ ਸਪੈਸ਼ਲ ਅਨਾਊਂਸਮੈਂਟ ਸੀ ਕਿ 35,000 ਮੁਲਾਜ਼ਮਾਂ ਨੂੰ ਪੱਕੇ ਕਰਾਂਗੇ। ਜਿਨ੍ਹਾਂ ਵਿੱਚੋਂ I am sure ਬਹੁ-ਗਿਣਤੀ ਆਸਾਮੀਆਂ ਐਜੂਕੇਸ਼ਨ ਡਿਪਾਰਟਮੈਂਟ ਵਿੱਚ ਖਾਲੀ ਹਨ। ਹੁਣ ਤੁਸੀਂ ਦੇਖਿਆ ਹੈ ਕਿ ਸੰਗਰੂਰ ਵਿੱਚ ਸਭ ਤੋਂ ਜ਼ਿਆਦਾ ਧਰਨੇ ਟੀਚਰਜ਼, ਚਾਹੇ ਉਹ ਈ.ਟੀ.ਟੀ., ਟੈੱਟ ਪਾਸ, ਚਾਹੇ ਪੀ.ਟੀ.ਆਈਜ਼, ਚਾਹੇ ਬੇਰੁਜ਼ਗਾਰ ਹੋਣ, ਧਰਨੇ ਦੇ ਰਹੇ ਹਨ। ਇੱਕ ਸਿੱਪੀ ਸ਼ਰਮਾ ਲੜਕੀ ਸੀ ਜਿਸ ਨੂੰ ਕਿ ਇਲੈੱਕਸ਼ਨ ਤੋਂ ਪਹਿਲਾਂ ਆਨਰੇਬਲ ਚੀਫ ਮਨਿਸਟਰ

ਐਂਡ ਅਰਵਿੰਦ ਕੇਜਰੀਵਾਲ ਜੀ ਮੁਹਾਲੀ ਜ਼ਿਲ੍ਹੇ ਦੇ ਸੁਹਾਣੇ ਪਿੰਡ ਦੀ ਟੈਂਕੀ ਤੋਂ ਉਤਾਰ ਕੇ ਲੈ ਕੇ ਆਏ ਸਨ। ਹੁਣ ਉਹ ਸੰਗਰੂਰ ਵਿੱਚ ਟੈਂਕੀ ਤੇ ਚੜ੍ਹੀ ਹੋਈ ਸੀ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਆਨਰੇਬਲ ਚੀਫ ਮਨਿਸਟਰ ਸਾਹਿਬ, ਅਤੇ ਐਜੂਕੇਸ਼ਨ ਮਨਿਸਟਰ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਟਾਈਮ ਬਾਊਂਡ ਕਰ ਦੇਣ। ਲੋਕਾਂ ਵਿੱਚ ਬੜੀ ਬੇਚੈਨੀ ਹੈ, ਲੋਕ ਤੜਫਦੇ ਫਿਰਦੇ ਹਨ। ਧਰਨੇ ਲਗਾਉਂਦੇ ਫਿਰਦੇ ਹਨ। ਤੁਹਾਨੂੰ ਵੀ ਰੋਕਦੇ ਹੋਣਗੇ। ਤੁਹਾਡੇ ਘਰ ਦੇ ਬਾਹਰ ਵੀ ਧਰਨਾ ਲੱਗਿਆ ਸੀ। ਸੋ, ਜੇਕਰ ਤੁਸੀਂ ਕੋਈ ਟਾਈਮ ਬਾਊਂਡ ਕਰ ਦਿਓ। ਚਾਹੇ ਤਿੰਨ ਮਹੀਨੇ ਹੀ ਕਰ ਦਿਓ, ਚਾਰ ਮਹੀਨੇ ਕਰ ਦਿਓ, ਭਾਵੇਂ ਜ਼ਿਆਦਾ ਟਾਈਮ ਲੈ ਲਵੋ। ਇੱਕ ਵਾਰ ਪਤਾ ਲੱਗ ਜਾਵੇ ਕਿ ਕੁੱਲ ਕਿੰਨੀਆਂ ਆਸਾਮੀਆਂ ਖਾਲੀ ਹਨ, ਪਹਿਲੇ ਪੜਾਅ ਵਿੱਚ ਕਿੰਨੀਆਂ ਆਸਾਮੀਆਂ ਭਰਨੀਆਂ ਹਨ ਅਤੇ ਕਦੋਂ ਤੱਕ ਭਰਨੀਆਂ ਹਨ?

**ਮੰਤਰੀ:** ਸਪੀਕਰ ਸਾਹਿਬ, ਜਿਹੜੀਆਂ ਆਸਾਮੀਆਂ ਭਰਨੀਆਂ ਹਨ, ਉਨ੍ਹਾਂ ਦਾ ਇੱਕ ਪ੍ਰੋਸੀਜਰ ਹੈ। ਪਹਿਲਾਂ ਬੱਚੇ ਅਪਲਾਈ ਕਰਦੇ ਹਨ, ਫਿਰ ਟੈਸਟ ਹੁੰਦਾ ਹੈ ਅਤੇ ਫਿਰ ਟੈਸਟ ਦਾ ਰਿਜ਼ਲਟ ਆਉਂਦਾ ਹੈ। ਉਸ ਤੋਂ ਬਾਅਦ ਆਸਾਮੀਆਂ ਭਰੀਆਂ ਜਾਂਦੀਆਂ ਹਨ। ਅਸੀਂ ਲਗਾਤਾਰ ਲੱਗੇ ਹੋਏ ਹਾਂ। ਜਿੰਨੀਆਂ ਆਸਾਮੀਆਂ ਖਾਲੀ ਹਨ ਇਸ ਸਬੰਧੀ ਮੈਂਬਰ ਸਾਹਿਬ ਮੈਨੂੰ ਸਵਾਲ ਦੇ ਦੇਣ, ਮੈਂ ਸਾਰੇ ਜ਼ਿਲ੍ਹਿਆਂ ਦੀ ਡਿਟੇਲ ਦੇ ਦੇਵਾਂਗਾ। ਸਰਕਾਰ ਐਜੂਕੇਸ਼ਨ ਨੂੰ ਲੈ ਕੇ ਬੜੀ ਗੰਭੀਰ ਹੈ। ਇਹ ਕਹਿੰਦੇ ਹਨ ਕਿ ਟਾਈਮ ਬਾਊਂਡ ਕੀਤਾ ਜਾਵੇ। ਕਈ ਵਾਰ court ਵਿੱਚ litigation ਹੋ ਜਾਂਦੀਆਂ ਹਨ, ਇਨ੍ਹਾਂ court cases ਕਰਕੇ ਭਰਤੀਆਂ ਰੁਕ ਜਾਂਦੀਆਂ ਹਨ। ਪਰ ਅਸੀਂ court ਵਿੱਚ ਜਾ ਕੇ ਵੀ ਆਪਣਾ ਪੱਖ ਰੱਖ ਰਹੇ ਹਾਂ। ਅਸੀਂ ਸਾਰੀਆਂ ਭਰਤੀਆਂ ਨੂੰ ਸਿਰੇ ਚਾੜ੍ਹਨ ਦੀ ਕੋਸ਼ਿਸ਼ ਕਰ ਰਹੇ ਹਾਂ। ਮੈਂ ਸਾਰੇ ਸਦਨ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਬਹੁਤ ਜਲਦੀ ਹੀ ਸਾਰੀਆਂ ਖਾਲੀ ਪਈਆਂ ਆਸਾਮੀਆਂ ਨੂੰ ਭਰ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ:** ਬਹੁਤ ਬਹੁਤ ਧੰਨਵਾਦ ਜੀ। ਬਾਜਵਾ ਸਾਹਿਬ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸਪੀਕਰ ਸਾਹਿਬ, ਥੈਂਕ ਯੂ। ਮੈਂ ਨੌਜਵਾਨ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਇਤਲਾਹ ਦੇਣਾ ਚਾਹੁੰਦਾ ਹਾਂ ਕਿ ਮੇਰੇ ਕੋਲ ਵੀ ਸਾਲ 2002 ਤੋਂ ਸਾਲ 2007 ਤੱਕ ਇਹ ਮਹਿਕਮਾ ਰਿਹਾ ਹੈ। ਅਸੀਂ 45 ਦਿਨਾਂ ਦੇ ਵਿੱਚ 18,000 ਟੀਚਰਜ਼ ਦੀਆਂ ਆਸਾਮੀਆਂ ਦੀ ਭਰਤੀ ਕੀਤੀ ਸੀ। 18,000 teachers in 45 days, If the will is there everything can be done. ਸੋ, ਬਦਲਾਅ ਦੀ ਸਰਕਾਰ ਹੈ। ਤੁਸੀਂ ਨੌਜਵਾਨ ਹੋ, ਤੁਹਾਡੇ ਤੇ ਲੋਕਾਂ ਦੀਆਂ ਆਸਾਂ ਉਮੀਦਾਂ ਹਨ। ਜੇ ਟਾਈਮ ਬਾਊਂਡ ਕਰਨਾ ਚਾਹੋਗੇ, it can be done. There is nothing which is impossible. ਸੋ, ਮੇਰੀ ਰਿਕੁਐਸਟ ਹੈ ਕਿ ਇਸ ਨੂੰ ਟਾਈਮ ਬਾਊਂਡ ਕਰ ਦੇਵੋ।

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਤੁਹਾਡੀ will ਹੈ?

**ਮੰਤਰੀ:** ਸਪੀਕਰ ਸਾਹਿਬ ਮੈਨੂੰ ਲੱਗਦਾ ਹੈ ਕਿ ਜੇ 45 ਦਿਨਾਂ ਦੇ ਵਿੱਚ ਇੰਨੀਆਂ ਭਰਤੀਆਂ ਕਰ ਦਿੱਤੀਆਂ, ਤਾਂ 5 ਸਾਲਾਂ ਵਿੱਚ ਤਾਂ ਬਹੁਤ ਭਰਤੀਆਂ ਕਰ ਦਿੱਤੀਆਂ ਹੋਣਗੀਆਂ। (ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ)। ਫਿਰ ਤਾਂ 2002 ਵਾਲੇ ਅਜੇ ਤੱਕ ਰਿਟਾਇਰ ਵੀ ਨਹੀਂ ਹੋਏ ਹੋਣਗੇ। ਜੇ ਤੁਸੀਂ ਇੰਨੀਆਂ ਭਰਤੀਆਂ ਕਰ ਦਿੱਤੀਆਂ ਹਨ ਫਿਰ ਤਾਂ ਆਸਾਮੀਆਂ ਖਾਲੀ ਹੀ ਨਹੀਂ ਹੋਣੀਆਂ ਚਾਹੀਦੀਆਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਅੱਜ ਆਸਾਮੀਆਂ ਖਾਲੀ ਇਸੇ ਕਰਕੇ ਹਨ ਕਿਉਂਕਿ ਪਿਛਲੇ ਸਮੇਂ ਵਿੱਚ ਆਸਾਮੀਆਂ ਭਰੀਆਂ ਨਹੀਂ ਗਈਆਂ। ਜੋ ਕੰਮ 75 ਸਾਲ ਵਿੱਚ ਨਹੀਂ ਹੋਇਆ, ਉਹ ਸਾਨੂੰ ਕਹਿੰਦੇ ਹੋ ਕਿ 75 ਦਿਨਾਂ ਵਿੱਚ ਕਰ ਦੇਵੋ। ਸਰਕਾਰ ਲੱਗੀ ਹੋਈ ਹੈ। ਇਤਿਹਾਸ ਵਿੱਚ ਅੱਜ ਤੱਕ ਕਦੀ ਵੀ ਪਹਿਲੇ ਸੈਸ਼ਨ ਵਿੱਚ ਕਿਸੇ ਵੀ ਮੁੱਖ ਮੰਤਰੀ ਨੇ ਇਹ ਐਲਾਨ ਨਹੀਂ ਕੀਤਾ ਹੋਵੇਗਾ ਕਿ 35,000 ਮੁਲਾਜ਼ਮ ਪੱਕੇ ਕਰਾਂਗੇ। ਕਿਸੇ ਨੇ ਨਹੀਂ ਕਿਹਾ ਕਿ 35,000 ਨੌਕਰੀਆਂ ਕੱਢਾਂਗੇ। ਸਰ, ਤੁਸੀਂ ਪਿਛਲਾ ਸਾਰਾ ਰਿਕਾਰਡ ਕਢਵਾ ਕੇ ਦੇਖ ਲਵੋ। ਆਸਾਮੀਆਂ ਕਦੋਂ ਨਿਕਲਦੀਆਂ ਹਨ? ਜੇ ਸਾਲ 2017 ਵਿੱਚ ਇਲੈਕਸ਼ਨ ਹੋਣੀ ਹੈ ਤਾਂ 2016 ਵਿੱਚ ਨਿਕਲਦੀਆਂ ਹਨ।

ਪ.ਸ਼./ਅ.ਗੌ./2.40/24.06.2022

ਜੇ ਇਲੈਕਸ਼ਨ 2022 ਵਿੱਚ ਹੁੰਦੀ ਸੀ ਤਾਂ ਅਸਾਮੀਆਂ 2021 ਦੇ ਵਿੱਚ ਨਿਕਲਦੀਆਂ ਸਨ। ਇਹ ਸਾਡਾ ਐਜੂਕੇਸ਼ਨ ਡਿਪਾਰਟਮੈਂਟ ਹੈ, ਜਿਸ ਨੇ ਸਰਕਾਰ ਆਉਂਦੇ ਸਾਰ ਹੀ ਨੌਕਰੀਆਂ ਕੱਢ ਦਿੱਤੀਆਂ ਹਨ। ਬੱਚੇ ਤਾਂ ਸਰਕਾਰ ਬਣਨ ਦੇ ਸ਼ੁਰੂਆਤੀ ਸਾਲਾਂ ਦੇ ਵਿੱਚ ਤਿਆਰੀ ਹੀ ਨਹੀਂ ਕਰਦੇ ਸਨ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਆਸਾਮੀਆਂ ਤਾਂ ਨਿਕਲਣੀਆਂ ਹੀ ਨਹੀਂ ਅਤੇ ਜਦੋਂ ਇਲੈਕਸ਼ਨ ਈਅਰ ਆਉਂਦਾ ਸੀ ਤਾਂ ਬੱਚੇ ਤਿਆਰੀ ਕਰਨ ਲੱਗ ਜਾਂਦੇ ਸਨ ਕਿ ਹੁਣ ਅਸਾਮੀਆਂ ਆਉਣਗੀਆਂ। ਇਲੈਕਸ਼ਨ ਈਅਰ ਆਉਂਦੇ ਸਾਰ ਹੀ ਨੌਕਰੀਆਂ ਕਾਹਲੀ ਕਾਹਲੀ ਦੇ ਵਿੱਚ ਨੌਕਰੀਆਂ ਕੱਢੀਆਂ ਜਾਂਦੀਆਂ ਸਨ ਅਤੇ ਫਿਰ ਉਸ ਵਿੱਚ ਕੋਈ ਨਾ ਕੋਈ ਖਾਮੀ ਰਹਿਣ ਕਾਰਨ ਕੋਰਟ ਵੱਲੋਂ ਸਟੇਅ ਲਗਾ ਦਿੱਤਾ ਜਾਂਦਾ ਸੀ। ਮੈਂ ਬਾਜਵਾ ਸਾਹਿਬ ਦਾ ਬਹੁਤ ਸਤਿਕਾਰ ਕਰਦਾ ਹਾਂ। ਅਸੀਂ ਤਾਂ ਇਸ ਕੰਮ ਤੇ ਲੱਗੇ ਹੋਏ ਹਾਂ। ਜਦੋਂ ਤੁਹਾਡੀ ਸਰਕਾਰ ਇਲੈਕਸ਼ਨ ਏਅਰ ਵੇਲੇ ਨੌਕਰੀਆਂ ਕੱਢਦੇ ਹੁੰਦੇ ਸੀ ਤਾਂ ਕੀ ਪਤਾ ਤੁਹਾਨੂੰ ਕਾਹਲੀ ਹੁੰਦੀ ਹੋਵੇਗੀ ਕਿ ਅਸੀਂ ਵੋਟਾਂ ਲੈਂਣੀਆਂ ਹਨ। ਅਸੀਂ ਪ੍ਰਾਪਰ ਪ੍ਰੋਸੀਜਰ ਫਾਲੋ ਕਰਕੇ ਨੌਕਰੀਆਂ ਕੱਢ ਰਹੇ ਹਾਂ ਤਾਂ ਜੋ ਉਸ ਵਿੱਚ ਕੋਈ ਕਮੀ ਪੇਸ਼ੀ ਨਾ ਰਹਿ ਜਾਵੇ। ਸਾਨੂੰ ਯੂਨੀਅਨਾਂ ਵੀ ਆ ਕੇ ਮਿਲ ਰਹੀਆਂ ਹਨ। ਉਨ੍ਹਾਂ ਦੇ ਵੀ ਬੜੇ ਗਿਲੇ ਸ਼ਿਕਵੇ ਹੁੰਦੇ ਹਨ। ਕੋਈ ਕਹਿੰਦਾ ਹੈ ਸਾਨੂੰ ਇਹ ਰਿਲੈਕਸੇਸ਼ਨ ਦੇ ਦਿਓ। ਕੋਈ ਕਹਿੰਦਾ ਹੈ ਕਿ ਅਸਾਮੀਆਂ ਦੇ ਵਿੱਚ ਵਾਧਾ ਕਰ ਦਿਓ। ਸੋ, ਅਸੀਂ ਸਾਰਿਆਂ ਦੇ ਨਾਲ ਮਿਲ ਕੇ ਇਸ ਨੂੰ ਬੜੀ ਜਲਦੀ ਕੰਪਲੀਟ ਕਰਾਂਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ ਜੀ, ਇਸ ਨੌਜਵਾਨ ਹਨ। ਇਨ੍ਹਾਂ ਨੂੰ ਮਾਈਂਡ ਨਹੀਂ ਕਰਨਾ ਚਾਹੀਦਾ। We have done it. It is on record. On the floor of the House, I am committing something which has already been done. ਕੋਈ ਇਸ ਤਰ੍ਹਾਂ ਦੀ ਚੀਜ਼ ਨਹੀਂ ਹੈ। ਬੁਰਾ ਨਾ ਮਹਿਸੂਸ ਕਰੋ। ਤੁਸੀਂ well meaning ਹੋ। ਮੈਂ ਇਹ ਨਹੀਂ ਕਿਹਾ ਸੀ ਕਿ ਤੁਸੀਂ well meaning ਨਹੀਂ ਹੋ। ਤੁਸੀਂ ਨੌਕਰੀਆਂ ਕੱਢੋ ਭਾਵੇਂ ਪਹਿਲੇ ਸਾਲ ਵਿੱਚ ਜਾਂ ਅਖੀਰਲੇ ਸਾਲ ਵਿੱਚ। ਮੇਰਾ ਕਹਿਣ ਤੋਂ ਮਤਲਬ ਹੈ ਕਿ ਹੋ ਸਕਦਾ ਹੈ।

**ਮਾਨਯੋਗ ਸਪੀਕਰ**: ਤੁਸੀਂ ਹੁਣ ਬੈਠੋ। ਹਾਂ ਜੀ ਸੰਦੀਪ ਜਾਖੜ ਜੀ।

----

## ਸਰਕਾਰੀ ਮਲਟੀਸਪੈਸ਼ਲਟੀ ਪਸ਼ੂ ਚਿਕਿਤਸਾ ਹਸਪਤਾਲ ਅਤੇ ਖੇਤਰੀ ਖੋਜ ਕੇਂਦਰ ਅਬੋਹਰ ਦੀ ਮੌਜੂਦਾ ਸਥਿਤੀ

*61. **ਸ਼੍ਰੀ ਸੰਦੀਪ ਜਾਖੜ:** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਮਲਟੀਸਪੈਸ਼ਲਟੀ ਪਸ਼ੂ ਚਿਕਿਤਸਾ ਹਸਪਤਾਲ ਅਤੇ ਖੇਤਰੀ ਖੋਜ ਕੇਂਦਰ, ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਦੀ ਉਸਾਰੀ ਦੀ ਮੌਜੂਦਾ ਸਥਿਤੀ ਕੀ ਹੈ ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਪੰਜਾਬ ਸਰਕਾਰ ਵੱਲੋਂ ਸਰਕਾਰੀ ਮਲਟੀਸਪੈਸ਼ਲਿਟੀ ਪਸ਼ੂ ਚਕਿਤਸਾ ਹਸਪਤਾਲ ਅਤੇ ਖੇਤਰੀ ਖੋਜ ਕੇਂਦਰ, ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਬਣਾਉਣ ਲਈ ਸਾਲ 2020 ਵਿੱਚ ਪ੍ਰਵਾਨਗੀ ਦਿੱਤੀ ਗਈ ਸੀ, ਇਸ ਪ੍ਰੋਜੈਕਟ ਦੀ ਕੁੱਲ ਸਮਾਂ ਅਵਧੀ 2020-21 ਤੋਂ 2026-27 ਤੱਕ ਕੁੱਲ 7 ਸਾਲ ਹੈ ਜਿਸ ਦਾ ਕੁੱਲ ਬਜਟ 6213.90 ਲੱਖ ਰੁਪਏ ਮਨਜ਼ੂਰ ਕੀਤਾ ਗਿਆ ਸੀ।ਸਰਕਾਰ ਵਲੋਂ ਹਸਪਤਾਲ ਦੀ ਬਿਲਡਿੰਗ ਬਣਾਉਣ ਲਈ 10.00 ਕਰੋੜ ਰੁਪਏ ਦੀ ਗ੍ਰਾਂਟ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨਿਵਰਸਿਟੀ, ਲੁਧਿਆਣਾ ਨੂੰ ਸਾਲ 2020-21 ਵਿੱਚ ਜਾਰੀ ਕੀਤੀ ਗਈ।

ਯੂਨੀਵਰਸਿਟੀ ਵਲੋਂ ਬਿਲਡਿੰਗ/ਸਿਵਲ ਕੰਮ ਲਈ 12.60 ਕਰੋੜ ਰੁਪਏ ਅਤੇ ਇਲੈਕਟਰੀਕਲ ਕੰਮ ਲਈ 1.29 ਕਰੋੜ ਰੁਪਏ ਦਾ ਈ-ਟੈਂਡਰ ਨੋਟਿਸ ਅਪ੍ਰੈਲ, 2021 ਵਿੱਚ ਦਿੱਤਾ ਗਿਆ ਸੀ।

ਮੌਜੂਦਾ ਸਮੇਂ ਹਸਪਤਾਲ ਦੀ ਬਿਲਡਿੰਗ ਬਣਾਉਣ ਦਾ ਕੰਮ ਠੇਕੇਦਾਰ ਵਲੋਂ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ ਅਤੇ ਹੁਣ ਤੱਕ ਲਗਭਗ ਇੱਕ ਤਿਹਾਈ ਬਿਲਡਿੰਗ ਦੀ ਉਸਾਰੀ ਦਾ ਕੰਮ ਪੂਰਾ ਹੋ ਚੁੱਕਾ ਹੈ ।

**ਸ਼੍ਰੀ ਸੰਦੀਪ ਜਾਖੜ**: ਜਿਹੜਾ ਪਸ਼ੂ ਪਾਲਣ ਕਿੱਤਾ ਹੈ, It is a safety net for the farmers. ਉਹ ਕਿਸਾਨ ਦਾ ਬੀਮਾ ਹੈ। ਸਪੀਕਰ ਸਾਹਿਬ, ਮੈਂ especllly ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੈਂਕਸ਼ਨਡ ਪੋਸਟਾਂ ਹਨ, ਉਨ੍ਹਾਂ ਦਾ ਪ੍ਰਾਸੈਸ ਕਦੋਂ ਸ਼ੁਰੂ ਕੀਤਾ ਜਾਵੇਗਾ ?

**ਮੰਤਰੀ:** ਸਪੀਕਰ ਸਾਹਿਬ, ਅਸੀਂ ਪ੍ਰਾਸੈਸ ਸ਼ੁਰੂ ਕਰ ਰਹੇ ਹਾਂ। ਉਸ ਦੀ ਅਨਾਊਂਸਮੈਂਟ ਬਹੁਤ ਜਲਦੀ ਕਰ ਦਿੱਤੀ ਜਾਵੇਗੀ। ਜਿਹੜਾ ਪ੍ਰਾਸੈੱਸ ਅਸੀਂ ਤੈਅ ਕੀਤਾ ਹੈ, ਉਸ ਬੜੀ ਜਲਦੀ ਸਾਰਿਆਂ ਨੂੰ ਪਤਾ ਲੱਗ ਜਾਵੇਗਾ। ਜਿੱਥੇ ਜਿੱਥੇ ਵੀ ਨਵੇਂ ਡਾਕਟਰ ਵਗੈਰਾ ਚਾਹੀਦੇ ਹਨ, ਅਸੀਂ ਉਨ੍ਹਾਂ ਦੀ ਭਰਤੀ ਜਲਦ ਹੀ ਕਰ ਰਹੇ ਹਾਂ।

----

## ਪ੍ਰਾਈਵੇਟ ਟਰਾਂਸਪੋਟਰਾਂ ਤੋਂ ਬਕਾਇਆ ਟੈਕਸ ਵਸੂਲਣ ਦੇ ਵੇਰਵੇ

***94. ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਮਿਤੀ 16 ਮਾਰਚ 2022 ਤੱਕ ਪੰਜਾਬ ਦੇ ਪ੍ਰਾਈਵੇਟ ਟਰਾਂਸਪੋਰਟਰਾਂ ਵੱਲੋਂ ਪੰਜਾਬ ਸਰਕਾਰ ਦਾ ਕਿੰਨਾ ਟੈਕਸ ਬਕਾਇਆ ਸੀ ਅਤੇ ਉਸ ਵਿੱਚ ਕਿੰਨਾ ਹੁਣ ਤੱਕ ਜਮਾਂ ਹੋ ਚੁੱਕਿਆ ਹੈ ਵੇਰਵੇ ਸਹਿਤ ਦੱਸਿਆ ਜਾਵੇ;

(ਅ) ਮੌਜੂਦਾ ਸਮੇਂ ਤੱਕ ਕਿੰਨੀ ਰਾਸ਼ੀ ਬਕਾਇਆ ਰਹਿੰਦੀ ਹੈ ਅਤੇ ਬਕਾਇਆ ਰਾਸ਼ੀ ਵਸੂਲਣ ਸਬੰਧੀ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

**ਸਰਦਾਰ ਲਾਲਜੀਤ ਸਿੰਘ ਭੁੱਲਰ: (**ੳ) ਪੰਜਾਬ ਰਾਜ ਵਿੱਚ ਚੱਲ ਰਹੀਆਂ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਵੱਲ ਮਿਤੀ 16.03.2022 ਤੱਕ 32,67,83,644/- ਰੁਪਏ ਟੈਕਸ ਬਕਾਇਆ ਸੀ, ਜਿਸ ਵਿਚੋ 3,17,28,560/- ਰਕਮ ਦੀ ਰਿਕਵਰੀ ਹੋ ਚੁੱਕੀ ਹੈ। ਅਪ੍ਰੈਲ 2022 ਅਤੇ ਮਈ 2022 ਮਹੀਨੇ ਦੀ 10,57,38,014/- ਰੁਪਏ ਟੈਕਸ ਰਕਮ ਬਕਾਇਆ ਹੋਈ ਜਿਸ ਵਿੱਚੋਂ 5,55,31,459/- ਰੁਪਏ ਜਮ੍ਹਾਂ ਹੋ ਚੁੱਕੇ ਹਨ। ਇਸ ਤਰ੍ਹਾਂ ਮਿਤੀ 31.05.2022 ਤੱਕ ਇਹਨਾਂ ਟੈਕਸ ਡਿਫਾਲਟਰ ਕੰਪਨੀਆਂ ਵੰਨੋਂ 34,52,61,639/- ਦੀ ਰਕਮ ਬਕਾਇਆ ਹੈ।

(ਅ) ਮਿਤੀ 31.05.2022 ਤੱਕ 34,52,61,639/- ਰੁਪਏ ਰਾਸ਼ੀ ਬਕਾਇਆ ਹੈ ਅਤੇ ਵਿਭਾਗ ਵੱਲੋਂ ਇਹਨਾਂ ਡਿਫਾਲਟ ਕੰਪਨੀਆਂ ਨੂੰ ਰਿਕਵਰੀ ਲਈ ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਐਕਟ 1924 ਅਨੁਸਾਰ ਨੋਟਿਸ ਜਾਰੀ ਕੀਤੇ ਗਏ ਹਨ। ਵੱਖ-ਵੱਖ ਸਕੱਤਰ, ਆਰ.ਟੀ.ਏਜ਼ ਵੱਲੋਂ ਚੈਕਿੰਗ ਕੀਤੀ ਜਾਂਦੀ ਹੈ ਅਤੇ ਚੈਕਿੰਗ ਦੌਰਾਨ ਟੈਕਸ ਡਿਫਾਲਟਰ ਕੰਪਨੀਆਂ ਵੱਲੋ ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਐਕਟ/ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਪੰਜਾਬ ਰਾਜ ਵਿੱਚ ਡਿਫਾਲਟਰਾਂ ਤੋਂ ਟੈਕਸ ਦੀ

ਵਸੂਲੀ ਲਈ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਮਿਤੀ 04.05.2022 ਰਾਹੀਂ ਅਮਨੈਸਟੀ ਸਕੀਮ ਜਾਰੀ ਕੀਤੀ ਗਈ ਹੈ ਜਿਸ ਵਿੱਚ ਟਰਾਂਸਪੋਰਟਰਾਂ ਨੂੰ ਇਹ ਸਹੂਲਤ ਦਿੱਤੀ ਗਈ ਹੈ ਕਿ ਉਹ ਗੱਡੀਆਂ ਦਾ ਬਕਾਇਆ ਟੈਕਸ ਬਿਨਾਂ ਕਿਸੇ ਵਿਆਜ ਅਤੇ ਪਨੈਲਟੀ ਤੋਂ ਮਿਤੀ 06.05.2022 ਤੋਂ 05.08.2022 ਤੱਕ ਜਮਾਂ ਕਰਵਾ ਸਕਦੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਂ ਸਪਲੀਮੈਂਟਰੀ ਆਪਣੇ ਨੌਜਵਾਨ ਵੀਰ, ਜੋ ਕਿ ਮਾਝੇ ਦੇ ਹਨ, ਉਨ੍ਹਾਂ ਨੂੰ ਕਰਨ ਲੱਗਿਆ ਹਾਂ। ਭੁੱਲਰ ਸਾਹਿਬ, ਮੈਂ ਕੋਈ ਵੱਡੇ ਟਰਾਂਸਪੋਰਟਰ ਦਾ ਵਕੀਲ ਨਹੀਂ। ਜਿਸ ਤਰ੍ਹਾਂ ਸਾਡੇ ਰੰਧਾਵਾ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਜਿਹੜੇ ਛੋਟੇ ਟਰਾਂਸਪੋਰਟਰ ਹਨ, ਉਨ੍ਹਾਂ ਵਾਸਤੇ ਅਸੀਂ ਕੁਝ ਨਾ ਕੁਝ ਸੋਚੀਏ ਕਿਉਂਕਿ ਕਰੋਨਾ ਦੇ ਵਿੱਚ ਉਨ੍ਹਾਂ ਨੂੰ ਵੀ ਬਹੁਤ ਵੱਡੀ ਸੱਟ ਵਜੀ ਹੈ। Well wishers ਹੋਣ ਦੇ ਕਾਰਨ ਮੈਂ ਤੁਹਾਡੇ ਕੋਲ ਇਹ ਗੁਜਾਰਿਸ਼ ਕਰਾਂਗਾ ਕਿ ਜਿਸ ਤਰ੍ਹਾਂ ਤੁਸੀਂ ਲੇਡੀਜ਼ ਨੂੰ ਬੱਸਾਂ ਦੇ ਵਿੱਚ ਫ੍ਰੀ ਸਫਰ ਕਰਨ ਦੀ ਸੁਵਿਧਾ ਦਿੱਤੀ ਹੈ, ਤੁਸੀਂ ਇਸ ਤਰ੍ਹਾਂ ਦੀ ਕੋਈ ਸਕੀਮ ਇਨ੍ਹਾਂ ਲਈ ਲੈ ਆਓ। ਇਨ੍ਹਾਂ ਨੂੰ ਕੁਝ ਨਾ ਕੁਝ ਕਨਸੈਸ਼ਨ ਦਿਓ। ਜਿਹੜੀ ਬਾਰਡਰ ਬੈਲਟ ਹੈ, ਉੱਥੇ ਪ੍ਰਾਈਵੇਟ ਬੱਸਾਂ ਹੀ ਜਾਂਦੀਆਂ ਹਨ।

**ਮਾਨਯੋਗ ਸਪੀਕਰ**: ਬਾਜਵਾ ਜੀ, kindly ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕੀ ਇਸ ਤਰ੍ਹਾਂ ਦੀ ਕੋਈ ਤਜਵੀਜ਼ ਹੈ।

**24.6.2022/ਜਸ/2.45/ਟਿਵਾਣਾ**

**ਮੰਤਰੀ:** ਇਸ ਤੇ ਵਿਚਾਰ ਕਰਾਂਗੇ। ਇਸ ਤੋਂ ਇਲਾਵਾ ਜਿਹੜੇ ਪ੍ਰਾਈਵੇਟ ਬੱਸਾਂ ਵਾਲੇ ਟੈਕਸ ਡਿਫਾਲਟਰ ਸਨ, ਜਿਸ ਵਿੱਚ 6.5.2022 ਤੋਂ 5.8.2022 ਤੱਕ ਜਿਹੜਾ ਟੈਕਸ ਜਮ੍ਹਾਂ ਕਰਵਾ ਸਕਦੇ ਸੀ। ਸੀ.ਐਮ.ਸਾਹਿਬ ਦੀ ਨਾਲੇਜ ਵਿਚ ਹੋਰ ਵੀ ਲਿਆ ਦਿੱਤਾ ਗਿਆ ਹੈ, ਜਿੰਨੇ ਵੀ ਸਾਡੇ ਟਰਾਂਸਪੋਰਟਰ ਭਰਾ ਹਨ, ਜਿਨ੍ਹਾਂ ਦਾ ਇਹ ਕਾਰੋਬਾਰ ਘਾਟੇ ਵਿਚ ਚੱਲ ਰਿਹਾ ਹੈ, ਉਸ ਦੇ ਬਾਰੇ ਵੀ ਵਿਚਾਰ ਕੀਤੀ ਜਾਵੇਗੀ। ਇਹ ਮੈਂ ਖੁਦ ਜਾਣੂੰ ਹਾਂ ਕਿਉਂਕਿ ਪਿਛਲੇ ਤਿੰਨ ਮਹੀਨਿਆਂ ਤੋਂ ਮੈਂ ਟਰਾਂਸਪੋਰਟਰਾਂ ਦੀ ਹਾਲਤ ਵੇਖੀ ਹੈ, ਉਨ੍ਹਾਂ ਦੀ ਹਾਲਤ ਬਹੁਤ ਪਤਲੀ ਹੋ ਚੁੱਕੀ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਫਰੀ ਵੂਮੈਨ ਟਰੈਵਲ ਹੈ, ਕੀ ਉਸ ambit ਦੇ ਵਿੱਚ ਪ੍ਰਾਈਵੇਟ ਟਰਾਂਸਪੋਰਟਰਜ਼ ਨੂੰ ਲਿਆ ਜਾਵੇਗਾ? ਅਗਰ ਨਹੀਂ ਲਿਆ ਜਾਵੇਗਾ ਤਾਂ ਉਸ ਇਵਜ਼ ਦੇ ਵਿੱਚ ਕੀ ਪ੍ਰਾਈਵੇਟ ਟਰਾਂਸਪੋਰਟਰ ਨੂੰ ਕੋਈ ਕੰਪਨਸੇਸ਼ਨ ਦੀ ਇਨ੍ਹਾਂ ਨੇ ਸਕੀਮ ਬਣਾਈ ਹੈ ? ਧੰਨਵਾਦ ਜੀ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਇਹ ਸਵਾਲ ਵੱਖਰਾ ਬਣਦਾ ਹੈ।

**ਮਾਨਯੋਗ ਸਪੀਕਰ:** ਚਲੋ। ਅਗਰ ਤੁਸੀਂ ਜਵਾਬ ਦੇਣਾ ਚਾਹੁੰਦੇ ਹੋ ਤਾਂ ਦੇ ਦਿਉ, ਨਹੀਂ ਤਾਂ ਵੱਖਰਾ ਸਵਾਲ ਦੇ ਦੇਣ।

**ਮੰਤਰੀ:** ਇਹ ਵੱਖਰਾ ਸਵਾਲ ਕਰ ਲੈਣ ਤੇ ਜਵਾਬ ਦੇ ਦਿਆਂਗੇ।

**ਮਾਨਯੋਗ ਸਪੀਕਰ:** ਠੀਕ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੇਰੀ ਗੁਜਾਰਿਸ਼ ਹੈ ਕਿ ਇਹ ਟੈਕਸੇਸ਼ਨ ਦੇ ਨਾਲ ਜੁੜਿਆ ਹੋਇਆ ਜਵਾਬ ਹੈ, ਇਸ ਦਾ ਜਵਾਬ ਦੇਣਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਨਹੀਂ ਟੈਕਸੇਸ਼ਨ ਨਾਲ ਨਹੀਂ, ਕੋਈ ਗੱਲ ਨਹੀਂ ਵੱਖਰਾ ਸਵਾਲ ਬਣਦਾ ਹੈ, ਤੁਸੀਂ ਦਿਉ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਵੱਖਰਾ ਸਵਾਲ ਕਦੋਂ ਦਿਆਂਗੇ।

**ਮਾਨਯੋਗ ਸਪੀਕਰ:** ਪੰਜ ਸਾਲ ਪਏ ਹਨ, ਤੁਹਾਡੇ ਸਵਾਲ ਹੀ ਲਗਾਉਣੇ ਹਨ। ਨੈਕਸਟ ਸਵਾਲ, ਸ਼੍ਰੀ ਜਗਦੀਪ ਗੋਲਡੀ ਕੰਬੋਜ ਜੀ। ਮਾਨਯੋਗ ਮੁੱਖ ਮੰਤਰੀ ਸਾਹਿਬ ਜੀ। ਮੁੱਖ ਮੰਤਰੀ ਜੀ ਨੂੰ ਜਵਾਬ ਦੇਣ ਦਿਉ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੇਰੀ ਮਾਨਯੋਗ ਮੁੱਖ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਬੇਨਤੀ ਹੈ ਕਿ ਇਸ ਕਿੱਤੇ ਨਾਲ ਲਗਭਗ 60-70 ਹਜ਼ਾਰ ਫੈਮਿਲੀਜ਼ ਜੁੜੀਆਂ ਹੋਈਆਂ ਹਨ।

**ਮਾਨਯੋਗ ਸਪੀਕਰ:** ਤੁਸੀਂ ਕਾਈਂਡਲੀ ਬੈਠੋ। ਤੁਸੀਂ ਡਿਟੇਲਡ ਸਵਾਲ ਦਿਉ, ਮੈਂ ਲਗਵਾਵਾਂਗਾ, ਡਿਟੇਲ ਸਵਾਲ ਦਿਉ। ਹਾਂ ਜੀ। ਮੁੱਖ ਮੰਤਰੀ ਸਾਹਿਬ।

---

## ਸਬ ਤਹਿਸੀਲ ਅਰਨੀਵਾਲਾ ਦੇ ਵਾਟਰ ਵਰਕਸ ਦੀ ਉਸਾਰੀ ਤੇ ਆਏ ਖਰਚੇ ਦੇ ਵੇਰਵੇ

***78. ਸ਼੍ਰੀ ਜਗਦੀਪ ਕੰਬੋਜ ਗੋਲਡੀ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਬ ਤਹਿਸਲੀ ਅਰਨੀਵਾਲਾ ਵਿਖੇ ਕੋਈ ਵਾਟਰ ਵਰਕਸ ਉਸਾਰੀ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਮੁਕੰਮਲ ਕਰ ਲਿਆ ਜਾਵੇਗਾ;

(ਅ) ਕੀ ਵਾਟਰ ਵਰਕਸ ਤੇ ਕੁੱਲ ਕਿੰਨੀ ਰਾਸ਼ੀ ਖਰਚੀ ਜਾਵੇਗੀ ਅਤੇ ਹੁਣ ਤੱਕ ਕਿੰਨੀ ਰਕਮ ਖਰਚ ਕੀਤੀ ਗਈ ਹੈ, ਇਸਦੇ ਵੇਰਵੇ ਦਿੱਤੇ ਜਾਣ।

**ਸ਼੍ਰੀ ਭਗਵੰਤ ਮਾਨ:** (ੳ) ਹਾਂ ਜੀ। ਅਰਨੀਵਾਲਾ ਸ਼ੇਖ ਸੁਭਾਨ ਵਿਖੇ ਵਲਵਾਂ ਵਾਟਰ ਵਰਕਸ ਬਣਾਉਣ ਦਾ ਕੰਮ ਚੱਲ ਰਿਹਾ ਹੈ। ਇਹ ਕੰਮ ਮਿਤੀ 31.10.2022 ਤੱਕ ਮੁਕੰਮਲ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

(ਅ) ਵਾਟਰ ਵਰਕਸ ਤੇ ਕੁੱਲ 7.55 ਕਰੋੜ ਰੁਪਏ ਦੀ ਰਾਸ਼ੀ ਖਰਚੀ ਜਾਵੇਗੀ ਅਤੇ ਹੁਣ ਤੱਕ ਲਗਭਗ 4.50 ਕਰੋੜ ਰੁਪਏ ਦਾ ਖਰਚਾ ਕੀਤਾ ਜਾ ਚੁੱਕਾ ਹੈ।

**ਸ਼੍ਰੀ ਜਗਦੀਪ ਕੰਬੋਜ ਗੋਲਡੀ :** ਮੁੱਖ ਮੰਤਰੀ ਸਾਹਿਬ ਜੀ ਦਾ ਧੰਨਵਾਦ ਜੀ।

**ਮਾਨਯੋਗ ਸਪੀਕਰ:** ਮੁੱਖ ਮੰਤਰੀ ਸਾਹਿਬ, ਗੋਲਡੀ ਜੀ, ਤੁਹਾਡਾ ਧੰਨਵਾਦ ਕਰਦੇ ਹਨ।

----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 52**

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ। ਇਹ ਪ੍ਰਸ਼ਨ ਕੱਲ੍ਹ ਨੂੰ ਜਵਾਬ ਦੇਣ ਲਈ ਮੁਲਤਵੀ ਕੀਤਾ ਜਾਂਦਾ ਹੈ।

----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 112**

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ। ਇਹ ਪ੍ਰਸ਼ਨ ਕੱਲ੍ਹ ਨੂੰ ਜਵਾਬ ਦੇਣ ਲਈ ਮੁਲਤਵੀ ਕੀਤਾ ਜਾਂਦਾ ਹੈ।

----

**ਬਨੂੜ ਸ਼ਹਿਰ ਨੂੰ ਸਬ ਡਵੀਜ਼ਨ ਬਣਾਉਣਾ**

***209. ਸ਼੍ਰੀਮਤੀ ਨੀਨਾ ਮਿੱਤਲ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਨੂੜ ਸ਼ਹਿਰ ਨੂੰ ਸਬ ਡਵੀਜ਼ਨ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਬਣ ਜਾਵੇਗੀ?

**ਸ਼੍ਰੀ ਬ੍ਰਮ ਸ਼ੰਕਰ (ਜਿੰਪਾ):** ਸ਼੍ਰੀਮਤੀ ਜੀ, ਨਹੀਂ ਜੀ। ਪੰਜਾਬ ਸਰਕਾਰ ਵੱਲੋਂ ਸਥਾਪਿਤ ਪੁਨਰਗਠਨ ਕਮੇਟੀ ਦੀ ਰਿਪੋਰਟ ਦੇ ਅਧਿਆਏ 5 ਅਧੀਨ ਸਬ-ਤਹਿਸੀਲਾਂ, ਤਹਿਸੀਲਾਂ, ਜ਼ਿਲ੍ਹਿਆਂ ਦੇ ਪੁਨਰਗਠਨ ਸਬੰਧੀ

ਮਾਪਦੰਡ ਦਿੱਤੇ ਗਏ ਹਨ। ਇਸ ਅਨੁਸਾਰ ਸਬ-ਡਵੀਜ਼ਨ ਬਣਾਉਣ ਸਮੇਂ ਉਸ ਦਾ ਖੇਤਰਫਲ ਲੋਕਾਂ ਨੂੰ ਮੁਹੱਈਆ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਅਨੁਸਾਰ ਕੰਮ ਕਰਨ ਦੀ ਮਾਤਰਾ, ਆਵਾਜਾਈ ਦਾ ਰੁਝਾਨ, ਸਮਾਜਿਕ , ਉਦਯੋਗਿਕ, ਵਪਾਰਕ ਤੇ ਆਰਥਿਕ ਸੇਵਾਵਾਂ ਜਿਵੇਂ ਕਿ ਬੈਂਕ ਸਕੂਲ ਆਦਿਕ ਕੁਦਰਤੀ ਫੀਚਰ ਆਦਿ, ਇਹ ਹੈਡ ਕੁਆਰਟਰ ਦੇ ਵੱਖ ਵੱਖ ਹਿੱਸਿਆਂ ਦਾ ਫਾਸਲਾ 30 ਤੋਂ 40 ਕਿਲੋਮੀਟਰ ਹੋਣਾ ਚਾਹੀਦਾ ਹੈ। ਇਤਿਹਾਸਕ ਅਤੇ ਧਾਰਮਿਕ ਮਹੱਤਤਾ ਲੋਕਾਂ ਦੀਆਂ ਇੱਛਾਵਾਂ ਕਾਨੂੰਨਗੋ ਸਰਕਲ 4 ਤੋਂ 7 ਆਦਿ ਹੋਣੇ ਜ਼ਰੂਰੀ ਹਨ ਅਤੇ ਇਸ ਦੇ ਨਾਲ ਜ਼ਿਲ੍ਹਾ ਸਬ -ਡਵੀਜ਼ਨ, ਤਹਿਸੀਲ, ਸਬ-ਤਹਿਸੀਲ ਬਣਾਉਣ ਸਬੰਧੀ ਪਿੰਡਾਂ ਦੇ ਮਤੇ, ਰੰਗਦਾਰ ਨਕਸ਼ਾ, ਡਾਇਰੈਕਟਰ ਲੈਂਡ ਰਿਕਾਰਡ ਜਲੰਧਰ ਅਤੇ ਸਬੰਧਿਤ ਕਮਿਸ਼ਨਰ ਦੀ ਟਿੱਪਣੀ, ਤਜਵੀਜ਼ ਵੀ ਲੋੜੀਂਦੀ ਹੈ ਜੋ ਕਿ ਅਜੇ ਭੇਜੇ ਨਹੀਂ ਗਏ ਹਨ। ਇਸ ਲਈ ਬਨੂੜ ਸ਼ਹਿਰ ਨੂੰ ਸਬ-ਡਵੀਜ਼ਨ ਬਣਾਉਣ ਸਬੰਧੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਬ.ਕ./ਅਭਿ./24.6.22/2.50

**ਸ਼੍ਰੀਮਤੀ ਨੀਨਾ ਮਿੱਤਲ:** ਮਾਨਯੋਗ ਸਪੀਕਰ ਸਾਹਿਬ, ਜਿਹੜੀਆਂ ਤਜਵੀਜ਼ਾਂ ਬਾਰੇ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਇਹ ਤਜਵੀਜ਼ਾਂ ਚਾਹੀਦੀਆਂ ਹਨ, ਉਹ ਅਸੀਂ ਅੱਗੇ ਪੇਸ਼ ਕਰ ਦਿਆਂਗੇ । ਪਰ ਜਿਹੜਾ ਬਨੂੜ ਸ਼ਹਿਰ ਹੈ, ਅੱਜ ਤੱਕ ਲਈ ਇਸ ਦੇ ਨਾਲ ਇੱਕ ਵਿਤਕਰਾ ਹੋਇਆ ਹੈ।ਅੱਜ ਤੱਕ ਬਨੂੜ ਸ਼ਹਿਰ ਨਾਲ ਵਿਤਕਰਾ ਹੋਇਆ ਹੈ। ਇਹ ਚੰਡੀਗੜ੍ਹ ਦੇ ਨਾਲ ਲਗਦਾ ਸ਼ਹਿਰ ਹੈ ਪਰ ਅੱਜ ਤੱਕ ਬਨੂੜ ਦੇ ਲੋਕਾਂ ਨੂੰ ਇਹ ਸਮਝ ਨਹੀਂ ਲੱਗੀ ਕਿ ਜੇ ਪੁਲਿਸ ਦਾ ਕੰਮ ਹੈ ਤਾਂ ਪਟਿਆਲਾ ਜਾਣਾ ਹੈ ਅਤੇ ਜੇਕਰ ਸਿਵੰਨ ਦੇ ਕੰਮ ਹਨ ਤਾਂ ਮੁਹਾਲੀ ਜਾਣਾ ਹੈ।

**ਮਾਨਯੋਗ ਸਪੀਕਰ** : ਸਵਾਲ ਕਰੋ ਜੀ।

**ਸ਼੍ਰੀਮਤੀ ਨੀਨਾ ਮਿੱਤਲ** : ਇਸ ਤਰ੍ਹਾਂ ਨਾਲ ਲੋਕਾਂ ਨੂੰ ਬਹੁਤ ਪਰੇਸ਼ਾਨੀ ਹੋ ਰਹੀ ਹੈ। ਮੇਰਾ ਸਵਾਲ ਇਹ ਹੈ ਕਿ ਵਿਚਾਰ ਵਟਾਂਦਰਾ ਕਰਕੇ ਬਨੂੜ ਨੂੰ ਸਬ ਡਵੀਜ਼ਨ ਬਣਾਇਆ ਜਾਵੇ।

**ਮਾਨਯੋਗ ਸਪੀਕਰ** : ਮੰਤਰੀ ਜੀ, ਕੀ ਤੁਸੀਂ ਬਨੂੜ ਨੂੰ ਸਬ ਡਵੀਜ਼ਨ ਬਣਾਓਗੇ?

**ਮੰਤਰੀ** : ਸਪੀਕਰ ਸਾਹਿਬ, ਜੇਕਰ ਪੁਨਰਗਠਨ ਕਮੇਟੀ ਦੀਆਂ ਹਦਾਇਤਾਂ ਪੂਰੀਆਂ ਹੁੰਦੀਆਂ ਹਨ ਤਾਂ ਡੈਫੀਨੇਟਲੀ ਇਸ ਤੇ ਵਿਚਾਰ ਕਰਾਂਗੇ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਜਿਹੜਾ ਸਵਾਲ ਮੈਂ ਤੁਹਾਡੇ ਜ਼ਰੀਏ ਪੁੱਛਣਾ ਚਾਹੁੰਦਾ ਹਾਂ ਇਹ ਸਵਾਲ ਮਹਿਕਮਾ ਰੈਵੇਨਿਊ ਨਾਲ ਸਬੰਧਿਤ ਹੈ। ਸਪੀਕਰ ਸਾਹਿਬ, ਮੈਂ ਤਕਰੀਬਨ 30 ਸਵਾਲ, ਕਾਲ ਅਟੈਂਸ਼ਨ ਮੋਸ਼ਨਜ਼ ਅਤੇ ਪ੍ਰਾਈਵੇਟ ਮੈਂਬਰ ਬਿਲਜ਼ ਮੂਵ ਕੀਤੇ ਸਨ ਪਰੰਤੂ ਦੋ ਦਿਨਾਂ ਵਿੱਚ ਹਾਲੇ ਤੱਕ

ਇਕ ਹੀ ਲੱਗਿਆ ਹੈ। ਸਪੀਕਰ ਸਾਹਿਬ, ਹੁਣ ਮੌਕਾ ਹੈ ਅਤੇ ਪਬਲਿਕ ਇੰਟ੍ਰਸਟ ਦਾ ਇਸ਼ੂ ਹੈ। ਵਜ਼ੀਰ ਸਾਹਿਬ, ਸਾਰੀਆਂ ਤਹਿਸੀਲਾਂ ਵਿੱਚ ਰਜਿਸਟਰੀਆਂ ਕਿਸੇ ਨੋਟੀਫਿਕੇਸ਼ਨ ਦੇ ਅਧਾਰ ਤੇ ਬੰਦ ਹੋਈਆਂ ਹਨ। ਬਹੁਤ ਸਾਰੇ ਲੋਕ ਤੁਹਾਨੂੰ ਅਪਰੋਚ ਕਰਦੇ ਹਨ ਕਿਉਂਕਿ ਤਹਿਸੀਲਦਾਰ ਇਹੀ ਜਵਾਬ ਦਿੰਦੇ ਹਨ ਕਿ ਹੁਕਮ ਨਹੀਂ ਹੈ।

**ਮਾਨਯੋਗ ਸਪੀਕਰ** : ਖਹਿਰਾ ਸਾਹਿਬ, ਤੁਹਾਡਾ ਕੁਐਸਚਨ ਐਡਮਿਟਿਡ ਹੈ, ਉਹ ਅੱਗੇ ਆਏਗਾ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਰ, ਪੱਕਾ ਆਵੇਗਾ ਕਿਉਂਕਿ ਉਹ 13.1 ਰੂਲ ਸਬੰਧੀ ਹੈ।

**ਮਾਨਯੋਗ ਸਪੀਕਰ** : ਹਾਂ ਜੀ, ਜ਼ਰੂਰ ਆਏਗਾ।

----

## ਹਲਕਾ ਸ਼ੁਤਰਾਣਾ ਵਿਖੇ ਬਹੁ-ਤਕਨੀਕੀ ਉੱਚ ਸਿੱਖਿਆ ਕਾਲਜ ਖੋਲ੍ਹਣਾ

***103. ਸਰਦਾਰ ਕੁਲਵੰਤ ਸਿੰਘ ਬਾਜ਼ੀਗਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸ਼ੁਤਰਾਣਾ ਵਿੱਚ ਇਕ ਬਹੁਤ-ਤਕਨੀਕੀ ਉੱਚ ਸਿੱਖਿਆ ਕਾਲਜ ਖੋਲ੍ਹਣ ਦੀ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਖੋਲ੍ਹ ਦਿੱਤਾ ਜਾਵੇਗਾ?

**ਮੁੱਖ ਮੰਤਰੀ :** ਨਹੀਂ ਜੀ। ਹਲਕਾ ਸ਼ੁਤਰਾਣਾ ਵਿੱਚ ਇਕ ਬਹੁਤ-ਤਕਨੀਕੀ ਉਚ ਸਿੱਖਿਆ ਕਾਲਜ ਖੋਲ੍ਹਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸਪੀਕਰ ਸਾਹਿਬ, ਐਜੂਕੇਸ਼ਨ ਨੂੰ ਘਰ ਘਰ ਤੱਕ ਪਹੁੰਚਾਉਣ ਅਤੇ ਕੁਆਲਿਟੀ ਐਜੂਕੇਸ਼ਨ ਦੇ ਨਾਲ ਨਾਲ ਸਕਿੱਲਡ ਐਜੂਕੇਸ਼ਨ ਦੇਣ ਵਾਸਤੇ ਸਰਕਾਰ ਕਿਸੇ ਵੀ ਏਰੀਏ ਨੂੰ ਅਨਟੱਚ ਨਹੀਂ ਛੱਡੇਗੀ ਭਾਵੇਂ ਉਹ ਪੇਂਡੂ ਖੇਤਰ ਵਿੱਚ ਹੈ ਜਾਂ ਸ਼ਹਿਰੀ ਖੇਤਰ ਵਿੱਚ ਹੈ। ਜਿਹੜਾ ਮੁੰਡਾ ਜਾਂ ਕੁੜੀ ਕਾਲਜ ਵਿਚੋਂ ਪੜ੍ਹ ਕੇ ਨਿਕਲਦਾ ਹੈ, ਉਹ ਆਪਣੇ ਪੈਰਾਂ ਤੇ ਖੜ੍ਹੇ, ਇਸ ਵਾਸਤੇ ਕਿੱਤਾਮੁਖੀ ਸਿੱਖਿਆ ਦਿੱਤੀ ਜਾਵੇਗੀ ਤਾਂ ਕਿ ਉਹ ਸਟਾਰਟ ਅੱਪ ਕਰੇ। ਅਸੀਂ ਉਸ ਨੂੰ ਜਾਬ ਸੀਕਰ ਨਹੀਂ ਬਲਕਿ ਜਾਬ ਪ੍ਰੋਵਾਈਡਰ ਬਣਾਉਣਾ ਚਾਹੁੰਦੇ ਹਾਂ। ਸਪੀਕਰ ਸਾਹਿਬ, ਆਉਣ ਵਾਲੇ ਦਿਨਾਂ ਵਿੱਚ ਸਿੱਖਿਆ ਸਬੰਧੀ ਕਾਫੀ ਐਲਾਨ ਵੀ ਹੋਣ ਵਾਲੇ ਹਨ।

**ਮਾਨਯੋਗ ਸਪੀਕਰ** : ਧੰਨਵਾਦ ਜੀ।

24.6.2022 ਕਰਮਜੀਤ ਕੌਰ/ਹਰਜਿੰਦਰ ਸਿੰਘ 2.55

**ਮਾਨਯੋਗ ਸਪੀਕਰ:** ਪ੍ਰਸ਼ਨ ਖਤਮ ਹੁੰਦੇ ਹਨ। (ਵਿਘਨ) ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਸੀਂ ਪਰੈਜ਼ੈਂਟਲੀ ਚੀਫ ਮਨਿਸਟਰ ਆਫ ਪੰਜਾਬ ਹੋ, ਮੌਕੇ ਦੇ ਮੁੱਖ ਮੰਤਰੀ ਹੋ, ਮੁੱਖ ਮੰਤਰੀ ਨੂੰ ਕਰੈਡਿਟ ਲੈਣਾ ਚਾਹੀਦਾ ਹੈ, ਭਾਵੇਂ ਪਾਸਟ ਗੌਰਮਿੰਟ ਨੇ ਕੋਈ ਚੰਗਾ ਕੰਮ ਕੀਤਾ ਹੈ। (ਵਿਘਨ) ਜਦੋਂ ਤੁਸੀਂ ਪੰਜ ਸਾਲ ਬਾਅਦ ਇੱਧਰ ਆ ਕੇ ਬਹਿਣਾ ਹੈ, ਇਹ ਚੰਗੇ ਕੰਮ ਹੀ.(ਵਿਘਨ)

**ਮਾਨਯੋਗ ਸਪੀਕਰ:** ਬਾਜਵਾ ਜੀ, ਕਾਈਂਡਲੀ ਤੁਹਾਨੂੰ ਇੱਕ ਘੰਟਾ ਦਿੱਤਾ ਹੋਇਆ ਹੈ। ਤੁਸੀਂ ਉਦੋਂ ਬੋਲ ਲੈਣਾ। ਹੁਣ ਆਪਾਂ ਅਗਲੀ ਆਈਟਮ ਲੈ ਲਈਏ। (ਵਿਘਨ) ਤੁਸੀਂ ਬੋਲਣਾ ਹੀ ਹੈ, ਤੁਹਾਨੂੰ ਇੱਕ ਘੰਟਾ ਦਿੱਤਾ ਹੋਇਆ ਹੈ। ਪ੍ਰਸ਼ਨ ਕਾਲ ਖਤਮ ਹੁੰਦਾ ਹੈ। (ਵਿਘਨ) ਬੈਠੋ ਜੀ। ਸਰਦਾਰ ਪ੍ਰਗਟ ਸਿੰਘ ਜੀ, ਬੈਠੋ। ਮਾਨਯੋਗ ਮੈਂਬਰ ਸਾਹਿਬ, ਬੈਠੋ। ਬੈਠੋ ਜੀ।

----

## ANNOUNCEMENT BY THE SPEAKER REGARDING PANEL OF CHAIRMEN

**ਮਾਨਯੋਗ ਸਪੀਕਰ :** ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 13(1) ਅਧੀਨ ਮੈਂ ਹੇਠ ਲਿਖੇ ਮੈਂਬਰ ਸਾਹਿਬਾਨ ਨੂੰ ਸਭਾਪਤੀ ਨਾਮਾਂਵੰਨੀ ਲਈ ਨਾਮਜ਼ਦ ਕਰਦਾ ਹਾਂ:

1. ਸ਼੍ਰੀ ਅਮਨ ਅਰੋੜਾ
2. ਸ਼੍ਰੀ ਜੈ ਕ੍ਰਿਸ਼ਨ ਸਿੰਘ
3. ਸਰਦਾਰ ਮਨਪ੍ਰੀਤ ਸਿੰਘ ਇਆਲੀ
4. ਸਰਦਾਰ ਪਰਗਟ ਸਿੰਘ ਪੋਆਰ

----

## ANNOUNCEMENT BY THE SECRETARY

**ਸ਼੍ਰੀ ਸਕੱਤਰ:** ਮੈਂ, 15ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 16ਵੇਂ (ਵਿਸ਼ੇਸ਼) ਸਮਾਗਮ ਦੌਰਾਨ ਅਤੇ 16ਵੀਂ ਪੰਜਾਬ ਵਿਧਾਨ ਸਭਾ ਦੇ ਪਹਿਲੇ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ। ਧੰਨਵਾਦ ਜੀ।

### ਬਿਲਾਂ ਦਾ ਵਿਵਰਣ

1. ਪੰਜਾਬ ਕਾਰੋਬਾਰ ਦਾ ਅਧਿਕਾਰ (ਸੋਧਨਾ) ਬਿਲ, 2021

2. ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2021
3. ਦੀ ਪੰਜਾਬ ਲਰਨਿੰਗ ਆਫ ਪੰਜਾਬੀ ਐਂਡ ਅਦਰ ਲੈਂਗੂਏਜਿਜ਼ (ਸੋਧਨਾ) ਬਿਲ, 2021
4. ਪੰਜਾਬ ਸਬੰਧਿਤ ਕਾਲਜਿਜ਼ (ਸੇਵਾ ਦੀ ਸੁਰੱਖਿਆ) ਸੋਧਨਾ ਬਿਲ, 2021
5. ਦੀ ਪੰਜਾਬ ਕੰਟਰੈਕਟ ਫਾਰਮਿੰਗ (ਮਨਸੂਖੀ) ਬਿਲ, 2021
6. ਦੀ ਪੰਜਾਬ (ਸੰਸਥਾ ਅਤੇ ਹੋਰ ਇਮਾਰਤਾਂ) ਟੈਕਸ (ਰੱਦ) ਬਿਲ, 2021
7. ਦੀ ਪੰਜਾਬ ਫਰੂਟ ਨਰਸਰੀਜ਼ (ਅਮੈਂਡਮੈਂਟ) ਬਿਲ, 2021
8. ਦੀ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਦੂਜੀ ਸੋਧ) ਬਿਲ, 2021
9. ਪੰਜਾਬ ਨਮਿੱਤਣ ਬਿਲ, 2022
10. ਪੰਜਾਬ ਨਮਿੱਤਣ (ਲੇਖਾ-ਅਨੁਦਾਨ) ਬਿਲ, 2022

----

24.06.2022/03.00/ਹਰਪ੍ਰੀਤ ਸਿੰਘ/ਬਰਿੰਦਰਾ ਸਿੰਘ

## PRESENTATION OF THE FIRST REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ** : ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜੋ ਇਸ ਤਰ੍ਹਾਂ ਹੈ-

ਆਰਜ਼ੀ ਪ੍ਰੋਗਰਾਮ ਤੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਕਿ 24.06.2022 ਤੋਂ 30.06.2022 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਖਿਤ ਕੰਮ-ਕਾਰ ਕੀਤਾ ਜਾਵੇਗਾ-

| | |
|---|---|
| ਸ਼ੁੱਕਰਵਾਰ, 24 ਜੂਨ, 2022<br>(2.00 ਵਜੇ ਬਾਅਦ ਦੁਪਹਿਰ) | ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਰਾਜਪਾਲ ਦੇ ਭਾਸ਼ਣ ਤੇ ਬਹਿਸ। |
| ਸ਼ਨਿੱਚਰਵਾਰ, 25 ਜੂਨ, 2022<br>(09.30 ਵਜੇ ਸਵੇਰ) | ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ। |
| ਐਤਵਾਰ, 26 ਜੂਨ, 2022 | ਛੁੱਟੀ। |

| | |
|---|---|
| ਸੋਮਵਾਰ, 27 ਜੂਨ, 2022 (10.00 ਵਜੇ ਸਵੇਰ) | ਸਾਲ 2022-23 ਲਈ ਬਜਟ ਅਨੁਮਾਨ ਪੇਸ਼ ਕਰਨਾ। |
| ਮੰਗਲਵਾਰ, 28 ਜੂਨ, 2022 (10.00 ਵਜੇ ਸਵੇਰ) | ਸਾਲ 2022-23 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ |
| ਮੰਗਲਵਾਰ, 28 ਜੂਨ, 2022 (3.30 ਵਜੇ ਬਾਅਦ ਦੁਪਹਿਰ) | ਸਾਲ 2022-23 ਲਈ ਬਜਟ ਅਨੁਮਾਨਾਂ ਤੇ ਮੁੜ ਬਹਿਸ ਆਰੰਭ ਕਰਨਾ। (ਸਮਾਪਤ ਕੀਤੀ ਜਾਵੇਗੀ।) |
| ਬੁੱਧਵਾਰ, 29 ਜੂਨ, 2022 (02.30 ਵਜੇ ਬਾਅਦ ਦੁਪਹਿਰ) | ਸਾਲ 2022-23 ਲਈ ਬਜਟ ਅਨੁਮਾਨਾਂ ਦੇ ਸਬੰਧ ਵਿੱਚ ਗਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ<br>i. ਸਾਲ 2022-23 ਲਈ ਬਜਟ ਅਨੁਮਾਨਾਂ ਦੇ ਸਬੰਧ ਵਿੱਚ ਨਮਿੱਤਣ ਬਿਲ; ਅਤੇ<br>ii. ਸਾਲ 2018-19 ਅਤੇ 2019-20 ਲਈ ਭਾਰਤ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਆਡਿਟ ਰਿਪੋਰਟਾਂ ਅਤੇ ਸਾਲ 2019-20 ਅਤੇ 2020-21 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ ਅਤੇ ਨਮਿੱਤਣ ਲੇਖੇ। |
| ਵੀਰਵਾਰ, 30 ਜੂਨ, 2022 (10.00 ਵਜੇ ਸਵੇਰ) | ਗੈਰ-ਸਰਕਾਰੀ ਕੰਮ-ਕਾਰ |
| ਵੀਰਵਾਰ, 30 ਜੂਨ, 2022 (3.30 ਵਜੇ ਬਾਅਦ ਦੁਪਹਿਰ) | i. ਵਿਧਾਨਕ ਕੰਮ-ਕਾਰ; ਅਤੇ<br>ii. ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ। |

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

**ਮਾਨਯੋਗ ਸਪੀਕਰ** : ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ, ਸਿੱਖਿਆ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸਿੱਖਿਆ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਸਪੀਕਰ ਸਾਹਿਬ, ਤੁਸੀਂ ਇੱਥੇ ਬੈਠੇ ਹੁੰਦੇ ਸੀ (ਆਪਣੀਆਂ ਸੀਟਾਂ ਵੱਲ ਇਸ਼ਾਰਾ ਕਰਦੇ ਹੋਏ।) ਪਿਛਲੇ ਸਦਨ ਵਿਚ ਵਿਚ ਤੁਸੀਂ ਵੀ ਅਤੇ ਮੁੱਖ ਮੰਤਰੀ ਜੀ ਨੇ ਵੀ ਕਿਹਾ ਸੀ ਕਿ ਆਪਾਂ ਲੰਬਾ ਸੈਸ਼ਨ ਕਰਿਆ ਕਰਾਂਗੇ। ਕਿਉਂਕਿ ਆਪਾਂ ਕਹਿੰਦੇ ਹਾਂ ਕਿ ਪੁਰਾਣੀਆਂ ਸਰਕਾਰਾਂ ਨੇ ਇਹ ਮਾੜੇ ਕੰਮ ਕੀਤੇ ਪਰ ਹੁਣ ਆਪਾਂ ਵੀ ਉਸੇ ਰਾਹ ਪੈ ਗਏ। ਆਪਾਂ ਤਾਂ ਚਾਰ ਦਿਨਾਂ ਵਿਚ ਇਹ ਸੈਸ਼ਨ ਮੁਕਾ ਲੈਣਾ ਹੈ। ਇਸ ਨੂੰ ਘੱਟੋ-ਘੱਟ 15 ਦਿਨਾਂ ਦਾ ਤਾਂ ਕਰੀਏ ਕਿਉਂਕਿ ਬਿਉਰੋਕਰੇਸੀ ਦੇ ਬਣਾਏ ਕਾਗਜ਼ ਆਪਾਂ ਇੱਥੇ ਪੜ੍ਹ ਦਿੰਦੇ ਹਾਂ, ਇਸ ਵਿਚ ਆਪਣੀ ਇਨਪੁੱਟ ਤਾਂ ਕੋਈ ਨਹੀਂ ਹੈ। ਇਸ ਲਈ ਮੇਰੀ ਤੁਹਾਨੂੰ ਇਹ ਬੇਨਤੀ ਹੈ ਕਿ ਸਾਨੂੰ ਸੈਸ਼ਨ ਨੂੰ ਲੰਬਾ ਕਰਨਾ ਚਾਹੀਦਾ ਹੈ ਤਾਂ ਜੋ ਆਪਾਂ ਸਾਰੀਆਂ ਡਿਸਕਸ਼ਨਜ਼ ਕਰ ਸਕੀਏ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਪਿਛਲੀ ਵਿਧਾਨ ਸਭਾ ਵਿਚ ਪਿਛਲੇ ਸਪੀਕਰ ਸਾਹਿਬ ਨੂੰ ਆਮ ਆਦਮੀ ਪਾਰਟੀ ਵੱਲੋਂ ਮਿਤੀ 15.03.2018 ਨੂੰ ਇਕ ਰਿਪ੍ਰੈਂਜ਼ੇਂਟੇਸ਼ਨ ਦਿੱਤੀ ਗਈ ਸੀ, ਜਿਸ ਵਿਚ ਅਮਨ ਅਰੋੜਾ, ਜੈ ਕ੍ਰਿਸ਼ਨ ਰੋੜੀ, ਕੁਲਤਾਰ ਸਿੰਘ ਜੀ, ਜਨਾਬ ਅਤੇ ਉਸ ਸਮੇਂ ਦੇ ਵਿਰੋਧੀ ਧਿਰ ਦੇ ਨੇਤਾ ਸਰਦਾਰ ਹਰਪਾਲ ਸਿੰਘ ਚੀਮਾ ਜੀ ਦੇ ਦਸਤਖਤ ਹਨ। ਇਸ ਵਿਚ ਇਹ ਕਹਿ ਰਹੇ ਹਨ ਕਿ " Requesting for increasing the number of purposed sittings of the Budget Session to at least 20 days so that discussion on crucll issues of Punjab could be facilitated. ਸੋ, ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ 6 ਦਿਨ ਦਾ ਸੈਸ਼ਨ ਹੈ। ਮੇਰੇ ਖਿਆਲ ਮੁਤਾਬਿਕ ਇਹ ਹੁਣ ਤੱਕ ਦਾ ਸਭ ਤੋਂ ਛੋਟਾ ਬਜਟ ਸੈਸ਼ਨ ਹੈ। ** ** ਸਪੀਕਰ ਸਾਹਿਬ, ਹੁਣ ਗਵਰਨਰ ਐਡਰੈਸ ਤੇ ਬਹਿਸ ਹੋਣੀ ਹੈ ਫਿਰ ਬਜਟ ਤੇ ਬਹਿਸ ਹੋਣੀ ਹੈ। ਪਰ ਸਾਡੇ ਆਪੋਜੀਸ਼ਨ ਦੀ ਸਟਰੈਂਥ ਮੁਤਾਬਿਕ ਜਿਹੜੀ ਟਾਈਮ ਐਲੋਕੇਸ਼ਨ ਸਾਡੇ ਹਿੱਸੇ ਆਉਣੀ ਹੈ ਉਹ ਬਹੁਤ ਥੋੜੀ ਆਉਣੀ ਹੈ। ਤੁਸੀਂ ਸਾਨੂੰ ਪੰਜ-ਪੰਜ ਮਿੰਟ ਬਾਅਦ ਬਿਠਾਉਂਦੇ ਰਹਿਣਾ ਹੈ। ਸਪੀਕਰ ਸਾਹਿਬ, ਮੁੱਦੇ ਬਹੁਤ ਹਨ। ਕਿਸਾਨਾਂ ਦੀਆਂ ਆਤਮ ਹੱਤਿਆਵਾਂ, ਨਸ਼ਿਆਂ ਦਾ ਮਸਲਾ, ਬੇਰੁਜ਼ਗਾਰੀ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਲਾਅ ਐਂਡ ਆਰਡਰ, ਕਿੰਨੇ ਹੀ ਅਜਿਹੇ ਮਸਲੇ ਹਨ। ਸੋ, ਇਹ ਗੱਲਾਂ ਤੁਹਾਡੇ ਐਮ.ਐਲ.ਏ. ਹੀ ਪਿਛਲੇ ਸੈਸ਼ਨਾਂ ਵਿਚ ਕਹਿੰਦੇ ਕਹਿ ਰਹੇ ਸੀ।ਸਪੀਕਰ ਸਾਹਿਬ, ਐਨਾ ਛੋਟਾ ਬਜਟ ਸੈਸ਼ਨ ਤਾਂ ਕਦੇ ਹੋਇਆ ਹੀ ਨਹੀਂ। ਹੁਣ ਆਪਾਂ ਹਰ ਗੱਲ ਪੁਰਾਣੀਆਂ ਸਰਕਾਰਾਂ ਤੇ ਸੁੱਟੀ ਜਾਂਦੇ ਹਨ, ਮੈਂ ਕਹਿੰਦਾ

ਹਾਂ ਬਹੁਤ ਮਾੜਾ ਕੀਤਾ ਤਾਂ ਹੀ ਇੱਧਰ ਬੈਠੇ ਹਾਂ ਪਰ ਤੁਸੀਂ ਤਾਂ ਅੱਛਾ ਕਰੋ, ਬਦਲਾਵ ਲੈ ਕੇ ਆਓ। Let there be a free and fair discussion. ਹੁਣ ਇੱਥੇ 117 ਮੈਂਬਰ ਬੈਠੇ ਹਨ। ਮੈਨੂੰ ਪਤਾ ਹੈ ਕਿ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਇੱਥੋਂ ਸੁੱਚੇ ਮੂੰਹ ਮੁੜ ਜਾਣਾ ਹੈ ਕਿਉਂਕਿ ਉਨ੍ਹਾਂ ਤੋਂ ਬੋਲ ਹੀ ਨਹੀਂ ਹੋਣਾ ਹਾਲਾਂਕਿ ਉਹ ਬੋਲਣਾ ਚਾਹੁੰਦੇ ਹਨ ਪਰ ਸਮਾਂ ਹੀ ਨਹੀਂ ਹੋਣਾ। ਜੇਕਰ ਫਰਜ਼ ਕਰੋ 15 ਦਿਨ ਦਾ ਸੈਸ਼ਨ ਹੈ ਤਾਂ 15 question hour ਹੁੰਦੇ ਹਨ। ਹੁਣ ਛੇ ਦਿਨ ਦਾ ਸੈਸ਼ਨ ਹੈ, question hour ਵੀ 6 ਰਹਿ ਗਏ ਹਨ। Zero hour ਵੀ ਘੱਟ ਗਿਆ। ਇਹ ਮੇਰੀ ਤੁਹਾਨੂੰ humble request ਹੈ।

**ਮਾਨਯੋਗ ਸਪੀਕਰ:** ਮੈਂ ਤੁਹਾਡੀਆਂ ਜਿਹੜੀਆਂ ਭਾਵਨਾਵਾਂ ਹਨ, ਉਨ੍ਹਾਂ ਦੀ ਕਦਰ ਕਰਦਾ ਹਾਂ।

**ਮੁੱਖ ਮੰਤਰੀ: (ਬੈਠੇ-ਬੈਠੇ):** 5 ਮਿੰਟ ਇਸ ਕੰਮ ਤੇ ਲਗਾ ਦਿੱਤੇ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸੀ.ਐਮ ਸਾਹਿਬ, 5 ਮਿੰਟ ਚਾਹੀਦੇ ਹਨ। This is such an issue.

**ਮਾਨਯੋਗ ਸਪੀਕਰ:** ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਦੇਖਿਆ ਇਸੇ ਗੱਲ ਤੇ ਆ ਗਏ ਨਾ ਜੀ ਕਿ ਪੰਜ ਮਿੰਟ ਲੈ ਗਏ ਨੇ ਜੀ। ਹੁਣ ਪੰਜ ਮਿੰਟ ਵੀ ਚੁਭਦੇ ਨੇ। ਮੇਰਾ ਕਹਿਣ ਦਾ ਮਤਲਬ ਹੈ ਕਿ ਆਪਾਂ ਪਹਿਲਾਂ ਤਾਂ 20 ਸਿਟਿੰਗਜ਼ ਮੰਗਦੇ ਸੀ, ਮੈਂ ਤੁਹਾਨੂੰ humble request ਕਰ ਰਿਹਾ ਹਾਂ ਕਿ ਇਹ ਤੁਹਾਡਾ ਹੀ ਦਿੱਤਾ ਹੋਇਆ representation ਹੈ। ਮੈਂ ਪਲੀਜ਼ ਹੱਥ ਜੋੜੇ ਹਨ ਕਿ ਥੋੜ੍ਹਾ ਸੈਸ਼ਨ ਜ਼ਰੂਰ ਵਧਾਇਆ ਜਾਵੇ।

**ਮਾਨਯੋਗ ਸਪੀਕਰ:** ਮੈਂ ਤੁਹਾਡੀਆਂ ਸਾਰੀਆਂ ਭਾਵਨਾਵਾਂ ਦੀ ਕਦਰ ਕਰਦਾ ਹਾਂ। ਇਹ ਸਾਈਨ ਵੀ ਸਾਡੇ ਹਨ। ਹੋ ਸਕਦਾ ਕਿ ਤੁਹਾਡੇ ਵੀ ਸਾਈਨ ਇਸ ਦੇ ਵਿੱਚ ਹੀ ਹੋਇਆ ਕਰਦੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਇਸ ਵਾਰ ਇੱਕ ਮਜਬੂਰੀ ਰਹਿਗੀ ਕਿਉਂਕਿ vote-on-account ਮਿਤੀ 30.6.2022 ਤੱਕ ਸੀ। ਇਸੇ ਕਰਕੇ double sittings ਕੀਤੀਆਂ ਹਨ। ਘੰਟੇ ਆਪਾਂ ਪਿਛਲੀ ਸਰਕਾਰ ਨਾਲੋਂ ਵਧਾ ਦੇਣੇ ਹਨ। Sittings ਵੀ ਵਧਣਗੀਆਂ। ਨੰਬਰ 2, ਹੁਣ ਆਪਾਂ ਅੱਗੇ ਤੋਰੀਏ। ਸਰਦਾਰ ਜੈ ਕਿਸ਼ਨ ਜੀ, ਕੀ ਤੁਸੀਂ ਇਸ ਮਤੇ ਤੇ ਕੁਝ ਕਹਿਣਾ ਚਾਹੁੰਦੇ ਹੋ? ਲੀਡਰ ਆਫ ਦਿ ਆਪੋਜ਼ੀਸ਼ਨ ਖੜ੍ਹੇ ਹਨ, ਪਹਿਲਾਂ ਇਨ੍ਹਾਂ ਨੂੰ ਸੁਣ ਲਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਰ ਇਕ adjournment motion ਸਾਡੇ 12-14 ਮੈਂਬਰਜ਼ ਦੀ ਸਾਈਨ ਕੀਤੀ ਹੋਈ on a burning issue ਜਿਹੜਾ ਇਸ ਟਾਈਮ ਲਾਅ ਐਂਡ ਆਰਡਰ ਦਾ ਮਸਲਾ ਹੈ। ਸਾਡੀ ਗੁਜਾਰਿਸ਼ ਇਹ ਹੈ ਕਿ ਹਰ ਆਦਮੀ ਦੀ ਜ਼ਿੰਦਗੀ, ਸਾਡੇ senior most politician of the State ਉਨ੍ਹਾਂ ਨੂੰ ਫਿਰੌਤੀ ਦੀਆਂ ਚਿੱਠੀਆਂ, ਮਾਰਨ ਦੀਆਂ ਧਮਕੀਆਂ ਆ ਰਹੀਆਂ ਹਨ। ਮੇਰੀ ਗੁਜਾਰਿਸ਼ ਹੈ, for God sake we want to set a right precedent. ਆਪਾਂ ਪੁਰਾਣੇ ਰਾਮ ਰੌਲੇ ਵਾਲਾ ਕੰਮ ਨਾ ਕਰੀਏ। ਕਿਰਪਾ ਕਰਕੇ ਸਾਨੂੰ ਉਸ ਤੇ ਥੋੜ੍ਹਾ ਜਿਹਾ ਟਾਈਮ ਦਿੱਤਾ ਜਾਵੇ।

**ਮਾਨਯੋਗ ਸਪੀਕਰ:** ਪਹਿਲਾਂ ਇਸ ਮਤੇ ਤੇ ਜਿਹੜਾ ਮੰਤਰੀ ਜੀ ਨੇ ਪੇਸ਼ ਕੀਤਾ ਹੈ, ਉਸ ਤੇ ਬੋਲ ਲਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸਾਡੀ ਗੁਜਾਰਿਸ਼ ਹੈ ਕਿ ਪਹਿਲਾਂ ਸਾਡੀ ਐਡਜਰਨਮੈਂਟ ਮੋਸ਼ਨ ਹੈ।

**ਮਾਨਯੋਗ ਸਪੀਕਰ:** ਮੈਂ ਤੁਹਾਡੇ ਨਾਲ ਸਹਿਮਤ ਹਾਂ, ਗਵਰਨਰ ਐਡਰੈਸ ਤੇ ਖੁੱਲ੍ਹਾ ਟਾਈਮ ਦਿੱਤਾ ਜਾਵੇਗਾ। ਹੁਣ ਤੁਸੀਂ ਇਸ ਮਤੇ ਤੇ ਬੋਲ ਲਉ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਉਹ ਤਾਂ ਗਵਰਨਰ ਐਡਰੇਸ ਹੋਏਗਾ ਜੀ। (ਵਿਘਨ) ਅੱਛਾ ਸਪੀਕਰ ਸਾਹਿਬ ਜਿਹੜਾ ਮੈਨੂੰ ਜਵਾਬ ਆਇਆ, ਤੁਸੀਂ ਵੇਖੋ, With reference to your notice on an adjournment Motion No. 1 regarding the burning issue of deteriorating law and order situation and rise in crime rate in the State under the present regime. I am directed to inform you that the same has been disallowed by the Hon'ble Speaker on the following grounds: Number one - The matter is sub judice ਲਾਅ ਐਂਡ ਆਰਡਰ ਸਾਰਾ ਸਬਜੁਡਿਸ ਕਿਸ ਤਰ੍ਹਾਂ ਹੋ ਸਕਦਾ ਹੈ। ਇਕ ਕੇਸ ਤਾਂ ਹੋ ਸਕਦਾ ਹੈ। ਸਾਰਾ ਲਾਅ ਐਂਡ ਆਰਡਰ ਸਬ ਜੁਡਿਸ ਕਿਸ ਤਰ੍ਹਾਂ ਹੋ ਸਕਦਾ ਹੈ? Number 2 – The matter can be raised and the Members will have an opportunity to speak on the motion of thanks. ਸਾਡੀ ਐਨੀ ਕੁ ਗੁਜਾਰਿਸ਼ ਹੈ, ਮੇਰੀ ਬੇਨਤੀ ਸੁਣ ਲਉ, ਥੋੜ੍ਹਾ ਟਾਈਮ ਹੀ ਦੇ ਦਿਉ, ਚਾਹੇ ਬਾਅਦ ਦੇ ਵਿਚ ਦੇ ਦਿਉ। But earmark some minutes to this issue also. It is a most important issue.

**ਮਾਨਯੋਗ ਸਪੀਕਰ:** ਦੇਖੋ ਜੀ, ਇਹ ਮਾਨਯੋਗ ਸਦਨ ਇਨ੍ਹਾਂ ਪਰਾਬਲਜ਼ ਨੂੰ ਡਿਸਕਸ ਕਰਨ ਲਈ ਹੀ ਬਣਿਆ ਹੈ। ਤੁਹਾਨੂੰ ਪੂਰਾ ਸਮਾਂ ਦਿੱਤਾ ਜਾਵੇਗਾ, ਥੋੜ੍ਹਾ ਨਹੀਂ। ਬੈਠੋ ਹੁਣ। ਇਸ ਮਤੇ ਬਾਰੇ ਕੁਝ ਕਹਿਣਾ ਚਾਹੁੰਦੇ ਹੋ, ਜਿਹੜਾ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ। ਬੀ.ਏ.ਸੀ. ਦੀ ਜਿਹੜੀ ਰਿਪੋਰਟ ਹੈ, ਉਸ ਤੇ ਕੁਝ ਕਹਿਣਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਉਸ ਤੇ ਗੱਲ ਬਾਅਦ ਵਿਚ ਕਰਾਂਗੇ।

**ਮਾਨਯੋਗ ਸਪੀਕਰ:** ਤੁਸੀਂ ਤਾਂ ਸਭ ਨਾਲੋਂ ਵੱਧ ਤਜਰਬੇਕਾਰ ਹੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ ਤਜਰਬਾ ਮੇਰਾ ਬੜਾ ਹੈ ਪਰ ਜ਼ਿੰਦਗੀ ਨਾਲੋਂ ਕੀਮਤੀ ਚੀਜ਼ ਕੋਈ ਨਹੀਂ। ਬਾਕੀ ਦੇ ਤਜਰਬੇ ਤਾਂ ਇਥੇ ਹੀ ਰਹਿ ਜਾਣੇ ਹਨ ਜੇ ਸ਼ਾਮ ਨੂੰ ਗੋਲੀ ਚੱਲ ਪਈ। ਇਸ ਕਰਕੇ ਤਜਰਬਾ ਆਪਾਂ ਬਾਅਦ ਵਿਚ ਵੇਖ ਲਵਾਂਗੇ। ਤਜਰਬੇਕਾਰ ਅਸੀਂ ਬੜੇ ਹਾਂ। ਸਾਨੂੰ ਵੀ ਤਜਰਬਾ ਹੈ ਕਿ ਜਾਨ ਬਚਾਉਣੀ ਅੱਜ ਪੰਜਾਬ ਦੇ ਵਿੱਚ most important issue ਹੈ। Lets us have a discussion. Why should the Government run away from this?

**ਮਾਨਯੋਗ ਸਪੀਕਰ:** ਉਸ ਵਾਸਤੇ ਗੌਰਮਿੰਟ ਰੈਡੀ ਹੈ। ਗੌਰਮਿੰਟ ਬਿਲਕੁਲ ਜਵਾਬ ਦੇਵੇਗੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸਾਨੂੰ ਤੁਹਾਡੇ ਤੋਂ ਪੂਰਨ ਆਸ ਹੈ। You are the most well meaning person in the whole House. Our appeal to you is as the custodian of the House for God sake every single Punjabi is disturbed. ਮੇਰੀ ਗੁਜ਼ਰਿਸ਼ ਹੈ ਕਿ ਅੱਧਾ ਘੰਟਾ ਟਾਈਮ ਈਅਰ ਮਾਰਕ ਕਰ ਦਿਉ। ਭਾਵੇਂ ਲਾਸਟ ਵਿਚ ਕਰ ਦਿਉ। So that at least opposition ਦੀ ਵੀ ਗੱਲ ਸੁਣ ਲਿਆ ਕਰੋ। ਤੁਸੀਂ ਤਾਂ ਬੰਦੇ ਹੀ ਬਹੁਤ ਨੇਕ ਤੇ ਚੰਗੇ ਹੋ। ਸਾਨੂੰ ਪੂਰਾ faith ਹੈ।

**ਮਾਨਯੋਗ ਸਪੀਕਰ:** ਠੀਕ ਹੈ, ਤੁਹਾਡੀ ਗੱਲ ਆ ਗਈ ਹੈ। ਸਰਦਾਰ ਜੈ ਕਿਸ਼ਨ ਸਿੰਘ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ):** ਸਪੀਕਰ ਸਾਹਿਬ ਮੈਂ ਤਾਂ ਸਿਰਫ ਤੁਹਾਡਾ ਧੰਨਵਾਦ ਕਰਨ ਲਈ ਖੜ੍ਹਾ ਹੋਇਆ ਹਾਂ। (ਵਿਘਨ) ਮੇਰੀ ਬੇਨਤੀ ਸੁਣ ਲੈਣਾ। ਤੁਹਾਡੀ ਹੀ ਗੱਲ ਕਰਨ ਲੱਗਿਆ ਹਾਂ। (ਵਿਰੋਧੀ ਧਿਰ ਵੱਲ ਇਸ਼ਾਰਾ) ਐਮ. ਐਲ. ਏ. ਸਾਹਿਬ ਤੁਹਾਡੀ ਗੱਲ ਕਰਨ ਲੱਗਿਆ ਹਾਂ। (ਵਿਘਨ) ਮੈਂ ਤੁਹਾਡੇ ਹੱਕ ਦੀ ਗੱਲ ਕਰਨ ਲੱਗਿਆ ਹਾਂ। ਜੇ ਹੱਕ ਦੀ ਗੱਲ ਨਾ ਆਈ ਤਾਂ ਟੋਕ ਦਿਉ।

**ਮਾਨਯੋਗ ਸਪੀਕਰ:** ਸੁਣ ਲਉ।

3.10 / 24.06.2022 ਤਰਲੋਚਨ ਸਿੰਘ / ਰਜਨੀਸ਼ ਕੁਮਾਰ

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ।)

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਪੀਕਰ ਸਾਹਿਬ, ਮੈਂ ਪਿਛਲੇ ਪੰਜ ਸਾਲ ਹਾਊਸ ਦਾ ਮੈਂਬਰ ਰਿਹਾ ਹਾਂ। ਮੈਨੂੰ ਪਿਛਲੇ ਪੰਜਾਂ ਸਾਲਾਂ ਦਾ ਪਤਾ ਹੈ।ਪਿਛਲੇ 75 ਸਾਲਾਂ ਦਾ ਤਾਂ ਨਹੀਂ ਪਤਾ ਪਰ ਪਿਛਲੇ 5 ਸਾਲਾਂ ਦਾ ਪਤਾ ਹੈ। ਅਖਬਾਰਾਂ ਵਿੱਚ ਛਪਦਾ ਰਿਹਾ ਹੈ, ਲੋਕਾਂ ਵਿੱਚ ਚਰਚਾ ਰਹੀ ਹੈ ਕਿ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਨਾਲ ਲੱਖਾਂ ਰੁਪਿਆ ਇਸ ਸਦਨ ਦਾ ਖਰਚ ਆਉਂਦਾ ਹੈ। ਮੈਂ ਪਿਛਲੇ 5 ਸਾਲਾਂ ਵਿੱਚ ਨਹੀਂ ਦੇਖਿਆ ਕਿ ਸ਼ਰਧਾਂਜਲੀਆਂ ਵਾਲੇ ਦਿਨ ਵੀ ਕਿਸੇ ਨੇ ਪ੍ਰਸ਼ਨ ਕਾਲ ਕੀਤਾ ਹੋਵੇ ਜਾਂ ਬਾਅਦ ਵਿੱਚ ਕਦੇ ਸੈਸ਼ਨ ਲੱਗਾ ਹੋਵੇ। ਸ਼ਨੀਵਾਰ ਨੂੰ ਲੱਗਾ ਹੋਵੇ, ਮੈਂ ਨਹੀਂ ਦੇਖਿਆ। (ਟਰੇਜ਼ਰੀ ਬੈਂਚਿਜ਼ ਵੱਲੋਂ ਜ਼ੋਰਦਾਰ ਥੰਪਿੰਗ) ਪਰ ਅੱਜ ਪੰਜਾਬ ਦੇ ਲੋਕਾਂ ਨੂੰ ਵੀ ਸੁਕੂਨ ਮਿਲਦਾ ਹੋਵੇਗਾ। ਇਹ ਭਗਵੰਤ ਮਾਨ ਦੀ ਸਰਕਾਰ ਹੈ, ਇਹ ਲੋਕਾਂ ਦੀ ਗੱਲ ਕਰ ਰਹੀ ਹੈ।

**ਡਾਕਟਰ ਰਾਜ ਕੁਮਾਰ**: ਰੋੜੀ ਸਾਹਿਬ ਚਾਰ ਦਿਨ ਸੈਸ਼ਨ ਚੱਲਣਾ ਹੈ।

**ਮਾਨਯੋਗ ਸਪੀਕਰ** : ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ.....

**ਸਰਦਾਰ ਜੈ ਕ੍ਰਿਸ਼ਨ ਸਿੰਘ** : ਸਪੀਕਰ ਸਾਹਿਬ, ਮੈਨੂੰ ਸੁਣ ਲੈਣ। ਕਿਰਪਾ ਕਰਕੇ ਸੁਣ ਲਉ। (ਵਿਘਨ) ਜਿਹੜੀ ਵਿਰੋਧੀ ਧਿਰ ਵੱਲੋਂ ਗੱਲ ਆਈ ਹੈ.... (ਵਿਘਨ)

**ਮਾਨਯੋਗ ਸਪੀਕਰ** : ਬੈਠੋ, ਬੈਠੋ। ਹਾਂ ਜੀ ਲੀਡਰ ਆਫ ਦਿ ਆਪੋਜ਼ੀਸ਼ਨ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ you are the most learned Speaker, this side of the norther range.

**ਮਾਨਯੋਗ ਸਪੀਕਰ** : ਮੈਂ ਸਾਰਿਆਂ ਦਾ ਹੀ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੇਰੀ ਗੁਜ਼ਾਰਿਸ਼ ਹੈ ਕਿ ਜਿਹੜਾ ਤੁਸੀਂ sub judice ਦੱਸਿਆ ਹੈ, ਇਸ ਦੀ ਥੋੜ੍ਹੀ ਜਿਹੀ ਦਲੀਲ ਅਪੀਲ ਤਾਂ ਦੱਸੋ ਕਿ how can Law and Order can be sub judice. One case can be sub judice. How can you putit in the whole framework, that it is sub judice।ਇਹ ਤੁਹਾਨੂੰ ਕਿਸ ਨੇ ਰਾਇ ਦੇ ਦਿੱਤੀ।

**ਮਾਨਯੋਗ ਸਪੀਕਰ** : ਮੈਂ ਦੱਸ ਦਿੰਦਾ ਹਾਂ। ਸਰ, ਤੁਹਾਡੇ ਕੋਲ ਇਸ ਸਬਜੈਕਟ ਤੇ ਡਿਸਕਸ਼ਨ ਕਰਨ ਵਾਸਤੇ ample time ਹੈ। ਆਪਾਂ ਡਿਸਕਸ ਕਰਾਂਗੇ। (ਵਿਘਨ) ਕਿਉਂ ਇਨ੍ਹਾਂ ਚੱਕਰਾਂ ਵਿੱਚ ਪੈਂਦੇ ਹੋ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ** : ਜਾਂ ਤਾਂ ਇਸ ਵਰਡ ਨੂੰ ਡਿਲੀਟ ਕਰ ਦਿਉ। (ਵਿਘਨ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ** : ਸਪੀਕਰ ਸਾਹਿਬ, ਲੀਡਰ ਆਫ ਆਪੋਜ਼ੀਸ਼ਨ ਤੁਹਾਡੇ ਤੋਂ ਲਾਅ ਐਂਡ ਆਰਡਰ ਤੇ ਸਪੈਸ਼ਲ ਟਾਈਮ ਮੰਗ ਰਹੇ ਹਨ। ਤੁਸੀਂ ਕਹਿ ਰਹੇ ਹੋ ਕਿ ਅਸੀਂ ਗਵਰਨਰ ਐਡਰੈਸ ਤੇ ਗੱਲ ਕਰ ਲਈਏ। ਸਾਡੀ ਤੁਹਾਨੂੰ ਹੱਥ ਜੋੜ ਕੇ ਸਨਿਮਰ ਬੇਨਤੀ ਹੈ ਕਿ ਕਿਰਪਾ ਕਰਕੇ ਸਾਨੂੰ what he asks is for half an hour on Law and Order ਤੇ ਵੱਖਰੀ ਬਹਿਸ ਕਰਵਾ ਦਿਉ।

**ਮਾਨਯੋਗ ਸਪੀਕਰ** : ਦੇਖੋ, ਇਹ ਹਾਊਸ ਪੰਜਾਬ ਦੇ ਮੁੱਦਿਆਂ ਦੀ ਡਿਸਕਸ਼ਨ ਕਰਨ ਵਾਸਤੇ ਹੀ ਬਣਿਆ ਹੈ। ਬਿਲਕੁਲ ਡਿਸਕਸ਼ਨ ਕਰਾਂਗੇ। (ਵਿਘਨ) (ਸ਼ੋਰ) ਜਿਹੜਾ ਬੀ.ਏ.ਸੀ. ਦਾ ਮਤਾ ਹੈ, ਪਹਿਲਾਂ ਇਸ ਨੂੰ ਫਾਈਨਲ ਕਰ ਲਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਸਾਡੇ ਆਨਰੇਬਲ ਚੀਫ ਮਨਿਸਟਰ ਸਾਹਿਬ ਦੀ ਖੁਦ ਦੀ ਸਟੇਟਮੈਂਟ ਹੈ ਕਿ ਮੇਰੀ ਆਪਣੀ ਜਾਨ ਖਤਰੇ ਵਿੱਚ ਹੈ। ਜਿੱਥੇ ਚੀਫ ਮਨਿਸਟਰ ਦੀ ਆਪਣੀ ਜਾਨ ਖਤਰੇ ਵਿੱਚ ਹੋਵੇ..... (ਵਿਘਨ) (ਸ਼ੋਰ) ਚੀਫ ਮਨਿਸਟਰ ਸਾਹਿਬ ਸਟੇਟਮੈਂਟ ਦੇ ਰਹੇ ਹਨ ਕਿ ਮੇਰੀ ਆਪਣੀ ਜਾਨ ਖਤਰੇ ਵਿੱਚ ਹੈ, ਫਿਰ ਮੈਨੂੰ ਦੱਸੋ ਕਿ ਜੇ ਅਸੀਂ ਇਸ ਤੇ ਵੀ ਡਿਸਕਸ਼ਨ ਨਹੀਂ ਕਰਨੀ ਤਾਂ ਫਿਰ ਕਿਸ ਤੇ ਡਿਸਕਸ਼ਨ ਕਰਨੀ ਹੈ।

**ਮਾਨਯੋਗ ਸਪੀਕਰ** : ਇਸ ਲਈ ਜ਼ੀਰੋ ਆਵਰ ਹੈ। ਸਭ ਕੁਝ ਹੈ। (ਵਿਘਨ) We have everything. Kindly ਤੁਸੀਂ ਬੈਠੋ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

----

## MATTERS RAISED DURING ZERO HOUR

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਪੀਕਰ ਸਾਹਿਬ, ਜ਼ੀਰੋ ਆਵਰ ਵਿੱਚ ਮੇਰੀ ਪਹਿਲੀ ਗੁਜ਼ਾਰਿਸ਼ ਇਹ ਹੈ ਕਿ ਸਟੇਟ ਦੇ ਮੁੱਖ ਮੰਤਰੀ, who is Head of the State, ਸਟੇਟਮੈਂਟ ਦੇ ਰਹੇ ਹਨ ਕਿ ਮੇਰੀ ਆਪਣੀ ਜਾਨ ਖਤਰੇ ਵਿੱਚ ਹੈ ਅਤੇ ਤੁਸੀਂ ਡਿਸਕਸ਼ਨ ਅਲਾਉ ਨਹੀਂ ਕਰਦੇ। Can there be anything more important than the life of our Hon'ble Chief Minister? ਇਹ ਸਾਨੂੰ ਬਹੁਤ ਪਿਆਰੇ ਹਨ। ਇਹ ਬਹੁਤ ਸੀਰੀਅਸ ਮੈਟਰ ਹੈ, ਜੇ ਇਸ ਤੇ ਡਿਸਕਸ਼ਨ ਨਹੀਂ ਹੋਣੀ ਤਾਂ ਫਿਰ ਕਿਸ ਤੇ ਹੋਵੇਗੀ। ਜਾਂ ਇਹ ਇਸ ਗੱਲ ਦਾ ਜਵਾਬ ਦੇ ਦੇਣ ਕਿ ਗਲਤੀ ਨਾਲ ਮੇਰੀ ਵੀਡਿਉ ਆ ਗਈ ਹੈ। ਜਵਾਬ ਦੇ ਦੇਣ ਤਾਂ ਮੈਂ ਬਹਿ ਜਾਂਦਾ ਹਾਂ। ਚੀਫ ਮਨਿਸਟਰ ਸਾਹਿਬ ਨੇ ਇਹ ਮੈਸੇਜ ਦਿੱਤਾ ਹੈ ਤਾਂ ਆਮ ਪੰਜਾਬੀ ਦੀ ਜ਼ਿੰਦਗੀ ਕਿਸ ਤਰ੍ਹਾਂ ਮਹਿਫੂਜ਼ ਹੋਵੇਗੀ? If the Head of the State himself concedes that my life is in danger, then everybody is perturbed in the State.ਅਸੀਂ ਗੁਜਾਰਿਸ਼ ਕਰ ਰਹੇ ਹਾਂ ਕਿ ਅੱਧੇ ਘੰਟੇ ਵਾਸਤੇ ਇਸ ਤੇ ਬਹਿਸ ਰੱਖ ਲਉ। ਜਿੱਥੇ ਚੀਫ ਮਨਿਸਟਰ ਸਾਹਿਬ ਦੀ ਲਾਈਫ ਖਤਰੇ ਵਿੱਚ ਹੈ, ਜੇ ਉਹ ਇਸ਼ੂ ਡਿਸਕਸ ਨਹੀਂ ਕਰਨਾ ਤਾਂ ਬਾਕੀ ਦੇ PAC and DAC ਤੋਂ ਆਪਾਂ ਕੀ ਲੈਣਾ ਹੈ।

**ਮਾਨਯੋਗ ਸਪੀਕਰ** : ਬਿਲਕੁਲ ਤੁਹਾਡੇ ਇਨ੍ਹਾਂ ਸਾਰੇ ਕੰਨਸਰਨਾਂ ਦਾ ਜਵਾਬ ਸੀ.ਐਮ. ਸਾਹਿਬ ਦੇਣਗੇ।

**Sardar Partap Singh Bajwa**: It is very very concerning. ਜਾਂ ਤਾਂ ਜਵਾਬ ਦੇਣ ਕਿ ਇਹ ਇਨ੍ਹਾਂ ਤੋਂ ਗਲਤੀ ਨਾਲ ਕਿਹਾ ਗਿਆ ਹੈ ਤਾਂ ਕਿ ਸਾਨੂੰ ਵੀ ਐਸ਼ੋਰੈਂਸ ਹੋ ਜਾਵੇ। ਤੁਹਾਡੀ ਜਾਨ ਸਾਨੂੰ ਬਹੁਤ ਪਿਆਰੀ ਹੈ।(ਵਿਘਨ)

**ਮੁੱਖ ਮੰਤਰੀ (ਬੈਠੇ-ਬੈਠੇ)** : ਤੁਹਾਡੀ ਗੌਰਮਿੰਟ ਵੇਲੇ ਵੀ ਇਸ ਤਰ੍ਹਾਂ ਹੀ ਹੁੰਦਾ ਸੀ। (ਵਿਘਨ)

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ ਜਵਾਬ ਦੇਣਗੇ। ਕੱਲ੍ਹ ਇਨ੍ਹਾਂ ਦੇ ਜਵਾਬ ਲਈ ਸਮਾਂ ਹੈ। ਬਿਲੁਕਲ ਜਵਾਬ ਦੇਣਗੇ। ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਅਸੀਂ ਦੇਖੋ ਗੱਲ ਕਰ ਰਹੇ ਹਾਂ। (ਸਕਿਉਰਿਟੀ ਸਟਾਫ ਵੱਲ ਇਸ਼ਾਰਾ ਕਰਦੇ ਹੋਏ) ਆਹ ਅਗਨੀਪਥ ਵਾਲੇ ਤੁਸੀਂ ਪਹਿਲਾਂ ਹੀ ਸੱਦ ਲਏ। ਸਾਡਾ ਇਹੋ ਜਿਹਾ ਕੋਈ ਕੰਮ ਨਹੀਂ ਹੈ ਕਿ ਇਨ੍ਹਾਂ ਨੂੰ ਸਾਰਿਆਂ ਨੂੰ ਲਾਈਨ ਵਿੱਚ ਲਵਾ ਲਿਆ ਹੈ।

**ਮਾਨਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ। ਆਪਾਂ ਬਹਿਸ ਸ਼ੁਰੂ ਕਰੀਏ। ਡਿਸਕਸ਼ਨ ਕਰੀਏ। (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਡਿਸਕਸ਼ਨ ਵੀ ਕਰਾਂਗੇ ਜੀ। ਸਾਨੂੰ ਅੱਧਾ ਘੰਟਾ ਲਾਅ ਐਂਡ ਆਰਡਰ ਦੀ ਬਹਿਸ ਲਈ ਦੇ ਦਿਉ। (ਵਿਘਨ) (ਸ਼ੋਰ)

ਮ/ ਰ.ਕ./ 3.15/ 24.06.2022

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਆਪਾਂ ਬਹਿਸ ਸ਼ੁਰੂ ਕਰੀਏ ਜੀ, ਡਿਸਕਸ਼ਨ ਸ਼ੁਰੂ ਕਰੀਏ। (ਵਿਘਨ) ਜ਼ੀਰੋ ਆਵਰ, ਖਹਿਰਾ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਰ, ਗੱਲ ਇਹ ਹੈ ਕਿ ਜਿਹੜੀ ਗੱਲ ਲੀਡਰ ਆਫ ਦਿ ਆਪੋਜ਼ੀਸ਼ਨ ਉਠਾ ਰਹੇ ਹਨ ਉਹ ਇਕੱਲੇ ਚੀਫ ਮਨਿਸਟਰ ਸਾਹਿਬ ਨੂੰ ਹੀ threat calls ਨਹੀਂ ਆਈਆਂ ਹਨ, ਪੁਰਾਣਿਆਂ ਨੂੰ ਹੀ ਨਹੀਂ ਆਈਆਂ ਹਨ ਬਲਕਿ ਆੜ੍ਹਤੀਆਂ ਨੂੰ, ਸਰਪੰਚਾਂ ਨੂੰ, ਡਾਕਟਰਾਂ ਨੂੰ ਪੰਜਾਬ ਭਰ ਵਿੱਚ ਬਹੁਤ ਲੋਕ ransom ਦੇ ਚੁੱਕੇ ਹਨ, ਡਿਪਟੀ ਚੀਫ ਮਨਿਸਟਰ ਓ.ਪੀ. ਸੋਨੀ, ਚਲੋ ਪੁਲੀਟੀਕਲ ਬੰਦਿਆਂ ਨੂੰ ਤਾਂ ਛੱਡੋ। ਜਿਹੜੇ ਆਮ ਸਧਾਰਨ ਵਿਅਕਤੀ ਵਪਾਰੀ ਹਨ ਉਨ੍ਹਾਂ ਨੂੰ unknown numbers ਤੋਂ ਕਾਲ ਆਉਂਦੀਆਂ ਹਨ ਕਿਉਂਕਿ ਹਾਲਾਤ ਦਹਿਸ਼ਤ ਵਾਲੇ ਹਨ ਤੇ ਉਹ ਡਰਦੇ ਹੋਏ ਪੁਲੀਸ ਨੂੰ ਰਿਪੋਰਟ ਹੀ ਨਹੀਂ ਕਰ ਰਹੇ ਹਨ। ਸਾਡੇ ਮੁਕਤਸਰ ਦੇ ਲੋਕਾਂ ਨੇ ਪੀ.ਸੀ.ਸੀ. ਦੇ ਪ੍ਰੈਜ਼ੀਡੈਂਟ ਨੂੰ ਕੰਨਫੈਸ ਕੀਤਾ ਕਿ

ਅਸੀਂ ਸ਼ਿਕਾਇਤ ਨਹੀਂ ਦਿੱਤੀ ਹੈ ਤੇ ਪੈਸੇ ਦੇ ਆਏ ਹਾਂ। ਸੋ, ਇਹ ਇੰਪਾਰਟੈਂਟ ਇਸ਼ੂ ਸਾਡੇ ਲੀਡਰ ਆਫ ਦੀ ਆਪੋਜ਼ੀਸ਼ਨ ਉਠਾਉਣਾ ਚਾਹੁੰਦੇ ਹਨ, ਇਸੇ ਤੇ ਅਸੀਂ ਡਿਸਕਸ਼ਨ ਮੰਗ ਰਹੇ ਹਾਂ। ਇਸੇ ਲਈ ਅਸੀਂ ਕਹਿੰਦੇ ਹਾਂ ਕਿ ਸੈਸ਼ਨ ਜ਼ਿਆਦਾ ਲੰਬਾ ਵਧਾਉਣਾ ਚਾਹੀਦਾ ਹੈ ਤਾਂ ਕਿ ਖੁੱਲ ਕੇ ਸਾਰੀਆਂ ਗੱਲਾਂ ਤੇ ਡਿਬੇਟ ਹੋ ਜਾਵੇ। ਇਸ ਤੋਂ ਜ਼ਿਆਦਾ ਅਸੀਂ ਕੀ ਮੰਗਣਾ ਹੈ? ਸਪੀਕਰ ਸਾਹਿਬ, ਸਾਡਾ ਕੋਈ ਪਰਸਨਲ ਇਸ਼ੂ ਤਾਂ ਨਹੀਂ ਹੈ।

**ਮਾਨਯੋਗ ਸਪੀਕਰ:** ਕੀ ਹੋਰ ਕੋਈ ਮਾਨਯੋਗ ਮੈਂਬਰ ਜ਼ੀਰੋ ਆਵਰ ਤੇ ਬੋਲਣਾ ਚਾਹੁੰਦਾ ਹੈ? ਸਰਦਾਰ ਸੁਖਪਾਲ ਸਿੰਘ ਖਹਿਰਾ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇਨ੍ਹਾਂ ਦੀ ਗੱਲ ਕੰਪਲੀਟ ਹੋ ਲੈਣ ਦਿਓ ਜੀ।

**ਮਾਨਯੋਗ ਸਪੀਕਰ:** ਮੈਂ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਜ਼ੀਰੋ ਆਵਰ ਦਾ ਆਪਾਂ ਸਾਰਥਕ ਤੌਰ ਤੇ ਯੂਜ਼ ਕਰ ਲਈਏ। ਤੁਹਾਡੀ ਗੱਲ ਆ ਗਈ ਹੈ, ਸਰਦਾਰ ਸੁਖਪਾਲ ਸਿੰਘ ਖਹਿਰਾ ਦੀ ਗੱਲ ਆ ਗਈ ਹੈ। ਸਰਦਾਰ ਮਨਜੀਤ ਸਿੰਘ ਬਿਲਾਸਪੁਰ ਜੀ। (ਵਿਘਨ)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅਸੀਂ ਬੈਠ ਜਾਵਾਂਗੇ। ਮੁੱਖ ਮੰਤਰੀ ਸਾਹਿਬ ਬਿਆਨ ਦੇਣ ਕਿ ਇਹ ਸਟੇਟਮੈਂਟ ਇਨ੍ਹਾਂ ਨੇ ਕਿਉਂ ਦਿੱਤੀ ਹੈ। ਜੇ ਦਿੱਤੀ ਹੈ ਤਾਂ Who are the people behind it? ਉਨ੍ਹਾਂ ਦੀ ਜਾਨ ਖਤਰੇ ਵਿੱਚ ਹੈ।

**ਮਾਨਯੋਗ ਸਪੀਕਰ:** ਇਹ ਕੱਲ੍ਹ ਆਪਣਾ ਜਵਾਬ ਦੇਣਗੇ। ਮੁੱਖ ਮੰਤਰੀ ਸਾਹਿਬ ਕੱਲ੍ਹ ਜਵਾਬ ਦੇਣਗੇ। ਬਿਲਕੁਲ ਦੇਣਗੇ। ਸਰਦਾਰ ਮਨਜੀਤ ਸਿੰਘ ਬਿਲਾਸਪੁਰ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕੀ ਕੱਲ੍ਹ ਇਹ ਕੁੱਲੂ ਮਨਾਲੀ ਤੋਂ ਜਵਾਬ ਦੇਣਗੇ?

**ਮਾਨਯੋਗ ਸਪੀਕਰ:** ਨਹੀਂ ਇੱਥੇ ਹੀ ਦੇਣਗੇ। ਬੈਠੋ, ਬੈਠੋ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.) :** ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ। (ਵਿਘਨ)

**ਮਾਨਯੋਗ ਸਪੀਕਰ:** ਹੁਣ ਉਨ੍ਹਾਂ ਦੀ ਗੱਲ ਪੂਰੀ ਹੋਣ ਦਿਓ। ਤੁਸੀਂ ਆਨਰੇਬਲ ਲੀਡਰ ਹੋ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਸਰ, ਮੈਂ ਬੜਾ ਹੈਰਾਨ ਹਾਂ ਕਿ ਲਾਅ ਐਂਡ ਆਰਡਰ ਦੀ ਗੱਲ ਕਰ ਕੌਣ ਕਰ ਰਹੇ ਹਨ। (ਵਿਘਨ, ਸ਼ੋਰ)

**ਮੁੱਖ ਮੰਤਰੀ:** ਤੁਸੀਂ ਅੱਧੇ ਘੰਟੇ ਤੋਂ ਟਾਈਮ ਵੇਸਟ ਕਰ ਰਹੇ ਹੋ।

**ਮਾਨਯੋਗ ਸਪੀਕਰ:** ਬਾਜਵਾ ਜੀ, ਸੀ.ਐਮ. ਸਾਹਿਬ ਬੈਠੋ। ਮੈਂ ਮਾਨਯੋਗ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਹੁਣ ਸਦਨ ਦੀ ਕਾਰਵਾਈ ਚਲਾਈਏ। ਤੁਹਾਨੂੰ ਮੁੱਖ ਮੰਤਰੀ ਸਾਹਿਬ ਕੱਲ੍ਹ ਜਵਾਬ ਦੇਣਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕੱਲ੍ਹ ਕਿਵੇਂ ਦੇਣਗੇ?

**ਮਾਨਯੋਗ ਸਪੀਕਰ:** ਮੈਂ ਬੈਠਾ ਹਾਂ, ਮੈਂ ਤੁਹਾਨੂੰ ਜਵਾਬ ਲੈ ਕੇ ਦਿਆਂਗਾ। ਮੈਂ ਜਵਾਬ ਲੈ ਕੇ ਦੇਣਾ ਹੈ। He is continuing.

**ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਸਪੀਕਰ ਸਾਹਿਬ, ਇਹ ਜਿਹੜੇ ਲਾਅ ਐਂਡ ਆਰਡਰ ਦੀ ਗੱਲ ਕਰ ਰਹੇ ਹਨ ਇਹ ਮਾਨ ਸਰਕਾਰ ਪਿੱਛੋਂ ਨਹੀਂ ਲੈ ਕੇ ਆਈ ਹੈ, ਕਿਉਂਕਿ ਮਾਨ ਸਰਕਾਰ ਬਣੀ ਨੂੰ ਅਜੇ ਤਿੰਨ ਮਹੀਨੇ ਹੀ ਹੋਏ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਆਪਣੀ ਇੱਕ ਵਾਰੀ ਸਲਾਹ ਕਰ ਲਓ ਕਿ ਕੀ ਕਰਨਾ ਹੈ। ਹਾਂ ਜੀ, ਬੋਲੋ ਜੀ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਸਪੀਕਰ ਸਾਹਿਬ, ਅਸਲ ਵਿੱਚ ਕਈ ਵਾਰੀ ਦਾਦੇ ਦੀਆਂ ਕੀਤੀਆਂ ਹੋਈਆਂ ਪੋਤੇ ਨੂੰ ਭਰਨੀਆਂ ਪੈਂਦੀਆਂ ਹਨ। ਜਿਹੜੇ 2007 ਤੋਂ ਯੂਨੀਵਰਸਿਟੀਆਂ, ਕਾਲਜਾਂ ਵਿੱਚ ਗੈਂਗਸਟਰ ਪੈਦਾ ਹੋਣੇ ਸ਼ੁਰੂ ਹੋਏ ਹਨ ਤੇ ਜਿਹੜਾ ਲੰਮਾ ਸਮਾਂ ਸਰਦਾਰ ਪਰਕਾਸ਼ ਸਿੰਘ ਬਾਦਲ ਔਰ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਕੀਤਾ ਹੈ, ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਕਈ ਵਾਰੀ ਦਾਦੇ ਦੀਆਂ ਕੀਤੀਆਂ ਪੋਤੇ ਨੂੰ ਭਰਨੀਆਂ ਪੈਂਦੀਆਂ ਹਨ, ਉਨ੍ਹਾਂ ਦੀ ਉਮਰ ਮਾਨ ਸਾਹਿਬ ਦੇ ਦਾਦਾ ਜੀ ਵਰਗੀ ਹੈ, ਉਨ੍ਹਾਂ ਦੀਆਂ ਕੀਤੀਆਂ ਇਨ੍ਹਾਂ ਨੂੰ ਭਰਨੀਆਂ ਪੈ ਰਹੀਆਂ ਹਨ।

**ਮਾਨਯੋਗ ਸਪੀਕਰ:** ਆਪਾਂ ਹੁਣ ਅਗਲੀ ਆਈਟਮ ਲੈਂਦੇ ਹਾਂ। ਮੈਂਬਰ ਸਾਹਿਬ, ਪਲੀਜ਼ ਤੁਸੀਂ ਬੈਠੋ। ਸ਼੍ਰੀ ਅਮਨ ਅਰੋੜਾ, ਐਮ.ਐਲ.ਏ. ਹੁਣ ਮਤਾ ਪੇਸ਼ ਕਰਨਗੇ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਜ਼ੀਰੋ ਆਵਰ ਦਾ ਇੱਕ ਪ੍ਰਸ਼ਨ ਬੜਾ ਮਹੱਤਵਪੂਰਨ ਹੈ। ਤੁਸੀਂ ਆਪ ਜ਼ੀਰੋ ਆਵਰ ਦਾ ਟਾਈਮ ਦਿੱਤਾ ਹੈ। (ਵਿਘਨ, ਸ਼ੋਰ)

**ਸ਼੍ਰੀ ਅਮਨ ਅਰੋੜਾ:** ਆਪਾਂ ਬਹੁਤ ਟਾਈਮ ਲਗਾ ਲਿਆ ਹੈ ਜੀ, ਹੁਣ ਕੱਲ੍ਹ ਨੂੰ ਕਰ ਲਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਹੋਰ ਇਹ ਟਾਈਮ ਕਿਸ ਵਾਸਤੇ ਹੈ? What is this House for? ਜੇ ਇੱਥੇ ਨਹੀਂ ਬੋਲਣਾ ਹੈ ਤਾਂ ਕੀ ਅਸੀਂ ਬਾਹਰ ਜਾ ਕੇ ਬੋਲੀਏ?

ਸ.ਸ.-ਮੋ.ਸ਼./3.20/24.06.2022

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਜ਼ੀਰੋ ਆਵਰ ਵਿੱਚ ਤਾਂ ਬੋਲਣ ਲਈ ਅਲਾਓ ਕਰੋ।

**ਮਾਨਯੋਗ ਸਪੀਕਰ:** ਅਮਨ ਜੀ, ਤੁਸੀਂ ਬੋਲੋ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਤੁਹਾਡਾ ਨਾਂ ਬੋਲਣ ਵਾਸਤੇ ਆਇਆ ਹੋਇਆ ਹੈ। ਤੁਸੀਂ ਬੋਲੋਗੇ। ਤੁਹਾਡਾ ਨਾਂ ਆਇਆ ਹੋਇਆ ਹੈ, ਤੁਸੀਂ ਬੋਲੋਗੇ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲ ਇਸ਼ਾਰਾ)

----

## MOTION OF THANKS AND DISCUSSION ON GOVERNOR'S ADDRESS

**ਸ਼੍ਰੀ ਅਮਨ ਅਰੋੜਾ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ -

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 21 ਮਾਰਚ, 2022 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।"

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ –

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 21 ਮਾਰਚ, 2022 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।"

**ਸ਼੍ਰੀ ਅਮਨ ਅਰੋੜਾ (ਸੁਨਾਮ):** ਬਹੁਤ ਬਹੁਤ ਧੰਨਵਾਦ ਜੀ। (ਵਿਘਨ...ਸ਼ੋਰ) ਖਹਿਰਾ ਸਾਹਿਬ, 10 ਮਿੰਟ ਬੈਠ ਜਾਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਜ਼ੀਰੋ ਆਵਰ ਤੇ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚ ਆ ਕੇ ਬੋਲਣ ਲੱਗ ਪਏ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਐਮ.ਐਲ.ਏ. ਸਾਹਿਬ ਇੱਕ ਮਿੰਟ, ਅਮਨ ਜੀ ਇੱਕ ਮਿੰਟ। ਮੇਰੀ ਇੱਕ ਗੱਲ ਸੁਣੋ। (ਵਿਘਨ..ਸ਼ੋਰ) ਮੇਰੀ ਇੱਕ ਗੱਲ ਸੁਣੋ। ਤੁਸੀਂ ਜ਼ੀਰੋ ਆਵਰ ਕਰ ਹੀ ਨਹੀਂ ਰਹੇ, ਤੁਸੀਂ ਡਿਸਕਸ਼ਨ ਕਰੀ ਜਾਂਦੇ ਹੋ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ)।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਜ਼ੀਰੋ ਆਵਰ ਵਿੱਚ ਬੋਲਣ ਲਈ ਲਗਾਤਾਰ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਤੁਹਾਨੂੰ ਡਿਸਕਸ਼ਨ ਦੇ ਜਵਾਬ ਵਿੱਚ ਟਾਈਮ ਦੇ ਦੇਵਾਂਗੇ। (ਵਿਘਨ..ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਉਚੀ ਉਚੀ ਬੋਲ ਰਹੇ ਸਨ ।)

**ਮਾਨਯੋਗ ਸਪੀਕਰ:** ਚਲੋ ਹੁਣ ਸੁਣ ਲਵੋ। (ਵਿਘਨ..ਸ਼ੋਰ) ਇੱਕ ਮਿੰਟ ਜੀ। ਸ਼ਰਮਾ ਜੀ, ਹੁਣ ਸੁਣ ਲਓ। (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਵੱਲ ਇਸ਼ਾਰਾ) ਜਿਹੜੇ ਸਾਡੇ ਮਾਨਯੋਗ ਆਜ਼ਾਦ ਮੈਂਬਰ ਹਨ, ਉਨ੍ਹਾਂ ਨੂੰ ਤਿੰਨ ਮਿੰਟ। ਬਹੁਜਨ ਸਮਾਜ ਪਾਰਟੀ ਨੂੰ ਤਿੰਨ ਮਿੰਟ। ਭਾਰਤੀ ਜਨਤਾ ਪਾਰਟੀ ਨੂੰ ਛੇ ਮਿੰਟ, ਸ਼੍ਰੋਮਣੀ ਅਕਾਲੀ ਦਲ ਨੂੰ ਨੌਂ ਮਿੰਟ ਤੇ ਕਾਂਗਰਸ ਪਾਰਟੀ ਲਈ 55 ਮਿੰਟ ਦਾ ਸਮਾਂ ਹੈ।

(ਇਸ ਸਮੇਂ ਬਹੁਜਨ ਸਮਾਜ ਪਾਰਟੀ ਦੇ ਮੈਂਬਰ, ਡਾਕਟਰ ਨਛੱਤਰ ਪਾਲ ਵੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਸਪੀਕਰ:** ਤੁਸੀਂ ਉਸ ਨੂੰ ਯੂਜ਼ ਹੀ ਨਹੀਂ ਕੀਤਾ, ਤੁਸੀਂ ਮਿਸਯੂਜ਼ ਕੀਤਾ ਹੈ। (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ)। ਇੰਡੀਅਨ ਨੈਸ਼ਨਲ ਕਾਂਗਰਸ ਦੇ 55 ਮਿੰਟ। ਤੁਸੀਂ 55 ਮਿੰਟਾਂ ਵਿੱਚ ਜੋ ਮਰਜ਼ੀ ਗੱਲਾਂ ਕਰੋ, ਸਾਰੀਆਂ ਸੁਣਾਂਗੇ, ਇਸ ਹਾਊਸ ਵਿੱਚ ਡਿਸਕਸ਼ਨਾਂ ਹੋਣਗੀਆਂ। ਆਮ ਆਦਮੀ ਪਾਰਟੀ ਲਈ 4 ਘੰਟੇ 43 ਮਿੰਟ। ਇਹ ਮੈਂਬਰ ਦੀ ਗਿਣਤੀ ਦੇ ਪ੍ਰਪੋਰਸ਼ਨਲ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾਉਣ ਲੱਗ ਪਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਮਾਨਯੋਗ ਸਪੀਕਰ:** ** ** ਨਾਅਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ..ਸ਼ੋਰ) ਮੈਂ ਬੇਨਤੀ ਕਰਦਾ ਹਾਂ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਬਿਨਾਂ ਇਜਾਜ਼ਤ ਤੋਂ ਉੱਚੀ ਉੱਚੀ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਮੈਂ ਮੈਂਬਰ ਸਾਹਿਬਾਨ, ਟਰੇਜ਼ਰੀ ਬੈਂਚਿਜ਼ ਨੂੰ ਬੇਨਤੀ ਕਰਦਾ ਹਾਂ ਕਿ ਉਹ ਬੈਠ ਜਾਣ, ਬੈਠ ਜਾਓ। ਮੈਂ ਸਤਿਕਾਰਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਾਰੇ ਆਪਣੀਆਂ-ਆਪਣੀਆਂ ਸੀਟਾਂ ਤੇ ਜਾਣ। (ਵਿਘਨ..ਸ਼ੋਰ) ਤੁਸੀਂ ਡਿਸਕਸ਼ਨ ਕਰੋ, ਤੁਸੀਂ ਲਾਅ ਐਂਡ ਆਰਡਰ ਤੇ ਬੋਲੋ, ਤੁਸੀਂ ਪੰਜਾਬ ਦੀ ਅਨਇੰਪਲਾਇਮੈਂਟ ਤੇ ਬੋਲੋ, ਤੁਸੀਂ ਨਸ਼ੇ ਤੇ ਬੋਲੋ, ਤੁਸੀਂ ਬੋਲੋ, ਤੁਹਾਨੂੰ ਵੱਧ ਸਮਾਂ ਦੇਵਾਂਗੇ, ਤੁਸੀਂ ਬੋਲੋ। ਸ਼੍ਰੀਮਾਨ ਅਮਨ ਅਰੋੜਾ ਜੀ, ਤੁਸੀਂ ਬੋਲੋ।

**ਗ.ਕੌ./ਮ.ਸ਼./3.25/24.06.2022**

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਗਵਰਨਰ ਐਡਰੈਸ ਵਿੱਚ ਲਾਅ ਐਂਡ ਆਰਡਰ ਵੀ ਡਿਸਕਸ ਹੋਵੇਗਾ। ਤੁਸੀਂ ਬੈਠ ਜਾਓ, ਪੰਜ ਮਿੰਟ ਬੈਠ ਜਾਓ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ)। ਸਾਰੀ ਕਲੈਰਿਟੀ ਹੋ ਜਾਵੇਗੀ, ਪਲੀਜ਼ ਬੈਠੋ ਤਾਂ ਸਹੀ। ਇਵੇਂ ਛੱਡ ਕੇ ਨਾ ਜਾਓ, ਮਜ਼ਾ ਨਹੀਂ ਆਉਣਾ। ਪਿੱਠ ਪਿੱਛੇ ਗੱਲ ਕਰਨ ਦਾ ਮਜਾ ਨਹੀਂ ਆਉਂਦਾ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਜ਼ੀਰੋ ਆਵਰ ਤੇ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ)

**ਸ਼੍ਰੀ ਅਮਨ ਅਰੋੜਾ:** ਸਰ, ਲਾਅ ਐਂਡ ਆਰਡਰ ਤੇ ਵੀ ਡਿਸਕਸ਼ਨ ਹੋ ਜਾਵੇਗੀ। ਡਿਸਕਸ਼ਨ ਆਹਮਣੇ ਸਾਹਮਣੇ ਬੈਠ ਕੇ ਹੋਣੀ ਚਾਹੀਦੀ ਹੈ। (ਵਿਘਨ) (ਸ਼ੋਰ) ਤੁਹਾਡਾ ਲਾਅ ਐਂਡ ਆਰਡਰ ਦਾ ਇਸ਼ੂ ਹੈ। ਅਸੀਂ ਬੈਠ ਕੇ ਡਿਸਕਸ ਕਰ ਲੈਂਦੇ ਹਾਂ।

**ਮਾਨਯੋਗ ਸਪੀਕਰ:** ਸਾਰੇ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੋ। ਤੁਹਾਨੂੰ ਸਭ ਨੂੰ ਸਮਾਂ ਦਿੱਤਾ ਜਾਵੇਗਾ। (ਵਿਘਨ)(ਸ਼ੋਰ) ਤੁਹਾਨੂੰ ਵਾਧੂ ਸਮਾਂ ਦਿੱਤਾ ਜਾਵੇਗਾ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਇਨ੍ਹਾਂ ਨੂੰ ਹਾਊਸ ਵਿੱਚੋਂ ਜਾਣ ਨਾ ਦਿਉ। ਅੱਗੇ ਤਾਂ ਮਾਰਸ਼ਲ ਬਾਹਰ ਕੱਢ ਦਿੰਦੇ ਹੁੰਦੇ ਸੀ। ਅੱਜ ਮਾਰਸ਼ਲਾਂ ਨੂੰ ਆਰਡਰ ਕਰੋ ਕਿ ਇਨ੍ਹਾਂ ਸਭ ਨੂੰ ਇੱਥੇ ਰੋਕ ਕੇ ਰੱਖੇ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਸਭ ਨੂੰ ਸਮਾਂ ਦਿੱਤਾ ਜਾਵੇਗਾ। ਤੁਸੀਂ ਆਪਣੀਆਂ ਸੀਟਾਂ ਤੇ ਬੈਠੋ। (ਵਿਘਨ)(ਸ਼ੋਰ) ਜਾਂ ਤਾਂ ਤੁਸੀਂ ਡਿਸਕਸ਼ਨ ਹੀ ਨਹੀਂ ਕਰਨਾ ਚਾਹੁੰਦੇ। ਜੇਕਰ ਡਿਸਕਸ਼ਨ ਕਰਨਾ ਚਾਹੁੰਦੇ ਹੋ ਤਾਂ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੋ ਅਤੇ ਡਿਸਕਸ਼ਨ ਸ਼ੁਰੂ ਕਰੋ। ਸਮਾਂ ਕਿਉਂ ਖਰਾਬ ਕਰ ਰਹੇ ਹੋ।

**ਸ਼੍ਰੀ ਅਮਨ ਅਰੋੜਾ:** ਬਾਜਵਾ ਸਾਹਿਬ, ਹੁਣ ਪਿੱਠ ਦਿਖਾ ਕੇ ਨਾ ਜਾਇਉ।

**ਮਾਨਯੋਗ ਸਪੀਕਰ:** ਬਾਜਵਾ ਜੀ, ਜੇਕਰ ਤੁਸੀਂ ਬੈਠ ਜਾਵੋਗੇ ਤਾਂ ਡਿਸਕਸ਼ਨ ਚੱਲੇਗੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾਉਣ ਲੱਗ ਪਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ

ਕੀਤੇ ਗਏ ਅਤੇ ਇਸ ਸਮੇਂ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ। ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਵੀ ਬਿਨਾਂ ਇਜਾਜ਼ਤ ਤੋਂ ਉੱਚੀ ਉੱਚੀ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਮੈਂ ਹਾਊਸ ਦੇ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਇਹ ਸਦਨ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਦੀ ਡਿਸਕਸ਼ਨ ਕਰਕੇ ਉਨ੍ਹਾਂ ਦਾ ਹੱਲ ਕੱਢਣ ਵਾਸਤੇ ਹੈ। ਮੈਂ ਆਪੋਜ਼ੀਸ਼ਨ ਦੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਅਗਰ ਤੁਸੀਂ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੋਗੇ ਤਾਂ ਇੱਥੇ ਪੰਜਾਬ ਦੀਆਂ ਸਮੱਸਿਆਵਾਂ ਦੀ ਗੱਲ ਹੋਵੇਗੀ।ਤੁਹਾਨੂੰ ਜ਼ੀਰੋ ਆਵਰ ਦਿੱਤਾ ਸੀ ਪਰ ਤੁਸੀਂ ਹੋਰ ਹੀ ਪਾਸੇ ਗੱਲ ਕਰਨ ਲੱਗ ਗਏ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ) ਹੁਣ ਅਗਲੀ ਆਈਟਮ ਆ ਗਈ ਹੈ। ਹੁਣ ਤੁਹਾਨੂੰ ਕੱਲ੍ਹ ਸਮਾਂ ਮਿਲੇਗਾ। (ਵਿਘਨ)(ਸ਼ੋਰ) ਜੇਕਰ ਤੁਸੀਂ ਡਿਸਕਸ਼ਨ ਕਰਨੀ ਚਾਹੁੰਦੇ ਹੋ ਤਾਂ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਜਾਉ।ਬਾਜਵਾ ਜੀ, ਤੁਸੀਂ ਸੀਟ ਤੇ ਜਾ ਕੇ ਬੋਲ ਲਵੋ। ਸਾਰੇ ਸੁਣ ਲੈਣਗੇ। ਤੁਹਾਡਾ ਸਪੀਕਰ ਆਨ ਕਰ ਦਿੰਦੇ ਹਾਂ ਪਰ ਬੈਠੋ ਤਾਂ ਸਹੀ। ਤੁਸੀਂ ਪੰਜਾਬ ਦੇ ਲੋਕਾਂ ਦੀ ਗੱਲ ਕਰੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਚਲੇ ਗਏ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਵੱਲੋਂ ਗੁਜ਼ਾਰਿਸ਼ ਹੈ ਕਿ ਇਹ ਬਹੁਤ ਇੰਪਾਰਟੈਂਟ ਮਸਲਾ ਹੈ। ਤੁਸੀਂ ਭਾਵੇਂ ਕੱਲ੍ਹ ਹੀ ਅੱਧਾ ਘੰਟਾ ਦੇ ਦਿਓ। ਤੁਸੀਂ ਇੰਨਾ ਹੀ ਕਹਿ ਦਿਉ ਕਿ ਇੰਨਾ ਸਮਾਂ ਮੈਂ ਕੱਲ ਈਅਰ ਮਾਰਕ ਕਰਦਾ ਹਾਂ ਅਤੇ ਹੁਣ ਤੁਸੀਂ ਸਾਨੂੰ ਜ਼ੀਰੋ ਆਵਰ ਤਾਂ ਵਾਪਸ ਦੇ ਦਿਓ।

ਕੁ.ਕ/ਸ਼ੁ.ਜ./3.30/24.06.2022

**ਮਾਨਯੋਗ ਸਪੀਕਰ:** ਆਪਣੀ ਮੀਟਿੰਗ ਹੋਣੀ ਹੈ। BAC ਵਿੱਚ ਬਹੁਤ ਕੁਝ ਡੀਸਾਈਡ ਕੀਤਾ ਜਾਣਾ ਹੈ। ਅੱਜ ਦੀ ਡਿਸਕਸ਼ਨ ਵੀ ਪੰਜਾਬ ਤੇ ਹੀ ਹੋਣੀ ਹੈ। ਆਪਾਂ ਡਿਸਕਸ਼ਨ ਨੂੰ ਰੋਕ ਕੇ ਕੀ ਪੰਜਾਬ ਦੇ ਲੋਕਾਂ ਨਾਲ ਕੋਈ ਇਨਸਾਫ ਕਰ ਰਹੇ ਹਾਂ? ਮੈਂ ਵੀ ਇੱਥੇ ਹਾਂ, ਤੁਸੀਂ ਵੀ ਇੱਥੇ ਹੋ। ਤੁਸੀਂ ਕਾਈਂਡਲੀ ਬੈਠੋ। ਬਾਜਵਾ ਜੀ ਦੀ ਗੱਲ ਸੁਣੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ ਮੇਰੀ ਇੱਕ ਹੀ ਗੁਜਾਰਿਸ਼ ਹੈ, ਪਲੀਜ਼ ਇੱਕ ਜ਼ੀਰੋ ਆਵਰ restore ਕਰੋ। ਇੱਕ ਇਹ ਜਿਹੜੀ ਚੰਗੀ ਪ੍ਰਥਾ ਪਾਈ ਹੈ, you are the Speaker. ਅਸੀਂ ਤੁਹਾਨੂੰ as a custodian of the House ਵੇਖਦੇ ਹਾਂ। ਪਲੀਜ਼, ਮੈਨੂੰ ਪਤਾ ਹੈ ਕਿ ਤੁਸੀਂ ਇੱਕ ਜਮਾਤ ਨਾਲ ਤਾਅਲੁੱਕ ਰੱਖਦੇ ਹੋ, ਉਨ੍ਹਾਂ ਵੱਲ ਧਿਆਨ ਘੱਟ ਕਰੋ, ਸਾਡੇ ਵੱਲ ਕਰੋ।

**ਮਾਨਯੋਗ ਸਪੀਕਰ:** ਸਾਰਾ ਧਿਆਨ ਤੁਹਾਡੇ ਵੱਲ ਹੀ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੇਰੀ ਇੱਕ ਗੁਜਾਰਿਸ਼ ਹੈ ਕਿ Sir, just give us half an hour, this is the most important issue, please don't ridicule it. ਜਿੱਥੇ Hon'ble Chief Minister of the State says my life is in danger. ਮੇਰੀ ਆਪਣੀ ਜਾਨ ਖਤਰੇ ਦੇ ਵਿੱਚ ਹੈ। He has to give a statement and discussion has to take place. There is nobody safe. ਸਾਨੂੰ ਕੋਈ ਟਾਈਮ ਤਾਂ ਦੇ ਦੇਵੋ ਕਿ ਇੰਨੇ ਮਿੰਟ ਤੁਹਾਨੂੰ ਦਿੱਤੇ ਗੱਲ ਮੁੱਕ ਜਾਂਦੀ ਹੈ। ਫਿਰ ਆਪਾਂ ਕੰਮ ਸ਼ੁਰੂ ਕਰੀਏ ਜੀ। ਥੋੜ੍ਹਾ ਟਾਈਮ ਕੱਟ ਲਵੋ ਉਸ ਵਿੱਚੋਂ ਹੀ ਅੱਧਾ ਘੰਟਾ ਦੇ ਦੇਵੋਂ, 20 ਮਿੰਟ ਦੇ ਦੇਵੋ। Let us have some kind of a discussion.

**ਮਾਨਯੋਗ ਸਪੀਕਰ:** ਅੱਜ ਤੁਹਾਡਾ ਪੂਰਾ ਇੱਕ ਘੰਟਾ, 60 ਮਿੰਟ ਤੁਹਾਡੇ ਕੋਲ ਹਨ।

**Sardar Partap Singh Bajwa:** That is the part of Governor's address.

**ਮਾਨਯੋਗ ਸਪੀਕਰ:** ਗਵਰਨਰ ਕਿਹੜਾ ਉੜੀਸਾ ਦੇ ਹਨ, ਉਹ ਵੀ ਪੰਜਾਬ ਦੇ ਗਵਰਨਰ ਹੀ ਹਨ। ਪੰਜਾਬ ਦੇ ਹੀ ਇਸ਼ੂ ਹਨ। ਤੁਸੀਂ ਬਾਜਵਾ ਸਾਹਿਬ ਇੰਨੇ ਤਜਰਬੇਕਾਰ ਹੋ, ਇੱਕ ਲਾਈਨ ਦੇ ਵਿੱਚ ਸਾਰੀ ਗੱਲ ਕਹਿ ਸਕਦੇ ਹੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਆਨਰਬੇਲ ਸਪੀਕਰ ਸਾਹਿਬ, ਜੇ ਚੀਫ ਮਨਿਸਟਰ ਸਾਹਿਬ ਦੀ ਇਹ ਵੀਡੀਓ ਨਾ ਆਈ ਹੁੰਦੀ ਤਾਂ ਸ਼ਾਇਦ ਅਸੀਂ ਇਸ ਤੇ ਬਹਿਸ ਹੀ ਨਾ ਮੰਗਦੇ।

**ਮਾਨਯੋਗ ਸਪੀਕਰ:** ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਜਵਾਬ ਦੇਣ ਤੋਂ ਕਦੋਂ ਮਨ੍ਹਾਂ ਕੀਤਾ ਹੈ। ਕੱਲ੍ਹ 12 ਵਜੇ ਤੱਕ ਤੁਹਾਨੂੰ ਮੁੱਖ ਮੰਤਰੀ ਸਾਹਿਬ ਜਵਾਬ ਦੇ ਦੇਣਗੇ। (ਵਿਘਨ, ਸ਼ੋਰ) ਮੇਰੀ ਹੱਥ ਜੋੜ ਕੇ ਇਹ ਪੰਜਾਬ ਦੇ ਲੋਕਾਂ ਵਾਸਤੇ ਅਪੀਲ ਹੈ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਡਿਸਕਸ ਕਰਨਾ ਹੈ। ਆਪਾਂ ਕਿਉਂ ਟਾਈਮ ਵੇਸਟ ਕਰਨ ਲੱਗੇ ਹਾਂ। ਤੁਸੀਂ ਬੈਠ ਜਾਵੋ। ਕਾਈਂਡਲੀ ਬੈਠ ਜਾਵੋ। ਮੈਂ ਬੇਨਤੀ ਕਰਦਾ ਹਾਂ ਕਿ ਆਪਾਂ ਡਿਸਕਸ਼ਨ ਕਰੀਏ। ਆਪੋਜ਼ੀਸ਼ਨ ਲੋਕਤੰਤਰ ਦਾ ਇੱਕ ਇੰਪਾਰਟੈਂਟ ਅੰਗ ਹੈ। ਤੁਸੀਂ ਕਾਈਂਡਲੀ ਬੈਠੋ। ਤੁਸੀਂ ਸਵਾਲ ਉਠਾਓ। ਇੱਧਰੋਂ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਜਵਾਬ ਆਉਣਗੇ। ਲੇਕਿਨ ਵੈੱਲ ਵਿੱਚ ਖੜ੍ਹ ਕੇ ਤਾਂ ਕੁੱਝ ਨਹੀਂ ਹੋਣਾ। (ਵਿਘਨ, ਸ਼ੋਰ) ਜੋ ਕੁੱਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਜ਼ ਵੈੱਲ ਆਫ ਦਿ ਹਾਊਸ ਵਿੱਚ

ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ** ਬੋਲ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮਾਨਯੋਗ ਸਪੀਕਰ:** ਮੈਂ ਹੁਣ ਡਿਸਕਸ਼ਨ ਸ਼ੁਰੂ ਕਰਵਾਉਣ ਜਾ ਰਿਹਾ ਹਾਂ। ਮਾਨਯੋਗ ਅਮਨ ਅਰੋੜਾ ਜੀ।(ਵਿਘਨ, ਸ਼ੋਰ) ਰੰਧਾਵਾ ਸਾਹਿਬ ਮੇਰੀ ਬੇਨਤੀ ਹੈ ਕਿ ਤੁਸੀਂ ਗੱਲ ਤਾਂ ਸੁਣ ਲਵੋ। ਟਾਈਮ ਵੀ ਦੇਵਾਂਗੇ। ਤੁਹਾਡੇ ਕੋਲ ਇੱਕ ਘੰਟਾ ਟਾਈਮ ਹੈ। ਤੁਹਾਨੂੰ ਟਾਈਮ ਦਿੱਤਾ ਹੋਇਆ ਹੈ। ਤੁਸੀਂ ਬੈਠੋ। (ਵਿਘਨ, ਸ਼ੋਰ)। ਆਪਾਂ ਹੁਣ ਡਿਸਕਸ਼ਨ ਸ਼ੁਰੂ ਕਰੀਏ। ਗੱਲ ਇਹ ਹੈ ਕਿ ਜੇ ਆਪਾਂ ਹੁਣ ਟਾਈਮ ਵੇਸਟ ਕਰਨਾ ਹੈ ਪੰਜਾਬ ਦੇ ਲੋਕਾਂ ਦਾ ਤਾਂ ਤੁਹਾਡੀ ਮਰਜ਼ੀ ਹੈ। ਕਾਈਂਡਲੀ ਬੈਠੋ ਤੁਸੀਂ। (ਵਿਘਨ, ਸ਼ੋਰ)। ਮੈਂ ਸਦਨ ਦੇ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਆਪਾਂ ਡਿਸਕਸ਼ਨ ਸ਼ੁਰੂ ਕਰੀਏ।

----

## WALK-OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਜ਼ੀਰੋ ਆਵਰ ਵਿੱਚ ਅਤੇ ਲਾਅ ਐਂਡ ਆਰਡਰ ਤੇ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਕਰਕੇ ** ** ਸਰਕਾਰ ਵਿਰੋਧੀ ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ ।)

----

## MOTION OF THANKS AND DISCUSSION ON GOVERNOR'S ADDRESS *(Resumption)*

ਪ.ਸ./ਸ.ਜੈ./3.35/24.06.2022

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਪੀਕਰ ਸਾਹਿਬ, ਮੈਂ ਤੁਹਾਡਾ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ-ਬਹੁਤ ਧੰਨਵਾਦੀ ਹਾਂ ਕਿ ਤੁਸੀਂ ਅੱਜ ਮੈਨੂੰ ਇਸ ਨਵੀਂ ਸਰਕਾਰ ਦੇ, ਜਿਹੜਾ ਕਿ ਬਦਲਾਅ ਦੇ ਨਾਂਅ ਤੇ ਇੱਕ ਬਹੁਤ ਵੱਡਾ ਮੈਨਡੇਟ ਲੈ ਕੇ ਆਈ ਹੈ, ਪਹਿਲੇ ਗਵਰਨਰ ਐਡਰੈੱਸ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਮਾਣ ਅਤੇ ਖੁਸ਼ੀ ਵੀ ਹੈ ਕਿ ਮੇਰਾ ਜ਼ਾਤੀ ਤੌਰ ਤੇ ਇਹ 6ਵਾਂ ਗਵਰਨਰ ਐਡਰੈੱਸ ਹੈ। ਮੈਂ ਪਿੱਛਲੇ ਪੰਜ ਗਵਰਨਰ ਐਡਰੈੱਸ ਆਪਣੇ ਨਾਲ ਲੈ ਕੇ ਵੀ ਆਇਆ ਹਾਂ। ਪਿਛਲੇ ਸਮੇਂ ਵੇਲੇ ਸਰਕਾਰਾਂ ਵੱਲੋਂ ਗਵਰਨਰ ਐਡਰੈੱਸ ਲਿਖ ਕੇ ਦੇ ਦਿੱਤਾ ਜਾਂਦਾ ਸੀ ਅਤੇ ਗਵਰਨਰ

ਸਾਹਿਬ ਬੋਲ ਜਾਂਦੇ ਸੀ। ਉਸ ਗਵਰਨਰ ਐਡਰੈੱਸ ਉੱਤੇ ਉਸੇ ਹੀ ਦਿਨ ਜਾਂ ਅਗਲੇ ਦਿਨ ਡਿਸਕਸ਼ਨ ਹੁੰਦੀ ਸੀ। ਇਹ ਇੱਕ ਫਾਰਮੇਲਟੀ ਜਿਹੀ ਹੁੰਦੀ ਸੀ। ਜਦੋਂ ਅਗਲੇ ਸਾਲ ਦੀ ਗੱਲ ਆਉਂਦੀ ਹੁੰਦੀ ਸੀ, ਉਸ ਉੱਤੇ ਡਿਸਕਸ਼ਨ ਹੋਣੀ ਹੁੰਦੀ ਸੀ, ਉਸ ਦੇ ਉੱਪਰ ਕੋਈ ਅਕਾਊਂਟੇਬਿਲਟੀ ਫਿਕਸ ਨਹੀਂ ਹੁੰਦੀ ਸੀ ਕਿ ਅਸੀਂ ਕੀ ਕੀਤਾ ਹੈ ਅਤੇ ਕੀ ਨਹੀਂ ਕੀਤਾ। ਅਗਲੇ ਸਾਲ ਸਰਕਾਰ ਨਵੇਂ ਇਸ਼ੂ ਫੜ੍ਹ ਲੈਂਦੀ ਸੀ ਅਤੇ ਪੁਰਾਣੇ ਇਸ਼ੂ ਸਬੰਧੀ ਕੋਈ ਅਕਾਊਂਟੇਬਿਲਟੀ ਫਿਕਸ ਨਹੀਂ ਕੀਤੀ ਜਾਂਦੀ ਸੀ। ਸਰ, ਹੁਣ ਕਿਉਂਕਿ ਤਿੰਨ ਮਹੀਨੇ ਦਾ ਗੈਪ ਇਸ ਦੇ ਵਿੱਚ ਪੈ ਗਿਆ, ਮੈਨੂੰ ਇਸ ਗੱਲ ਦੀ ਖੁਸ਼ੀ ਅਤੇ ਸੰਤੁਸ਼ਟੀ ਵੀ ਹੈ ਕਿ ਮੇਰੀ ਸਰਕਾਰ ਨੇ, ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਨੇ ਅੱਜ ਤੋਂ ਤਕਰੀਬਨ ਤਿੰਨ ਮਹੀਨੇ ਪਹਿਲਾਂ ਜੋ ਕਿਹਾ ਸੀ ਔਰ ਜੋ ਗੱਲਾਂ ਗਵਰਨਰ ਐਡਰੈੱਸ ਦੇ ਵਿੱਚ ਵੀ ਦਰਜ ਹੈ, ਉਨ੍ਹਾਂ ਦੇ ਵਿੱਚੋਂ ਬਹੁ-ਗਿਣਤੀ ਚੀਜ਼ਾਂ ਮਾਨ ਸਾਹਿਬ ਦੀ ਸਰਕਾਰ ਪੂਰਾ ਕਰ ਚੁੱਕੀ ਹੈ। ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਤਿੰਨ ਮਹੀਨਿਆਂ ਦੇ ਵਿੱਚ ਬਹੁਤੇ ਵਾਅਦੇ ਪੂਰੇ ਕੀਤੇ ਜਾ ਚੁੱਕੇ ਹਨ(ਥੰਪਿੰਗ)। ਸਰ, ਜੇ ਮੈਂ ਪੁਆਇੰਟ ਵਾਈਜ਼ ਸ਼ੁਰੂ ਕਰਾਂ ਤਾਂ ਇਸ ਗਵਰਨਰ ਐਡਰੈੱਸ ਦੇ ਵਿੱਚ ਇੱਕ ਬਹੁਤ ਵੱਡਾ ਵਾਅਦਾ, ਜਿਸ ਨੂੰ ਲੈ ਕੇ ਅਸੀਂ ਲੋਕਾਂ ਦੇ ਵਿੱਚ ਗਏ ਸਨ ਔਰ ਲੋਕਾਂ ਨੇ ਸਾਨੂੰ ਬਹੁਤ ਵੱਡਾ ਮੇਨਡੇਟ ਦਿੱਤਾ ਸੀ, ਉਹ ਵਾਅਦਾ ਸੀ "Zero Tolerance Against Corruption". ਮੈਨੂੰ ਆਮ ਆਦਮੀ ਪਾਰਟੀ ਦਾ ਸਿਪਾਹੀ ਹੋਣ ਦੇ ਨਾਤੇ ਇਹ ਮਾਣ ਅਤੇ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਪਹਿਲਾਂ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਦੀ ਸਰਕਾਰ ਨੇ 2015 ਤੋਂ ਅਤੇ ਹੁਣ ਪੰਜਾਬ ਦੇ ਵਿੱਚ ਭਗਵੰਤ ਮਾਨ ਜੀ ਦੀ ਸਰਕਾਰ ਦੀ ਕੁਰੱਪਸ਼ਨ ਦੇ ਏਜੰਡੇ ਦੀ ਪੂਰੀ ਦੁਨੀਆ ਦੇ ਵਿੱਚ ਚਰਚਾ ਹੋ ਰਹੀ ਹੈ। ਸਰ, ਇਸ ਤੋਂ ਪਹਿਲਾਂ ਪੰਜਾਬ ਨੇ ਦੇਖਿਆ ਹੈ ਕਿ ਇਨ੍ਹਾਂ ਦੇ ਜਿਹੜੇ ਆਪਣੇ ਲੀਡਰ ਹੁੰਦੇ ਸਨ, ਡਾਕਾ ਬਾਅਦ ਵਿੱਚ ਵਜਦਾ ਸੀ ਪਰ ਉਨ੍ਹਾਂ ਨੂੰ ਕਲੀਨ ਚਿੱਟਾਂ ਪਹਿਲਾਂ ਹੀ ਫੜਾ ਦਿੱਤੀਆਂ ਜਾਂਦੀਆਂ ਸਨ। ਪਰ ਇਸ ਸਰਕਾਰ ਨੇ ਚਾਹੇ ਕੋਈ ਬੇਗਾਨਾ ਹੈ, ਚਾਹੇ ਕੋਈ ਆਪਣਾ ਹੈ, ਚਾਹੇ ਕੋਈ ਸਿਆਸੀ ਲੀਡਰ ਹੈ, ਚਾਹੇ ਕੋਈ ਅਧਿਕਾਰੀ ਹੋਵੇ, ਉੱਪਰ ਤੋਂ ਲੈ ਕੇ ਹੇਠਾਂ ਤੱਕ ਹਰੇਕ ਭ੍ਰਿਸ਼ਟ ਦੇ ਖਿਲਾਫ ਸਖਤ ਕਾਰਵਾਈ ਕੀਤੀ ਹੈ। ਅੱਜ ਜੇ ਕੋਈ ਕੁਰੱਪਸ਼ਨ ਕਰਨ ਬਾਰੇ ਸੋਚਦਾ ਵੀ ਹੈ ਤਾਂ ਉਸ ਨੂੰ ਕਾਂਬਾ ਛਿੜ ਜਾਂਦਾ ਹੈ। ਇਹ ਤਿੰਨ ਮਹੀਨਿਆਂ ਦੇ ਵਿੱਚ ਸਾਡੀ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਇਸੇ ਤਰੀਕੇ ਦੇ ਨਾਲ ਹੈਲਥ ਸੈਕਟਰ ਦੇ ਵਿੱਚ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਅਸੀਂ 16 ਹਜ਼ਾਰ ਕਲੀਨਿਕਾਂ ਪਿੰਡਾਂ ਦੇ ਵਾਰਡਾਂ ਦੇ ਵਿੱਚ ਸ਼ੁਰੂ ਕਰਾਂਗੇ ਤੇ ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਫਸਟ ਫੇਜ਼ ਦੇ ਵਿੱਚ 75 ਕਲੀਨਿਕਾਂ ਦੇ ਉਪਰ ਕੰਮ ਸ਼ੁਰੂ ਹੋ ਚੁੱਕਿਆ ਹੈ, ਜਗ੍ਹਾ ਦੀ ਆਈਡੈਂਟੀਫਿਕੇਸ਼ਨ ਹੋ ਚੁੱਕੀ ਹੈ ਅਤੇ ਸਾਰਾ ਪ੍ਰਾਸੈੱਸ ਜਲਦੀ ਹੀ ਪੂਰਾ ਹੋ ਜਾਵੇਗਾ। ਸਰ, ਜਿਹੜੀਆਂ road causalities ਹੋ ਜਾਂਦੀਆਂ ਹਨ, ਨਾਰਮਲੀ ਦੇਖਿਆ ਜਾਂਦਾ ਹੈ ਕਿ ਜਿਸ ਬੰਦੇ ਦਾ ਐਕਸੀਡੈਂਟ ਹੋਇਆ ਹੁੰਦਾ ਹੈ, ਲੋਕ ਉਸ ਨੂੰ ਚੁੱਕਦੇ ਨਹੀਂ । ਦਿੱਲੀ ਦੀ ਸਰਕਾਰ ਨੇ ਇੱਕ ਫਰਿਸ਼ਤਾ ਸਕੀਮ ਸ਼ੁਰੂ ਕੀਤੀ ਸੀ ਅਤੇ ਸਾਡੀ ਸਰਕਾਰ ਵੀ ਕੁਮਿਟਿਡ ਹੈ ਕਿ ਉਸ ਤੋਂ ਵੀ ਵਧੀਆ ਸਕੀਮ ਪੰਜਾਬ ਦੇ

ਵਿੱਚ ਲਾਗੂ ਕੀਤੀ ਜਾਵੇਗੀ। ਸਰ, ਇਸੇ ਤਰੀਕੇ ਦੇ ਨਾਲ ਮੈਂ ਸਮਝਦਾ ਹਾਂ ਕਿ ਸਭ ਤੋਂ ਵੱਡਾ ਸਰਮਾਇਆ ਐਜੂਕੇਸ਼ਨ ਹੁੰਦੀ ਹੈ। ਸਾਡੇ ਐਜੂਕੇਸ਼ਨ ਮਨਿਸਟਰ ਮੀਤ ਹੇਅਰ ਜੀ ਵੀ ਦੱਸ ਕੇ ਗਏ ਹਨ ਕਿ ਜਿਹੜੀਆਂ ਖਾਲੀ ਪੋਸਟਾਂ ਹਨ, ਉਨ੍ਹਾਂ ਨੂੰ ਭਰਨ ਦੇ ਕੰਮ ਦਾ ਪ੍ਰਾਸੈੱਸ ਅੰਡਰ-ਵੇਅ ਹੈ। ਟੀਚਰਜ਼ ਨੂੰ ਰੈਗੂਲਰਾਈਜੇਸ਼ਨ ਕਰਨ ਸਬੰਧੀ ਵੀ ਕੰਮ ਚੱਲ ਰਿਹਾ ਹੈ ਔਰ ਜਿਹੜੀ ਸਭ ਤੋਂ ਚੰਗੀ ਗੱਲ ਹੈ ਕਿ ਜਿਹੜੇ ਚੰਗੇ ਟੀਚਰਜ਼ excel ਕਰਦੇ ਹਨ ਉਨ੍ਹਾਂ ਨੂੰ ਵੀ abroad ਤੋਂ ਟਰੇਨਿੰਗ ਦਿਵਾਉਣ ਲਈ ਸਰਕਾਰ ਪਾਬੰਦ ਹੈ। ਉਸ ਉੱਪਰ ਵੀ ਕੰਮ ਚੱਲ ਰਿਹਾ ਹੈ। ਜਿਹੜੀ ਟਰਾਂਸਫਰ ਪਾਲਿਸੀ ਹੈ, 100% ਟਰਾਂਸਫਰਜ਼ ਟਰਾਂਸਪੈਰੰਟ ਤਰੀਕੇ ਦੇ ਨਾਲ ਹੋਣੀ ਹੈ।

**24.6.2022/ਜਸਪਾਲ/ਅਭਿਸ਼ੇਕ/3.40**

ਖਾਸ ਤੌਰ ਤੇ ਜਿਹੜੇ ਟੀਚਰਜ਼ ਹਨ, ਉਨ੍ਹਾਂ ਦੇ ਫੈਮਿਲੀ ਮੈਂਬਰਜ਼ ਲਈ ਮੈਡੀਕਲ ਕੈਸ਼ਲੈਸ, ਮੈਡੀਕਲ ਫੈਸਿਲਟੀਜ਼ ਦੀ ਪ੍ਰੋਵੀਜ਼ਨ ਸਰਕਾਰ ਨੇ ਕ੍ਰਮਿੱਟ ਕੀਤੀ ਹੈ, ਉਹ ਪ੍ਰਾਸੈਸ ਵੀ ਅੰਡਰ ਵੇਅ ਹੈ। ਸਰ, ਇਸੇ ਤਰੀਕੇ ਦੇ ਨਾਲ ਸਾਡੀ ਸਰਕਾਰ ਨੇ, ਸਾਡੀ ਪਾਰਟੀ ਨੇ ਇਲੈਕਸ਼ਨ ਤੋਂ ਪਹਿਲਾਂ ਵਾਅਦਾ ਕੀਤਾ ਸੀ, ਖੁਦ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਇਥੇ ਆਏ ਸੀ, ਉਨ੍ਹਾਂ ਨੇ ਵਾਅਦਾ ਕੀਤਾ ਸੀ, ਮਾਨ ਸਾਹਿਬ ਨੇ ਗਰੰਟੀ ਦਿੱਤੀ ਸੀ ਕਿ 300 ਯੂਨਿਟ ਬਿਜਲੀ ਪ੍ਰਤੀ ਮਹੀਨਾ ਹਰ ਘਰ ਨੂੰ ਦਿੱਤੀ ਜਾਵੇਗੀ ਜਿਸ ਦੇ ਤਹਿਤ 80 ਪ੍ਰਤੀਸ਼ਤ ਜਿਹੜੇ ਹਾਊਸ ਹੋਲਡਰਜ਼ ਹਨ, ਉਨ੍ਹਾਂ ਨੂੰ ਬੈਨੀਫਿਟ ਹੋਵੇਗਾ। ਸਰਕਾਰ ਨੇ ਆਲਰੇਡੀ, ਮਾਨ ਸਾਹਿਬ ਅਨਾਊਂਸ ਕਰ ਚੁੱਕੇ ਹਲ ਕਿ ਉਹ 1 ਜੁਲਾਈ ਤੋਂ ਹਰ ਘਰ ਨੂੰ ਦਿੱਤੀ ਜਾਵੇਗੀ ਜਿਸ ਨਾਲ 80 ਪ੍ਰਤੀਸ਼ਤ ਘਰਾਂ ਨੂੰ ਫਾਇਦਾ ਹੋਵੇਗਾ।

ਸਰ, ਜਿਹੜੇ ਲੋਕਾਂ ਦੇ ਪਿਛਲੀਆਂ ਸਰਕਾਰਾਂ ਦੀਆਂ ਮਾੜੀਆਂ ਤੇ ਗਲਤ ਪਾਲਿਸੀਜ਼ ਦੀ ਵਜ੍ਹਾ ਕਰਕੇ ਵੱਡੇ ਵੱਡੇ ਬਿੱਲ ਬਕਾਇਆ ਪਏ ਸੀ, ਉਨ੍ਹਾਂ ਦੇ ਬਿਜਲੀ ਦੇ ਕੁਨੈਕਸ਼ਨ ਡਿਸਕੁਨੈਕਸ਼ਨ ਹੋ ਚੁੱਕੇ ਸਨ ਉਨ੍ਹਾਂ ਨੂੰ resume ਆਲਰੇਡੀ ਕੀਤਾ ਜਾ ਚੁੱਕਾ ਹੈ। ਸਰ, ਇਸੇ ਤਰੀਕੇ ਦੇ ਨਾਲ ਸਾਡੀ ਸਰਕਾਰ ਨੇ ਤੇ ਸਾਡੀ ਪਾਰਟੀ ਨੇ ਇਸ ਗਵਰਨਰ ਸਾਹਿਬ ਦੇ ਐਡਰੈਸ ਕੁਮਿੱਟਮੈਂਟ ਕੀਤੀ ਹੈ ਕਿ ਆਉਣ ਵਾਲੇ ਦੋ ਤਿੰਨ ਸਾਲਾਂ ਦੇ ਵਿਚ 100 ਪ੍ਰਤੀਸ਼ਤ 24 ਘੰਟੇ ਸਪਲਾਈ ਪੰਜਾਬ ਵਿਚ ਹੋ ਜਾਵੇਗੀ, ਇਸ ਦੇ ਲਈ ਥੋੜ੍ਹਾ ਜਿਹਾ ਇੰਫਰਾਸਟ੍ਰਕਚਰ ਦੇ ਅਪਗਰੇਡੇਸ਼ਨ ਦੀ ਜ਼ਰੂਰਤ ਹੈ, ਸਰਕਾਰ ਉਸ ਉਤੇ ਵੱਡੇ ਪੱਧਰ ਉਤੇ ਕੰਮ ਕਰ ਰਹੀ ਹੈ। ਸਰ, ਐਗਰੀਕਲਚਰ, ਖੇਤੀਬਾੜੀ ਕਿਸਾਨ ਪੰਜਾਬ ਦੀ ਇਕਾਨਮੀ ਦੀ ਰੀੜ੍ਹ ਦੀ ਹੱਡੀ ਹੈ । ਮੈਂ ਸਮਝਦਾ ਹਾਂ ਕਿ ਹੁਣ ਤੱਕ ਕਿਸਾਨਾਂ ਤੋਂ ਗੁੰਮਰਾਹ ਕਰਕੇ ਵੋਟਾਂ ਤਾਂ ਲਈਆਂ ਜਾਂਦੀਆਂ ਰਹੀਆਂ ਹਨ ਪਰ ਕਿਸਾਨੀ ਨੂੰ ਲਾਹੇਵੰਦ ਧੰਦਾ ਕਿਵੇਂ ਬਣਾਉਣਾ ਹੈ, ਉਸ ਨੂੰ ਫਸਲੀ ਚੱਕਰ ਵਿਚੋਂ ਕਿਵੇਂ ਕੱਢਣਾ ਹੈ, ਪਾਣੀ ਨੂੰ ਕਿਵੇਂ ਬਚਾਉਣਾ ਹੈ, ਇਸ ਦੇ ਬਾਰੇ ਭਗਵੰਤ ਮਾਨ ਜੀ ਸਰਕਾਰ ਨੇ ਪਹਿਲੀ ਵਾਰੀ ਕਮਾਲ ਦੇ

ਇਨੀਸੀਏਟਿਵ ਲਏ ਹਨ, ਬਹੁਤ ਵੱਡੇ ਬੋਲਡ ਸਟੈਪਸ ਲਏ ਹਨ, ਜਿਸ ਦੇ ਤਹਿਤ ਡੀ.ਐਸ.ਆਰ. ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਿਆ ਪ੍ਰਤੀ ਏਕੜ ਇੰਸੈਂਟਿਵ ਦੇਣ ਦਾ ਵਾਅਦਾ ਕੀਤਾ ਹੈ ਔਰ ਉਹ ਦਿੱਤਾ ਜਾ ਰਿਹਾ ਹੈ। ਇਸੇ ਤਰੀਕੇ ਨਾਲ ਡਾਈਵਰਸੀਫਿਕੇਸ਼ਨ, ਐਮ.ਐਸ.ਪੀ. ਮੂੰਗੀ ਦੀ ਫਸਲ ਦੀ ਪਹਿਲੀ ਵਾਰੀ ਦਿੱਤੀ ਜਾ ਰਹੀ ਹੈ ਤਾਂ ਕਿ ਕਿਸਾਨ ਫਸਲੀ ਚੱਕਰ ਵਿਚੋਂ ਨਿਕਲ ਕੇ ਮੂੰਗੀ ਔਰ ਬਾਕੀ ਫਸਲਾਂ ਦੇ ਵੱਲ ਵਧੇ। ਇਸੇ ਤਰੀਕੇ ਨਾਲ ਗੁਲਾਬੀ ਸੁੰਡੀ ਦੇ ਕਾਰਨ ਕਿਸਾਨਾਂ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਸੀ, 101 ਕਰੋੜ ਰੁਪਏ ਦਾ ਕੰਪਨਸੇਸ਼ਨ ਸਰਕਾਰ ਨੇ ਅਨਾਊਂਸ ਕੀਤਾ ਸੀ ਔਰ ਦਿੱਤਾ ਗਿਆ ਹੈ।

ਸਰ, ਇਸੇ ਤਰੀਕੇ ਦੇ ਨਾਲ ਮੈਂ ਸਮਝਦਾ ਹਾਂ ਕਿ ਹੈਲਥ ਔਰ ਐਜੂਕੇਸ਼ਨ ਦੇ ਸੈਕਟਰ ਵਿੱਚ ਮੈਡੀਕਲ ਐਜੂਕੇਸ਼ਨ ਮੇਜਰ ਰੋਲ ਅਦਾ ਕਰਦਾ ਹੈ ਇਸ ਦੇ ਤਹਿਤ ਮਸਤੂਆਣਾ ਸਾਹਿਬ ਵਿਖੇ ਭਗਵੰਤ ਮਾਨ ਜੀ ਨੇ ਖੁਦ ਆਪ ਮੈਡੀਕਲ ਕਾਲਜ ਦੀ ਸ਼ੁਰੂਆਤ ਕਰਨ ਦੀ ਅਨਾਊਂਸਮੈਂਟ ਕੀਤੀ ਹੈ। (ਥੰਪਿੰਗ) ਇਸ ਦੇ ਲਈ ਪ੍ਰਾਸੈਸ ਇਨੀਸ਼ੀਏਟ ਹੋ ਚੁੱਕਿਆ ਹੈ, ਸਰਕਾਰ ਨੇ ਇਸ ਉਪਰ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

ਸਰ, ਇਸੇ ਤਰੀਕੇ ਦੇ ਨਾਲ ਇੰਪਲਾਇਮੈਂਟ, ਜਾਬ ਕਰੀਏਸ਼ਨ ਜਿਹੜੀਆ ਹਨ, ਉਹ ਪਹਿਲੀ ਵਾਰ, ਮਾਨ ਸਾਹਿਬ ਨੇ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਵਿਚ ਸਭ ਤੋਂ ਪਹਿਲਾਂ ਜਿਹੜਾ ਕੰਮ ਹੈ ਉਹ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਹੋਵੇਗਾ । ਮੈਨੂੰ ਇਹ ਦੱਸਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਪਹਿਲੀ ਹੀ ਕੈਬਨਿਟ ਮੀਟਿੰਗ ਵਿਚ ਜਿਹੜਾ ਇਸ ਗਵਰਨਰ ਐਡਰੈਸ ਵਿਚ ਵਾਅਦਾ ਕੀਤਾ ਗਿਆ ਸੀ, 25000 ਤੋਂ ਵੀ ਵੱਧ ਨੌਕਰੀਆਂ ਦੀ ਨੋਟੀਫਿਕੇਸ਼ਨ ਹੋ ਚੁੱਕੀ ਹੈ, ਉਸ ਉਪਰ ਕੰਮ ਜੰਗੀ ਪੱਧਰ ਉਤੇ ਚੱਲ ਰਿਹਾ ਹੈ।

ਸਰ, ਮੈਂ ਸਮਝਦਾ ਹਾਂ ਕਿ ਇੰਡਸਟਰੀ ਜਾਂ ਬਿਜਨੈਸ਼ ਕਮਿਊਨਿਟੀ ਕਿਸੇ ਵੀ ਇਕਾਨਮੀ ਦੀ ਰੀੜ ਦੀ ਹੱਡੀ ਹੁੰਦੇ ਹਨ। ਇਸ ਗਵਰਨਰ ਐਡਰੈਸ ਦੇ ਵਿਚ ਸਾਡੀ ਸਰਕਾਰ ਨੇ ਇਹ ਫੈਸਲਾ ਕੀਤਾ ਹੈ, ਕੁਮਿੱਟ ਕੀਤਾ ਹੈ ਕਿ ਆਉਣ ਵਾਲੇ ਪੰਜ ਸਾਲਾਂ ਵਿਚ ਕਿਸੇ ਵੀ ਤਰ੍ਹਾਂ ਕੋਈ ਨਵਾਂ ਟੈਕਸ ਨਹੀਂ ਲਾਇਆ ਜਾਵੇਗਾ। ਸਪੈਸ਼ਲ ਕਮਿਸ਼ਨ ਜਿਹੜਾ ਹੈ, ਉਹ ਬਿਜ਼ਨਸ ਕਮਿਊਨਿਟੀ ਲਈ ਬਣਾਇਆ ਜਾਵੇਗਾ ਜਿਸ ਵਿਚ ਬਿਜ਼ਨਸ ਕਮਿਉਨਿਟੀ ਦੇ ਲੋਕ ਹੀ ਮੈਂਬਰ ਹੋਣਗੇ ਤਾਂ ਉਹ ਉਨ੍ਹਾਂ ਦੇ ਜਿਹੜੇ ਇਸ਼ੂਜ਼ ਹਨ, ਪ੍ਰਾਬਲਮਜ਼ ਹਨ, ਉਹ ਦੱਸ ਸਕਣ ਤੇ ਸਰਕਾਰ ਨੂੰ ਉਸ ਦੇ ਹੱਲ ਕਰਨ ਲਈ ਸੁਝਾਅ ਦੇ ਸਕਣ ਤੇ ਉਸ ਦੇ ਮੁਤਾਬਿਕ ਸਰਕਾਰ ਦੀਆਂ ਪਾਲਿਸੀਜ਼ ਬਣਨਗੀਆਂ। ਇੰਡਸਟਰੀਅਲ ਇੰਫ੍ਰਾਸਟ੍ਰਕਚਰ ਦੇ ਅੱਪਗਰੇਡੇਸ਼ਨ ਦੀ ਗੱਲ ਵੀ ਸਰਕਾਰ ਵੱਡੇ ਪੱਧਰ ਉਪਰ ਕਰਨ ਲਈ ਕੁਮਿੱਟ ਕੀਤਾ ਹੈ, ਇਸ ਉਤੇ ਕੰਮ ਚਲ ਰਿਹਾ ਹੈ।

ਸਰ, ਇਸੇ ਤਰੀਕੇ ਨਾਲ ਜਿਹੜੀਆਂ ਬੇਸਿਕ ਸਰਵਿਸਿਜ਼ ਡਿਲਿਵਰੀਜ਼ ਹਨ, ਆਮ ਲੋਕ ਜਿਹੜੇ ਛੋਟੇ ਛੋਟੇ ਕੰਮਾਂ ਲਈ ਦਫਤਰਾਂ ਵਿੱਚ ਖੱਜਲ ਖੁਆਰ ਹੁੰਦੇ ਰਹਿੰਦੇ ਹਨ ਔਰ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੁੰਦੇ

ਹਨ । ਸਰ, ਉਸ ਰੈਡਟੈਪਜਿਮਮ ਨੂੰ, ਲਾਲ ਫੀਤਾਸ਼ਾਹੀ ਨੂੰ ਖਤਮ ਕਰਨ ਲਈ ਸਰਕਾਰ ਵੱਲੋਂ ਸਰਕਾਰ ਵੱਲੋਂ ਕੰਮ ਕੀਤਾ ਜਾ ਰਿਹਾ ਹੈ, ਪੰਜ ਸਾਲ ਆਪਾਂ ਵੀ ਜਦੋਂ ਉਧਰ ਬੈਠਦੇ ਹੁੰਦੇ ਸੀ ਤਾਂ ਇਹ ਇਸ਼ੂ ਆਪਾਂ ਵੀ ਰੇਜ਼ ਕਰਦੇ ਰਹੇ ਕਿ ਆਟਾ ਦਾਲ ਦੀ ਸਕੀਮ ਵਿਚ ਬਹੁਤ ਖੱਜਲ ਖੁਆਰੀ ਹੁੰਦੀ ਹੈ, ਬਾਕੀ ਸਕੀਮਜ਼ ਉਤੇ ਵੀ ਬਹੁਤ ਵੱਡੀ ਪੱਧਰ ਉਤੇ ਵੀ ਖੱਜਲ ਖੁਆਰੀ ਹੁੰਦੀ ਹੈ, ਆਟਾ ਦਾਲ ਸਕੀਮ ਦੇ ਵਿਚ ਵੀ ਬਹੁਤ ਤਰ੍ਹਾਂ ਦੀਆਂ ਤਰੁੱਟੀਆਂ ਹਨ, ਇਸ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਹੜਾ ਰਾਸ਼ਨ ਹੈ, ਉਸ ਦੀ ਆਉਣ ਵਾਲੇ ਸਮੇਂ ਵਿਚ ਡੋਰ ਸਟੈਪ ਡਿਲਿਵਰੀ ਸ਼ੁਰੂ ਕੀਤੀ ਜਾਵੇਗੀ।

ਬ.ਕ./ਅਭਿ/24.6.22/3.45

ਇਹ ਪ੍ਰਾਸੈੱਸ ਅੰਡਰਵੇਅ ਹੈ ਅਤੇ ਜਲਦੀ ਹੀ ਲੋਕਾਂ ਨੂੰ ਘਰ ਬੈਠਿਆਂ ਨੂੰ ਇਹ ਫੈਸਿਲਟੀ ਦਿੱਤੀ ਜਾਵੇਗੀ।

ਸਪੀਕਰ ਸਾਹਿਬ, ਮਾਨ ਸਾਹਿਬ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸ਼ਹੀਦ ਫੌਜੀਆਂ ਦੇ ਪਰਿਵਾਰਾਂ ਨੂੰ ਦਿੱਲੀ ਦੀ ਤਰਜ਼ ਤੇ ਐਕਸਗ੍ਰੇਸ਼ੀਆ ਗ੍ਰਾਂਟ ਦਿੱਤੀ ਜਾਵੇਗੀ। ਪਿਛਲੀਆਂ ਸਰਕਾਰਾਂ ਵੇਲੇ ਉਹ ਪਰਿਵਾਰ ਜਿਹੜੇ ਆਪਣਾ ਜੀਅ ਆਲਰੇਡੀ ਗੁਆ ਚੁੱਕੇ ਸੀ, ਉਨ੍ਹਾਂ ਨੂੰ ਧੱਕੇ ਖਾਣੇ ਪੈਂਦੇ ਸਨ ਪਰ ਹੁਣ ਘਰ ਬੈਠਿਆਂ ਨੂੰ ਇਕ ਕਰੋੜ ਰੁਪਏ ਦਾ ਐਕਸਗ੍ਰੇਸ਼ੀਆ ਸ਼੍ਰੀ ਭਗਵੰਤ ਮਾਨ ਜੀ ਦੀ ਸਰਕਾਰ ਵੱਲੋਂ ਦੇਣ ਦਾ ਫੈਸਲਾ ਕੀਤਾ ਗਿਆ ਹੈ। (ਥੰਪਿੰਗ)

ਸਪੀਕਰ ਸਾਹਿਬ, ਟ੍ਰਾਂਸਪੋਰਟ ਮਾਫੀਆ ਲੰਬੇ ਸਮੇਂ ਤੋਂ ਪੁਲੀਟੀਕਲ ਪੈਟ੍ਰੋਨੇਜ ਨਾਲ ਚਲਦਾ ਆਇਆ ਹੈ। ਇਸ ਵਿੱਚ ਵੱਡੇ ਪੱਧਰ ਤੇ ਸ਼ੁਰੂਆਤ ਹੋ ਚੁੱਕੀ ਹੈ ਅਤੇ ਮੈਨੂੰ ਇਹ ਦੱਸਦੇ ਹੋਏ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਅੱਜ ਤੋਂ ਤਕਰੀਬਨ ਇਕ ਹਫਤਾ ਪਹਿਲਾਂ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦਿੱਲੀ ਤੋਂ ਆਏ ਸਨ ਅਤੇ ਸ਼੍ਰੀ ਭਗਵੰਤ ਮਾਨ ਜੀ ਵੱਲੋਂ ਵੱਡੇ ਘਰਾਣਿਆਂ ਦੀਆਂ ਗੱਡੀਆਂ, ਜਿਨ੍ਹਾਂ ਵੱਲੋਂ ਦਿੱਲੀ ਏਅਰਪੋਰਟ ਤੱਕ ਤਕਰੀਬਨ 3,500-4,000-5,000 ਰੁਪਿਆ ਲਿਆ ਜਾਂਦਾ ਸੀ, ਉਨ੍ਹਾਂ ਤੇ ਨੱਥ ਪਾਉਣ ਲਈ ਅੰਮ੍ਰਿਤਸਰ-ਜਲੰਧਰ-ਲੁਧਿਆਣਾ ਵਰਗੇ ਸ਼ਹਿਰਾਂ ਤੋਂ ਦਿੱਲੀ ਏਅਰਪੋਰਟ ਤੱਕ ਬਸ ਸਰਵਿਸ ਸ਼ੁਰੂ ਕੀਤੀ ਗਈ ਹੈ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਕਿਰਾਇਆ 3,500-4,000-5,000 ਰੁਪਿਆ ਨਹੀਂ ਬਲਕਿ ਮਹਿਜ਼ 1100/- ਰੁਪਏ ਤੋਂ ਲੈ ਕੇ 1300/- ਰੁਪਿਆ ਫਿਕਸ ਕੀਤਾ ਗਿਆ ਹੈ। ਇਸ ਨਾਲ ਪੰਜਾਬ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। (ਥੰਪਿੰਗ)

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥*

ਸਪੀਕਰ ਸਾਹਿਬ, ਪੰਜਾਬ ਪੰਜ ਆਬਾਂ ਦੀ ਧਰਤੀ ਹੈ ਪਰ ਬਦਕਿਸਮਤੀ ਨਾਲ ਹਰ ਸਾਲ ਪੰਜਾਬ ਦਾ ਪਾਣੀ ਤਕਰੀਬਨ ਡੇਢ ਮੀਟਰ ਦੇ ਕਰੀਬ ਨੀਚੇ ਜਾ ਰਿਹਾ ਹੈ।ਸੈਂਟਰ ਗੌਰਮਿੰਟ ਦੀ ਰਿਪੋਰਟ ਮੁਤਾਬਿਕ ਆਉਣ ਵਾਲੇ 15-20 ਸਾਲਾਂ ਵਿੱਚ ਪੰਜਾਬ ਰੇਗਿਸਤਾਨ ਬਣ ਜਾਵੇਗਾ ਅਤੇ ਇਸ ਪਾਣੀ ਨੂੰ ਬਚਾਉਣ ਲਈ

ਪੰਜਾਬ ਸਰਕਾਰ ਵੱਲੋਂ ਇਨੀਸ਼ੀਏਟਿਵ ਲਿਆ ਗਿਆ ਹੈ ਅਤੇ DSR ਇਨਸੈਂਟਿਵ 1500/- ਰੁਪਏ ਪ੍ਰਤੀ ਏਕੜ ਦਿੱਤਾ ਜਾ ਰਿਹਾ ਹੈ।

ਸਪੀਕਰ ਸਾਹਿਬ, ਕਿਸੇ ਵੀ ਚੀਜ਼ ਦੀ ਡਰਾਇੰਵਿੰਗ ਫੋਰਸ ਇਕਾਨਮੀ ਹੁੰਦੀ ਹੈ। ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਪਹਿਲੀ ਵਾਰ ਪੰਜਾਬ ਦੇ 70 ਸਾਲਾਂ ਦੇ ਇਤਿਹਾਸ ਵਿੱਚ ਇਹ ਹੋਰ ਰਿਹਾ ਹੈ ਕਿ ਲੋਕਾਂ ਕੋਲ ਜਾ ਕੇ, ਉਨ੍ਹਾਂ ਦੇ ਸੁਝਾਅ ਲੈ ਕੇ, ਉਨ੍ਹਾਂ ਦੀਆਂ ਮੁਸ਼ਕਲਾਂ ਪੁੱਛ ਕੇ, ਉਸ ਮੁਤਾਬਿਕ ਹੱਲ ਕਰਨ ਲਈ ਜਨਤਾ ਬਜਟ ਪਹਿਲੀ ਵਾਰ ਇਸ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਵਿਤ ਮੰਤਰੀ ਸਾਹਿਬ ਵੱਨੋਂ ਪੇਸ਼ ਕੀਤਾ ਜਾਵੇਗਾ।(ਥੰਪਿੰਗ) ਸਪੀਕਰ ਸਾਹਿਬ, ਪਿਛਲੀਆਂ ਸਰਕਾਰਾਂ ਦੇ ਸਮੇਂ ਦੌਰਾਨ ਹਾਲਾਤ ਇੰਨੇ ਮਾੜੇ ਹੋ ਗਏ ਸੀ ਕਿ ਪੰਜਾਬ ਸਿਰ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਸੀ, ਬੋਰਡਾਂ/ਕਾਰਪੋਰੇਸ਼ਨਾਂ ਦਾ ਤਾਂ ਕੋਈ ਹਿਸਾਬ-ਕਿਤਾਬ ਹੀ ਨਹੀਂ ਹੈ ਕਿਉਂਕਿ ਉਹ ਬਜਟ ਵਿੱਚ ਨਹੀਂ ਆਉਂਦੇ। ਸਪੀਕਰ ਸਾਹਿਬ, ਪਿਛਲੀਆਂ ਸਰਕਾਰਾਂ ਦੀ ਵਜ੍ਹਾ ਕਰਕੇ RBI ਦੀ ਸਟੇਟ ਫਾਈਨਾਂਸਿਜ਼ ਦੀ ਰਿਪੋਰਟ ਮੁਤਾਬਿਕ debt to GSDP ratio 42.5 ਆ ਚੁੱਕੀ ਹੈ ਜੋ ਕਿ highest after J&K, Arunachal Pradesh and Nagaland.

ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਕਈ ਇਸ਼ੂਜ਼ ਸਬੰਧੀ ਇਲੈਕਸ਼ਨਾਂ ਤੋਂ ਪਹਿਲਾਂ ਵਾਅਦੇ ਕੀਤੇ ਸੀ ਅਤੇ ਮੈਂ ਸਮਝਦਾ ਹਾਂ ਕਿ ਇਸ ਗਵਰਨਰਜ਼ ਐਡਰੈਸ ਤੋਂ ਵੀ ਵੱਧ ਕੇ ਕੰਮ ਹੋ ਰਿਹਾ ਹੈ। ਪਿਛਲੇ ਸਮੇਂ ਵਿੱਚ ਲੋਕਾਂ ਵਿੱਚ ਬੜਾ ਗੁੱਸਾ ਸੀ ਕਿ ਜਿਹੜੇ ਐਕਸ ਐਮ.ਐਲ.ਏਜ਼ ਹਨ, ਉਨ੍ਹਾਂ ਦੀਆਂ ਮਲਟੀ ਪੈਨਸ਼ਨਜ਼ ਹਨ। ਇਸ ਸਰਕਾਰ ਨੇ ਫੈਸਲਾ ਲਿਆ ਅਤੇ ਉਸ ਨੂੰ ਗਵਰਨਰ ਸਾਹਿਬ ਕੋਲ ਭੇਜਿਆ ਪਰ ਕਿਨ੍ਹਾਂ ਕਾਰਨਾਂ ਕਰਕੇ ਗਵਰਨਰ ਸਾਹਿਬ ਨੇ Bills ਵਾਪਸ ਕਰ ਦਿੱਤੇ for the reasons best known to him, ਇਸ ਵਾਸਤੇ ਸਰਕਾਰ ਵਚਨਬੱਧ ਹੈ।

ਸਪੀਕਰ ਸਾਹਿਬ, ਬੜੇ ਲੰਬੇ ਸਮੇਂ ਤੋਂ ਪੁਲੀਟੀਕਲ ਪੈਟ੍ਰੋਨੇਜ ਅਤੇ ਬਿਉਰੋਕ੍ਰੇਟਿਕ ਪੈਟ੍ਰੋਨੇਜ ਨਾਲ ਲੈਂਡ ਮਾਫੀਆ ਦੁਆਰਾ ਇਲਲੀਗਲ ਐਨਕ੍ਰੋਚਮੈਂਟਸ ਕੀਤੀਆਂ ਗਈਆਂ ਸਨ। ਮੈਨੂੰ ਖੁਸ਼ੀ ਹੁੰਦੀ ਹੈ ਅਤੇ ਮੈਂ ਸ਼੍ਰੀ ਭਗਵੰਤ ਮਾਨ ਸਾਹਿਬ ਅਤੇ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਤਕਰੀਬਨ ਡੇਢ ਮਹੀਨੇ ਦੇ ਵਕਫੇ ਵਿੱਚ ਹੀ 6,000 ਤੋਂ ਵੀ ਵੱਧ ਏਕੜ ਇਲਲੀਗਲ ਐਨਕ੍ਰੋਚਮੈਂਟਸ ਤੋਂ ਛੁਡਾ ਲਏ ਹਨ।

ਸਪੀਕਰ ਸਾਹਿਬ, ਮਾਂ ਬੋਲੀ ਪੰਜਾਬੀ ਵਾਸਤੇ ਪਹਿਲੀ ਵਾਰ ਹੋ ਰਿਹਾ ਹੈ ਕਿ ਜੇ ਕਿਸੇ ਨੇ ਪੰਜਾਬ ਵਿੱਚ ਨੌਕਰੀ ਲੈਣੀ ਹੈ ਤਾਂ ਪੰਜਾਬੀ ਵਿੱਚ 50% ਮਾਰਕਸ ਕੰਪਲਸਰੀ ਕੀਤੇ ਗਏ ਹਨ। ਸਾਡੀ ਸਰਕਾਰ ਨੇ ਢਾਈ-ਤਿੰਨ ਮਹੀਨਿਆਂ ਵਿੱਚ ਅਜਿਹੇ ਇਤਿਹਾਸਕ ਇਨੀਸ਼ੀਏਟਿਵ ਲਏ ਹਨ ਜੋ ਕਿ ਇੰਨੇ ਸਾਲਾਂ ਵਿੱਚ ਨਹੀਂ ਲਏ ਗਏ।

ਸਪੀਕਰ ਸਾਹਿਬ, ਮੇਰੇ ਬਹੁਤ ਹੀ ਸਤਿਕਾਰਯੋਗ ਆਪੋਜ਼ੀਸ਼ਨ ਦੇ ਸਾਥੀ ਲਾਅ ਐਂਡ ਆਰਡਰ ਦੀ ਗੱਲ ਕਰ ਰਹੇ ਸਨ ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਹੈ, ਮੈਂ ਬਾਜਵਾ ਸਾਹਿਬ ਦੀ ਗੱਲ ਨਾਲ 100% ਸਹਿਮਤ ਹਾਂ ਕਿ ਜੇ ਜਾਨ ਹੈ ਤਾਂ ਜਹਾਨ ਹੈ।

24.6.2022 ਕਰਮਜੀਤ ਕੌਰ/ਹਰਜਿੰਦਰ ਸਿੰਘ 3.50

ਲਾਅ ਐਂਡ ਆਰਡਰ ਬਹੁਤ ਇੰਪਾਰਟੈਂਟ ਇਸ਼ੂ ਹੈ ਅਤੇ ਇਸ ਦੇ ਉਪਰ ਡਿਸਕਸ਼ਨ ਹੋਣੀ ਚਾਹੀਦੀ ਹੈ। ਸਰ, ਮੈਂ ਇਸ ਵਿੱਚ ਇਹ ਨਹੀਂ ਕਹਿੰਦਾ ਕਿ ਤੁਹਾਡਾ ਸਵਾਲ ਗਲਤ ਹੈ ਜਾਂ ਤੁਹਾਡਾ ਕਨਸਰਨ ਗਲਤ ਹੈ ਪਰ ਇਸ ਲਾਅ ਐਂਡ ਆਰਡਰ ਨੂੰ ਇੱਕ ਵਾਈਡਰ ਪ੍ਰਾਸਪੈਕਟਿਵ ਦੇ ਵਿੱਚ ਦੇਖਣ ਦੀ ਅੱਜ ਲੋੜ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦੀ ਦੁਨੀਆਂ ਭਰ ਵਿੱਚ ਬਹੁਤ ਪਾਪੂਲੈਰਿਟੀ ਸੀ, ਸਿੱਧੂ ਮੂਸੇਵਾਲ, ਉਨ੍ਹਾਂ ਦਾ ਪਿਛਲੇ ਦਿਨਾਂ ਵਿੱਚ ਉਨ੍ਹਾਂ ਦਾ ਬਹੁਤ ਦਰਦਨਾਕ ਕਤਲ ਹੋਇਆ ਹੈ। ਉਸ ਤੋਂ ਬਾਅਦ ਲਾਅ ਐਂਡ ਆਰਡਰ ਦੇ ਉਪਰ ਮਾਹੌਲ ਦੇ ਉਪਰ ਇਸ਼ੂ ਰੇਜ਼ ਕੀਤਾ ਗਿਆ ਪਰ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਅੱਜ ਸਾਰੀ ਆਪੋਜ਼ੀਸ਼ਨ ਅਤੇ ਪੂਰੇ ਪੰਜਾਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਅੱਜ ਇਹ ਮੇਰੇ ਵੀਰ ਲਾਅ ਐਂਡ ਆਰਡਰ ਦੀ ਗੱਲ ਕਰਦੇ ਹਨ, ਕੀ ਇਹ ਮਾਹੌਲ ਤਿੰਨ ਮਹੀਨਿਆਂ ਦੀ ਸ੍ਰੀ ਭਗਵੰਤ ਮਾਨ ਜੀ ਦੀ ਸਰਕਾਰ ਦੀ ਦੇਣ ਹੈ? ਸਰ, ਇਹ ਉਹ ਕੰਡੇ ਹਨ ਜਿਹੜੀਆਂ ਪਿਛਲੀਆਂ ਸਰਕਾਰਾਂ ਦੇ ਬੀਜੇ ਹੋਏ ਹਨ, ਅਸੀਂ ਤਾਂ ਸਿਰਫ ਤੇ ਸਿਰਫ ਉਨ੍ਹਾਂ ਕੰਡਿਆਂ ਨੂੰ ਚੁਗਣ ਲੱਗੇ ਹੋਏ ਹਾਂ। (ਥੰਪਿੰਗ) (ਵਿਘਨ)(ਸ਼ੋਰ) ਇੱਕ ਮਿੰਟ ਜੀ। ਮੈਨੂੰ ਆਪਣੀ ਗੱਲ ਕਹਿ ਲੈਣ ਦਿਉ। ਰਾਜਾ ਜੀ, ਇਵੇਂ ਨਾ ਕਰੋ। ਮੈਨੂੰ ਬੋਲ ਲੈਣ ਦਿਉ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੇਰਾ ਸਵਾਲ ਹੈ ਜੀ, ਅਦਰਵਾਈਜ਼ ਅਸੀਂ ਇਨ੍ਹਾਂ ਨੂੰ ਸੁਣ ਹੀ ਰਹੇ ਸੀ।

**ਮਾਨਯੋਗ ਸਪੀਕਰ:** ਹਾਂ ਜੀ, ਬੋਲੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ):** ਬਹੁਤ ਸਹੀ ਸਤਿਕਾਰਯੋਗ ਸਪੀਕਰ ਸਾਹਿਬ, ਮੇਰੇ ਸਾਥੀ, ਮੇਰੇ ਕੁਲੀਗ ਨੇ ਲਾਅ ਐਂਡ ਆਰਡਰ ਤੇ ਚਿੰਤਾ ਜ਼ਾਹਿਰ ਕੀਤੀ ਹੈ। ਅਸੀਂ ਵੀ ਤੁਹਾਡੇ ਤੋਂ ਇਹ ਮੰਗ ਕਰ ਰਹੇ ਸੀ ਕਿ ਗਵਰਨਰ ਐਡਰੈਸ ਵਿੱਚ ਅਸੀਂ ਤਮਾਮ ਚੀਜ਼ਾਂ ਬਾਰੇ ਦੱਸ ਨਹੀਂ ਸਕਾਂਗੇ ਕਿ ਲਾਅ ਐਂਡ ਆਰਡਰ ਦੇ ਬਾਰੇ ਵਿੱਚ ਕੀ ਕੀ ਹੋਇਆ ਹੈ ਪਰ ਜਿਸ ਪ੍ਰਕਾਰ ਇਨ੍ਹਾਂ ਨੇ ਗੱਲ ਸ਼ੁਰੂ ਕਰ ਲਈ ਹੈ, ਇਨ੍ਹਾਂ ਨੇ ਕਿਹਾ ਹੈ ਕਿ ਮੇਰੇ ਆਪੋਜ਼ੀਸ਼ਨ ਦੇ ਸਾਥੀ ਦੱਸਣ, ਜਿਹੜੇ ਚਰਚਿਤ ਮਰਡਰ ਦੀ ਇਹ ਗੱਲ ਕਰ ਰਹੇ ਹਨ, ਸਾਡੀ ਸਰਕਾਰ ਨੇ ਉਸ ਨੂੰ 10 ਸਕਿਉਰਿਟੀ ਗਾਰਡਜ਼ ਦਿੱਤੇ ਹੋਏ ਸੀ। ਉਸ ਬੰਦੇ ਨੂੰ ਆਈ.ਬੀ. ਤੋਂ ਇੱਕ ਸਾਲ ਪਹਿਲਾਂ ਇੱਥੇ ਇਨਫਰਮੇਸ਼ਨ ਆਈ ਕਿ ਉਸ ਵਿਅਕਤੀ ਨੂੰ ਹਾਈਐਸਟ ਥਰੈਟ ਹੈ। ਉਸ ਬੰਦੇ ਦੀ ਜਾਨ ਨੂੰ ਖਤਰਾ ਹੈ। ਫਿਰ ਇੱਕ ਮਹੀਨਾ ਪਹਿਲਾਂ ਇੱਕ ਸ਼ਾਹਰੁੱਖ ਖਾਨ ਨਾਮ ਦਾ

ਵਿਅਕਤੀ, ਜਿਹੜਾ ਦਿੱਲੀ ਕਰਾਈਮ ਪੁਲਿਸ ਵਾਲਿਆਂ ਨੇ ਫੜਿਆ, ਉਨ੍ਹਾਂ ਨੇ ਮੌਜੂਦਾ ਡੀ.ਜੀ.ਪੀ. ਨੂੰ ਇਤਲਾਹ ਕੀਤੀ ਕਿ ਇਹ ਬੰਦਾ ਰੇਕੀ ਕਰਕੇ ਆਇਆ ਹੈ, ਇਸ ਬੰਦੇ ਨੇ ਸਿੱਧੂ ਮੁੱਸੇਵਾਲੇ ਨੂੰ ਮਾਰਨਾ ਹੈ। ਪਰ ਹੁਣ ਇਹ ਇਸ ਕਰਕੇ ਵਾਪਸ ਆ ਗਿਆ ਕਿਉਂਕਿ ਸਿੱਧੂ ਕੋਲ ਹਥਿਆਰਬੰਦ ਬਾਡੀ ਗਾਰਡ ਸਨ ਜਿਨ੍ਹਾਂ ਕੋਲ ਏ.ਕੇ. 47 ਗੰਨਜ ਸਨ। ਤੁਸੀਂ 10 ਵਿੱਚੋਂ 6 ਬਾਡੀ ਗਾਰਡਜ ਹਟਾ ਦਿੱਤੇ ਅਤੇ 4 ਰੱਖੇ, ਫਿਰ ਉਨ੍ਹਾਂ ਚਾਰਾਂ ਵਿੱਚੋਂ ਬਿਨਾਂ ਕੁਝ ਦੇਖੇ ਸੋਚੇ ਤੁਸੀਂ ਦੋ ਹੋਰ ਉਡਾ (ਹਟਾ) ਦਿੱਤੇ। ਫਿਰ ਜਦੋਂ ਹਟਾ ਦਿੱਤੇ ਗਏ, ਜਿਹੜਾ ਕਿ ਇੱਕ ਸੀਕਰੇਟ ਡਾਕੂਮੈਂਟ ਹੁੰਦਾ ਹੈ, ਉਸ ਬਾਰੇ ਤੁਸੀਂ ਆਪਣੀ ਫੇਸਬੁੱਕ ਤੇ ਪਾ ਦਿੱਤਾ ਕਿ ਅੱਜ ਅਸੀਂ ਸਿੱਧੂ ਮੁੱਸੇਵਾਲੇ ਦੀ ਸਕਿਓਰਟੀ ਵਾਪਸ ਲੈ ਲਈ ਹੈ ਅਤੇ ਸ਼ਾਮ ਨੂੰ ਮੂਸੇਵਾਲ ਸਾਹਿਬ ਦਾ ਕਤਲ ਹੋ ਜਾਂਦਾ ਹੈ। (ਆਪੋਜ਼ੀਸ਼ਨ ਬੈਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਫਿਰ ਤੁਸੀਂ ਕੁਝ ਹੋਰ ਕਹਿਣ ਲੱਗ ਪੈਂਦੇ ਹੋ, ਫਿਰ ਸਰਾਸਰ ਇੱਕ ਲੜਕੀ ਨੂੰ ਕਹਿ ਦਿੰਦੇ ਹੋ, ਹਾਲਾਂਕਿ ਫੇਸਬੁੱਕ ਤੇ ਕਿਹਨੇ ਪਾਇਆ ਹੈ ਅਤੇ ਕਿਉਂ ਪਾਇਆ ਹੈ, ਇਹ ਸਾਰਾ ਤੁਹਾਨੂੰ ਸਰਕਾਰ ਨੂੰ ਪਤਾ ਹੈ। ਤੁਸੀਂ ਆਪਣੇ ਡਿਪਾਰਟਮੈਂਟ ਦੀ ਲੜਕੀ ਬਾਰੇ ਕਹਿ ਦਿੱਤਾ ਕਿ ਇਹ ਤਾਂ ਇਸ ਦੀ ਗਲਤੀ ਹੋ ਗਈ। ਸੋ, ਸਿੱਧੂ ਮੂਸੇਵਾਲ ਦਾ ਕਤਲ ਬਿਲਕੁਲ ਬਚ ਸਕਦਾ ਸੀ, ਅਗਰ ਸਰਕਾਰ ਚਾਹੁੰਦੀ। ਕਾਂਗਰਸ ਪਾਰਟੀ ਦੇ ਰਾਜ ਵਿੱਚ ਇਸ ਤਰ੍ਹਾਂ ਦਾ ਕੋਈ ਹੱਲਾ ਨਹੀਂ ਹੋਇਆ ਸੀ। ਹੁਣ 90 ਦਿਨਾਂ ਵਿੱਚ 70 ਜਾਨਾਂ ਜਾ ਚੁੱਕੀਆਂ ਹਨ ਜਨਾਬ। ਇਸੇ ਕਰਕੇ ਤੁਹਾਨੂੰ ਅਸੀਂ ਕਹਿੰਦੇ ਹਾਂ ਕਿ ਕਿਰਪਾ ਕਰਕੇ ਸਾਨੂੰ ਲਾਅ ਐਂਡ ਆਰਡਰ ਦੇ ਮਸਲੇ ਤੇ ਬੋਲਣ ਲਈ ਘੱਟੋ-ਘੱਟ ਇੱਕ ਘੰਟਾ ਦੇ ਦਿਉ, ਸਾਰਾ ਕੁਝ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ। ਸਾਨੂੰ ਪੰਜਾਬ ਦੀ ਜਨਤਾ ਲਾਈਵ ਦੇਖ ਰਹੀ ਹੈ। ਖਹਿਰਾ ਸਾਹਿਬ ਨੇ ਠੀਕ ਕਿਹਾ ਹੈ ਕਿ ਅਸੀਂ ਅੱਜ 18 ਰਹਿ ਗਏ ਹਾਂ, ਸਾਡੀਆਂ ਗਲਤੀਆਂ ਸਨ, ਬੜੀਆਂ ਹੋਈਆਂ। ਲੇਕਿਨ ਲਾਅ ਐਂਡ ਆਰਡਰ ਦੇ ਮਸਲੇ ਤੇ ਅਸੀਂ ਤਕੜੇ ਹੋ ਕੇ ਕੰਮ ਕੀਤਾ ਹੈ, ਭਾਵੇਂ ਪੰਜ ਸਾਲ ਦੀ ਮਗਰਲੀ ਸਰਕਾਰ ਸੀ। ਇਸ ਤਰ੍ਹਾਂ ਦੇ ਦਿਨ ਕਦੇ ਨਹੀਂ ਦੇਖਣੇ ਪਏ ਜਿੱਥੇ ਮੁੱਖ ਮੰਤਰੀ ਸਾਹਿਬ ਨੂੰ, ਉਪ ਮੁੱਖ ਮੰਤਰੀ ਨੂੰ ਅਜਿਹੀ ਮੁਸ਼ਕਲ ਆਈ ਹੋਵੇ, ਐਮ.ਪੀ., ਮੈਂਬਰ ਆਫ ਪਾਰਲੀਮੈਂਟ ਨੇ ਪਰਚਾ ਦਰਜ ਕਰਵਾਇਆ। ਸਿਆਸਤਦਾਨਾਂ ਦੀ ਗੱਲ ਛੱਡ ਦਿਉ, ਸਰਪੰਚਾਂ ਨੂੰ ਅਤੇ ਆਮ ਲੋਕਾਂ ਨੂੰ ਧਮਕੀਆਂ ਮਿਲ ਰਹੀਆਂ ਹਨ। ਮੇਰਾ ਮੁਕਤਸਰ ਦੇ ਵਿੱਚ ਇੱਕ ਆੜਤੀਆ ਹੈ, ਉਸ ਨੂੰ ਪਰਸੋਂ ਕਾਲ ਆਈ ਅਤੇ ਉਸ ਨੇ 10 ਲੱਖ ਰੁਪਿਆ ਦੇ ਦਿੱਤਾ ਹੈ। ਇੱਥੇ ਹਜ਼ਾਰਾਂ ਅਜਿਹੇ ਲੋਕ ਹਨ , ਅਸੀਂ ਉਨ੍ਹਾਂ ਬਾਰੇ ਗੱਲ ਕਰਨੀ ਚਾਹੁੰਦੇ ਹਾਂ। ਤੁਸੀਂ ਉਸ ਦਿਨ ਵੀ ਕਿਹਾ ਕਿ ਗੈਂਗਸਟਰ ਕਾਂਗਰਸ ਪਾਰਟੀ ਦੀ ਦੇਣ ਹਨ। ਹੁਣ ਤੁਸੀਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਸਾਰੇ ਦੇ ਸਾਰੇ ਮਾਰੇ ਪਏ ਹਨ। ਹੁਣ ਇਹ ਤੁਹਾਡੀ ਜ਼ਿੰਮੇਵਾਰੀ ਹੈ। ਮੇਰੀ ਬੇਨਤੀ ਹੈ ਕਿ ਅਗਰ ਇਹ ਕਾਂਗਰਸ ਦੀ ਦੇਣ ਹੈ ਤਾਂ ਤੁਸੀਂ ਕਹੋ ਕਿ ਅਸੀਂ ਹੁਣ ਇੱਕ ਵੀ ਕਤਲ ਨਹੀਂ ਹੋਣ ਦਿਆਂਗੇ। ਹੁਣ ਤਿੰਨ ਮਹੀਨੇ ਬਾਅਦ ਤੁਸੀਂ ਕਾਂਗਰਸ ਬਾਰੇ ਕਹਿਣ ਲੱਗ ਪਏ ਹੋ....(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਇੱਕ ਮਿੰਟ ਜੀ। (ਵਿਘਨ) ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਸ਼ਾਂਤੀ ਬਣਾ ਕੇ ਰੱਖਣੀ ਚਾਹੀਦੀ ਹੈ। ਇਹ ਸੀਰੀਅਸ ਡਿਬੇਟ ਹੈ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਮੈਂ ਆਪਣੇ ਵੀਰ ਰਾਜਾ ਵੜਿੰਗ ਜੀ ਦੀ ਗੱਲ ਦੇ ਨਾਲ ਬਿਲਕੁਲ ਸਹਿਮਤ ਹਾਂ। ਨਾ ਹੀ ਮੈਂ ਅਤੇ ਨਾ ਹੀ ਸਾਡੀ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਨਾ ਕਦੇ ਪਿੱਠ ਦਿਖਾ ਕੇ ਭੱਜੇ ਹਾਂ ਅਤੇ ਨਾ ਹੀ ਕਦੇ ਸਰਕਾਰ ਭੱਜੇਗੀ ਪਰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਦੀਆਂ ਜੜ੍ਹਾਂ ਕਿੱਥੇ ਹਨ, ਇਸ ਦਾ ਗਰਭ ਕਿੱਥੇ ਹੈ। ਠੀਕ ਹੈ, ਅੱਜ ਹਾਲਾਤ ਜੋ ਹਨ, ਸਿੱਧੂ ਮੂਸੇਵਾਲ ਦਾ ਕਤਲ ਹੋਇਆ। ਅਜਿਹਾ ਕਿਸੇ ਵੀ ਮਾਂ ਪਿਉ ਦੇ ਬੱਚੇ ਨਾਲ ਨਾ ਹੋਵੇ। ਸਰ, ਪਰ ਮੈਂ ਇਸ ਦੀ ਬੈਕਗਰਾਊਂਡ ਦੇ ਵਿੱਚ ਜਾਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਇਹ ਹਾਲਾਤ ਕਿਉਂ ਬਣੇ ਹਨ।

24.06.2022/03.55/ਹਰਪ੍ਰੀਤ ਸਿੰਘ/ਹਰਜਿੰਦਰ ਸਿੰਘ ਟਿਵਾਣਾ

ਸਪੀਕਰ ਸਾਹਿਬ, ਅੱਜ ਤੋਂ ਲਗਭੱਗ ਡੇਢ ਮਹੀਨੇ ਪਹਿਲਾਂ ਮੋਹਾਲੀ ਇੰਟੈਲੀਜੈਂਸ ਹੈਡਕੁਆਰਟਰ ਤੇ ਆਰ.ਪੀ.ਜੀ. ਦੇ ਨਾਲ ਅਟੈਕ ਹੋਇਆ। ਇਹ ਇਕ ਰਾਕਟ ਲਾਂਚਰ ਹੈ ਔਰ ਸਿੱਧੂ ਮੂਸੇਵਾਲ ਜੀ ਦਾ ਕਤਲ ਏ.ਐਨ. 94 ਰਾਈਫਲ ਨਾਲ ਹੋਇਆ ਜਿਹੜੀ ਕਿ ਸਿਰਫ ਰਸ਼ੀਆ ਦੀ ਆਰਮੀ ਕੋਲ ਹੈ। ਸਪੀਕਰ ਸਾਹਿਬ, ਆਰ.ਪੀ.ਜੀ. ਅਤੇ ਏ.ਐਨ. 94 ਰਾਈਫਲਾਂ ਤਾਂ ਅਤਿਵਾਦ ਦੇ ਪੀਕ ਸਮੇਂ ਵਿਚ ਵੀ ਅਤਿਵਾਦੀਆਂ ਕੋਲ ਨਹੀਂ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਇਨ੍ਹਾਂ ਗੈਂਗਸਟਰ ਕੋਲ ਇਹ ਹਥਿਆਰ ਕਿਵੇਂ ਆ ਗਏ। ਤਿੰਨ ਮਹੀਨਿਆਂ ਵਿਚ ਤਾਂ ਇਨ੍ਹਾਂ ਦੀ ਮੈਨੁਫੈਕਚਰਿੰਗ ਪੰਜਾਬ ਵਿਚ ਸ਼ੁਰੂ ਨਹੀਂ ਹੋ ਸਕਦੀ। ਇਹ ਇੰਟਰਨੈਸ਼ਨਲ ਬਾਰਡਰਜ਼ ਤੋਂ ਆਏ ਹਨ, ਜਿਸ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੈ। (ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲੋਂ ਵਿਘਨ..) ਇਕ ਮਿੰਟ ਮੇਰੀ ਗੱਲ ਤਾਂ ਸੁਣ ਲਓ, ਸ਼ਾਂਤੀ ਰੱਖੋ, ਇੰਜ ਨਾ ਕਰੋ।

**ਮਾਨਯੋਗ ਸਪੀਕਰ:** ਮੇਰੀ ਬੇਨਤੀ ਹੈ ਕਿ ਚੇਅਰ ਨੂੰ ਐਡਰੈਸ ਕੀਤਾ ਜਾਵੇ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਇਹ ਬਹੁਤ ਮੰਦਭਾਗਾ ਹੋਇਆ ਹੈ ਪਰ ਮੈਂ ਇਸ ਦੇ ਬੈਕਗਰਾਉਂਡ ਵਿਚ ਜਾਣਾ ਚਾਹੁੰਦਾ ਹਾਂ। ਲਾਅ ਐਂਡ ਆਰਡਰ ਦੀ ਗੱਲ ਕੀਤੀ ਗਈ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸੂਬੇ ਵਿਚ ਇਕ ਵੀ ਕਰਾਈਮ ਹੁੰਦਾ ਹੈ ਤਾਂ ਉਹ ਗਲਤ ਹੈ ਅਤੇ ਅਸੀਂ ਉਸ ਦੀ ਜ਼ਿੰਮੇਵਾਰੀ ਲੈਂਦੇ ਹਾਂ ਪਰ ਸਾਡੀ ਸਰਕਾਰ ਦੇ ਤਿੰਨ ਮਹੀਨਿਆਂ ਵਿਚ ਜਿਹੜੀ ਕਰਾਈਮ ਦੀ ਐਵਰੇਜ ਆਈ ਹੈ, ਉਹ 50 ਮਰਡਰਜ਼ ਦੀ ਆਈ ਹੈ, ਜਿਹੜੀ ਕਿ 2021 ਵਿਚ 60 ਦੀ ਸੀ।ਸਪੀਕਰ ਸਾਹਿਬ, ਇਹ ਮੈਂ ਨਹੀਂ ਬੋਲ

ਰਿਹਾ, ਇਹ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੀਆਂ ਫਿੱਗਰਜ਼ ਹਨ। ਜੇਕਰ ਇਹ ਗਲਤ ਹੋਣ ਤਾਂ ਤੁਸੀਂ ਚੈਲੰਜ ਕਰ ਸਕਦੇ ਹੋ।

**ਮਾਨਯੋਗ ਸਪੀਕਰ:** 2022 ਵਿਚ ਕਿੰਨੀ ਫਿੱਗਰਜ਼ ਸੀ?

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਤਿੰਨ ਮਹੀਨਿਆਂ ਵਿਚ 50 ਦੀ ਹੈ। ਇਹ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦਾ ਰਿਕਾਰਡ ਬੋਲ ਰਿਹਾ ਹੈ। ਸਪੀਕਰ ਸਾਹਿਬ, 2013 ਵਿਚ ਪੰਜਾਬ ਦੇ ਵਿਚ ਕੁੱਲ 711 ਮਰਡਰਜ਼ ਹੋਏ ਸੀ, ਜਿਹੜੀ Percentage to total IPC Crimes 28.12% ਸੀ which is 7th Highest in the country. ਇਸ ਸਮੇਂ ਅਕਾਲੀ-ਭਾਜਪਾ ਸਰਕਾਰ ਸੀ। 2016 ਵਿਚ ਕੁੱਲ ਕਰਾਈਮ 57739 ਸੀ, ਜਿਹੜਾ 2020 ਵਿਚ ਵੱਧ ਕੇ 82875 ਹੋ ਗਿਆ। ਚਾਰ ਸਾਲਾਂ ਵਿਚ 43.5 ਫੀਸਦੀ ਕਰਾਈਮ ਵੱਧ ਗਿਆ। 2020 ਵਿਚ ਐਨ.ਡੀ.ਪੀ.ਐਸ ਐਕਟ ਦੇ ਕੇਸਿਜ਼ ਵਿਚ ਪੰਜਾਬ ਕਾਂਗਰਸ ਸਰਕਾਰ ਵੇਲੇ ਦੇਸ਼ ਵਿਚੋਂ ਟੌਪ ਕਰ ਰਿਹਾ ਸੀ। ਹੁਣ ਮੈਂ ਤੁਹਾਨੂੰ ਦੱਸਦਾ ਹਾਂ ਕਿ ਸਿਰਫ ਲੁਧਿਆਣਾ ਵਿਚ 2010 ਵਿਚ 90 ਮਰਡਰ ਹੋਏ, 2011 ਵਿਚ 76, 2012 ਵਿਚ 79, 2014 ਵਿਚ 73, 2015 ਵਿਚ 73, 2016 ਵਿਚ 64, 2017 ਵਿਚ 59, 2018 ਵਿਚ 53, 2019 ਵਿਚ 56 ਮਰਡਰਜ਼ ਹੋਏ। ਸਿਟੀ ਵਾਈਜ਼ ਕਰਾਈਮ ਸ਼ੇਅਰ 5 ਫੀਸਦੀ ਸੀ, ਜਿਹੜਾ ਕਿ ਦੇਸ਼ ਵਿਚ 4th Highest ਸੀ। ਇਹ ਇਨ੍ਹਾਂ ਦੀ ਸਰਕਾਰ ਵੇਲੇ ਦਾ ਰਿਕਾਰਡ ਦੱਸ ਰਿਹਾ ਹਾਂ। ਸਪੀਕਰ ਸਾਹਿਬ, 2010 ਤੋਂ 2021 ਤੱਕ ਜਿਹੜੀਆਂ ਮੈਂ ਤੁਹਾਨੂੰ ਫਿੱਗਰਜ਼ ਦਿੱਤੀਆਂ ਹਨ, ਉਸ ਅਨੁਸਾਰ ਸਿਰਫ ਲੁਧਿਆਣਾ ਵਿਚ 656 ਮਰਡਰਜ਼ ਹੋਏ।

**ਸ਼੍ਰੀ ਸੰਦੀਪ ਜਾਖੜ (ਅਬੋਹਰ):** ਸਪੀਕਰ ਸਾਹਿਬ, ਹੁਣੇ ਸ਼੍ਰੀ ਅਮਨ ਅਰੋੜਾ ਜੀ ਨੇ ਐਨ.ਸੀ.ਆਰ.ਬੀ. ਦੇ ਅੰਕੜੇ ਦਿੱਤੇ। ਉਨ੍ਹਾਂ ਨੇ ਕਿਹਾ ਕਿ ਇਹ ਸੈਂਟਰਲ ਏਜੰਸੀ ਦੇ ਅੰਕੜੇ ਹਨ ਪਰ ਜਦੋਂ ਸੈਂਟਰ ਦੇ ਅੰਕੜੇ ਕਹਿੰਦੇ ਹਨ ਕਿ ਪੰਜਾਬ ਦੇ ਸਕੂਲ ਨੰਬਰ ਵੰਨ ਹਨ। ਉਸ ਸਮੇਂ ਉਹ ਅੰਕੜੇ ਗਲਤ ਹੁੰਦੇ ਹਨ ਪਰ ਜਦੋਂ ਐਨ.ਸੀ.ਆਰ.ਬੀ. ਦੇ ਅੰਕੜੇ ਕਹਿੰਦੇ ਹਨ ਕਿ ਕਰਾਈਮ ਪਹਿਲਾਂ ਜ਼ਿਆਦਾ ਸੀ ਤਾਂ ਇਹ ਮੰਨ ਲੈਂਦੇ ਹਨ। (ਕਾਂਗਰਸ ਪਾਰਟੀ ਦੇ ਮੈਂਬਰਜ਼ ਵੱਲੋਂ ਥੰਪਿੰਗ)

**ਸ਼੍ਰੀ ਅਮਨ ਅਰੋੜਾ :** ਮੈਂ ਦੱਸ ਦਿੰਦਾ। ਇਸ ਵਿਚ ਫਰਕ ਇੰਨਾ ਕੁ ਹੈ, ਕਿ ਜਿਹੜੇ ਐਜੂਕੇਸ਼ਨ ਵਾਲੇ ਅੰਕੜੇ ਦੱਸਦੇ ਨੇ, ਉਨ੍ਹਾਂ ਦੀ ਜੋ ਰਿਪੋਰਟ ਹੈ, ਉਹ indicative ਹੋ ਸਕਦੀ ਹੈ ਪਰ ਜਿਹੜੇ ਇਹ ਰਿਕਾਰਡ ਹਨ ਇਹ ਤਾਂ FIR ਹੋਈਆਂ ਹਨ ਧਾਰਾ 302 ਦੇ ਤਹਿਤ। ਇਹ ਫਰਕ ਹੈ। So please try to understand (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। (ਵਿਘਨ) ਇੱਕ ਮਿੰਟ, ਆਏ ਨਾ ਕਰੋ।

**ਮਾਨਯੋਗ ਸਪੀਕਰ:** ਪੈਰੇਲਲ ਡਿਬੇਟ ਨਾ ਕਰੋ।

**ਸ਼੍ਰੀ ਅਮਨ ਅਰੋੜਾ :** ਐਨ.ਸੀ.ਆਰ.ਬੀ. ਦੀ ਰਿਪੋਰਟ indicative ਵੀ ਹੋ ਸਕਦੀ ਹੈ ਤੇ fabricated ਵੀ ਹੋ ਸਕਦੀ ਹੈ। ਦੂਜੀ ਗੱਲ ਇਹ ਹੈ ਕਿ ਮੇਰੇ ਬਹੁਤ ਹੀ ਸਤਿਕਾਰਯੋਗ ਵੱਡੇ ਵੀਰ ਰੰਧਾਵਾ ਸਾਹਿਬ ਗੱਲ ਕਰ ਰਹੇ ਸੀ, ਇਹ ਹੋਮ ਮਨਿਸਟਰ ਵੀ ਰਹੇ ਹਨ ਅਤੇ ਡਿਪਟੀ ਸੀ.ਐਮ ਵੀ ਰਹੇ ਨੇ। ਆਪਾਂ ਇਸ ਗੱਲ ਤੇ ਆਈਏ ਕਿ criminals ਦੇ ਇੰਨੇ ਹੌਂਸਲੇ ਵਧੇ ਕਿਵੇਂ ਹਨ। ਸਰ, ਮੈਂ ਕੁਝ unresolved cases of 2015 to 2021 ਦੇ Floor of the House ਤੇ ਰੱਖਣਾ ਚਾਹਾਂਗਾ। ਸਪੀਕਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ unresolved ਹੈ, ਆਰ.ਐਸ.ਐਸ. ਲੀਡਰ ਸ਼੍ਰੀ ਜਗਦੀਸ਼ ਗਗਨੇਜਾ ਜੀ ਦਾ ਮਰਡਰ ਹੋਇਆ unresolved ਹੈ, ਜਿਹੜਾ ਸਪੀਕਰ ਸਾਹਿਬ ਤੁਹਾਨੂੰ ਪੁੱਛਿਆ ਜਾ ਰਿਹਾ ਸੀ, ਤੁਹਾਨੂੰ ਸਵਾਲ ਕੀਤਾ ਸੀ ਕਿ sub-judice ਕਿਵੇਂ ਹੈ, ਜਵਾਬ ਮੈਂ ਦੇ ਰਿਹਾ ਹੈ, unresolved and sub-judice ਹਨ, ਸੁਣੋ। ਬਰਗਾੜੀ ਕੇਸ, ਜਗਦੀਸ਼ ਗਗਨੇਜਾ ਜੀ ਦਾ ਮਰਡਰ, ਨਾਮਧਾਰੀ ਸੈਕਟ ਦੇ ਮਾਤਾ ਚੰਦ ਕੌਰ ਜੀ ਦਾ 2016 ਵਿੱਚ ਮਰਡਰ ਹੋਇਆ, unresolved and sub-judice ਹੈ, ਇਸੇ ਤਰ੍ਹਾਂ ਮੌੜ bomb blast ਹੋਇਆ 31.1.2017 ਨੂੰ, ਇਸ ਵਿੱਚ 7 ਬੰਦੇ ਮਰੇ ਸਨ ਇਹ ਹਾਲੇ ਤੱਕ unresolved and sub-judice ਹੈ। ਇਸੇ ਤਰੀਕੇ ਨਾਲ ਨਾਭਾ ਜੇਲ ਬਰੇਕ ਹੋਇਆ, ਹਾਲੇ ਤੱਕ untraced and sub-judice ਹੈ, ਇਸੇ ਡਰੱਗ ਕੇਸਿਜ਼ ਹਨ ਇਹ ਤਾਂ ਸਾਰਿਆਂ ਨੂੰ ਹੀ ਪਤਾ ਹੈ। ਵਿੱਕੀ ਮਿਡੂਖੇੜਾ ਦਾ ਕਤਲ ਹੋਇਆ 7 ਅਗਸਤ, 2021 ਨੂੰ ਇਹ ਕੇਸ unresolved and sub-judice ਹੈ। ਇਸ ਤੋਂ ਇਲਾਵਾ ਉਸ ਵੇਲੇ ਗੈਂਗਸਟਰਾਂ ਦੇ ਬੁਲੰਦ ਹੌਸਲੇ ਸਨ ਪਰ ਅੱਜ ਤਾਂ ਗੈਂਗਸਟਰਾਂ ਨੂੰ ਪੰਜਾਬ ਸਰਕਾਰ ਦੇ ਮਨਸ਼ੇ ਨੂੰ ਦੇਖ ਕੇ ਭਾਜੜਾਂ ਪੈਂਦੀਆਂ ਹਨ। ਸਾਲ 2015 ਦੇ ਵਿੱਚ ਅਕਾਲੀ ਦਲ ਸਰਕਾਰ ਵੇਲੇ ਸੁੱਖਾ ਕਾਹਲਵਾਂ ਦਾ ......

(ਇਸ ਸਮੇਂ ਉਰਜਾ ਮੰਤਰੀ ਸਰਦਾਰ ਹਰਭਜਨ ਸਿੰਘ ਸਦਨ ਦੀ ਫਲੌਰ ਨੂੰ ਕਰਾਸ ਕਰਦੇ ਹੋਏ ਆਪਣੀ ਸੀਟ ਵੱਲ ਜਾ ਰਹੇ ਸਨ ਅਤੇ ਉਨ੍ਹਾਂ ਦੀ ਚੇਅਰ ਵੱਲ ਪਿੱਠ ਸੀ)

## OBSERVATION BY THE SPEAKER

**ਮਾਨਯੋਗ ਸਪੀਕਰ:** ਇੱਕ ਮਿੰਟ ਜੀ, ਕੋਈ ਵੀ ਮਾਨਯੋਗ ਮੈਂਬਰ ਜਦੋਂ House ਵਿੱਚ ਆਉਂਦਾ ਹੈ ਤਾਂ ਉਨ੍ਹਾਂ ਨੇ ਸਿੱਧੇ ਜਾਣਾ ਹੈ, ਚੇਅਰ ਵੱਲ ਨੂੰ ਉਨ੍ਹਾਂ ਦੀ ਪਿੱਠ ਕਿਸੇ ਹਿਸਾਬ ਨਾਲ ਨਹੀਂ ਹੋਣੀ ਚਾਹੀਦੀ ਹੈ। ਇਸ ਵਾਸਤੇ ਟਰੇਨਿੰਗ ਵੀ ਕਰਵਾਈ ਜਾਣੀ ਸੀ ਜੋ ਕਿ ਨਹੀਂ ਹੋ ਸਕੀ। ਕੋਈ ਗੱਲ ਨਹੀਂ, ਮੇਰਾ ਇਹ ਦੱਸਣਾ ਫਰਜ਼ ਹੈ।

## MOTION OF THANKS AND DISCUSSION ON GOVERNOR'S ADDRESS
## *(Resumption)*

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਅਮਨ ਅਰੋੜਾ ਜੀ ਸਾਡੇ ਸਤਿਕਾਰਯੋਗ ਮੈਂਬਰ ਹਨ ਪਰ ਮੈਨੂੰ ਪਤਾ ਨਹੀਂ ਕਿ ਉਨ੍ਹਾਂ ਬੈਂਚਾਂ ਵਿੱਚ ਕਿਹੜੀ ਚੁੰਬਕ ਤੇ ਚਮਕ ਹੈ ਕਿ ਜਦੋਂ ਇਹ ਇੱਧਰ ਬੈਠੇ ਸਨ, ਉਦੋਂ ਕੋਈ sub-judice ਨਹੀਂ ਸੀ, ਮੌੜ ਬਲਾਸਟ ਆਪਾਂ ਬੋਲਦੇ ਸੀ ਤੇ ਤੁਸੀਂ ਨਾਲ ਹੀ ਬੋਲਦੇ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀਆਂ ਦੀ ਗੱਲ ਕਰਦੇ ਸੀ ਉਦੋਂ ਕੋਈ sub-judice ਨਹੀਂ ਸੀ। ਉਧਰ ਜਾ ਕੇ sub-judice ਹੋ ਗਿਆ। ਉਹ ਜਿਹੜੀਆਂ ਫਿੱਗਰਾਂ ਕਾਂਗਰਸ ਦੇ ਲੀਡਰ ਪਹਿਲਾਂ ਉਧਰ ਬੈਠ ਕੇ ਪੜਦੇ ਸੀ, NCRB quote ਕਰਦੇ ਸੀ, this is just fudging the figures, this is just jugglery of words. ਸਾਨੂੰ ਕੋਈ ਇਤਰਾਜ਼ ਨਹੀਂ ਹੈ ਪਰ ਹੁਣ ਇਹ ਪੂਰੀ pure ਸਰਕਾਰੀ ਬੋਲੀ ਹੈ। ਤੁਸੀਂ ਤਿੰਨ ਮਹੀਨਿਆਂ ਵਿੱਚ ਹੀ ਭੁੱਲ ਗਏ ਹੋ। ਛੋਟੇ ਵੀਰ ਇਸ ਤਰ੍ਹਾਂ ਨਾ ਕਰੋ।

**ਮਾਨਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ। ਖਹਿਰਾ ਸਾਹਿਬ, ਤੁਹਾਡੀ ਗੱਲ ਆ ਗਈ ਹੈ।

**ਸ੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਨਾ ਤਾਂ ਅਸੀਂ ਕੋਈ ਗੱਲ ਭੁੱਲੇ ਹਾਂ, ਇਕੱਲਾ ਇਕੱਲਾ ਮਸਲਾ ਪੰਜ ਸਾਲਾਂ ਦੇ ਵਿੱਚ solve ਕਰਾਂਗੇ। ਮੈਂ ਉਹ ਕੇਸ ਦੱਸੇ ਹਨ ਜਿਹੜੇ ਕਿ unresolved and sub-judice ਹਨ ਅਤੇ ਉਸ ਗੱਲ ਦਾ ਜਵਾਬ ਦਿੱਤਾ ਹੈ ਜਿਹੜਾ ਤੁਸੀਂ ਸਪੀਕਰ ਸਾਹਿਬ ਨੂੰ ਸਵਾਲ ਕੀਤਾ ਸੀ। (ਵਿਘਨ) ਵੱਡੇ ਭਾਈ ਬੋਲ ਤਾਂ ਲੈਣ ਦਿਓ (ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਸੰਬੋਧਨ ਕਰਦੇ ਹੋਏ)। ਸਪੀਕਰ ਸਾਹਿਬ, ਅਸੀਂ ਕੋਈ ਗੱਲ ਨਹੀਂ ਭੁੱਲੇ ਹਾਂ। ਖਹਿਰਾ ਸਾਹਿਬ ਜੋ ਕਹਿ ਰਹੇ ਹਨ ਇਨ੍ਹਾਂ ਦਾ ਦਰਦ ਅਸਲ ਵਿੱਚ ਇਹ ਹੈ ਕਿ ਇਹ ਉਧਰ ਦੀ ਉਧਰ ਹੀ ਰਹਿ ਗਏ। (ਥੰਪਿੰਗ)

**ਮਾਨਯੋਗ ਸਪੀਕਰ:** ਅਮਨ ਜੀ, ਇਹ ਬੜੀ serious discussion ਹੈ।

**ਸ੍ਰੀ ਅਮਨ ਅਰੋੜਾ:** ਸਰ, ਮੈਂ conclude ਕਰਨ ਲੱਗਾ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ। ਟਰੇਜ਼ਰੀ ਬੈਂਚਿਜ਼ ਵੱਲੋਂ ਜ਼ੋਰ ਜ਼ੋਰ ਨਾਲ ਥੰਪਿੰਗ ਕੀਤੀ ਜਾ ਰਹੀ ਸੀ ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ ।)

**Mr. Speaker :** You will get your time. No point of order.

4.05 / 24.06.2022 ਤਰਲੋਚਨ ਸਿੰਘ / ਬਰਿੰਦਰਾ ਸਿੰਘ

**ਸਰਦਾਰ ਸੁਖਪਾਲ ਸਿੰਘ ਖਹਿਰਾ** : ਪੁਆਇੰਟ ਆਫ ਆਰਡਰ, ਸਰ।

**ਮਾਨਯੋਗ ਸਪੀਕਰ** : No Point of Order. You will get your time. (ਵਿਘਨ) (ਸ਼ੋਰ) ਚਲੋ, ਅਮਨ ਜੀ, ਖਹਿਰਾ ਸਾਹਿਬ ਨੂੰ ਬੋਲਣ ਦਿਉ। (ਵਿਘਨ) (ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਦੇਖੋ ਗੱਲ ਇਹ ਹੈ ਕਿ ਇਨ੍ਹਾਂ ਨੇ ਮੇਰਾ ਨਾਂ ਲਿਆ ਹੈ। (ਵਿਘਨ) ਅਮਨ, ਛੋਟੇ ਵੀਰ, ਇੱਧਰ ਗੱਲ ਸੁਣ। ਮੈਂ ਪਿਛਲੇ 25-30 ਸਾਲ ਤੋਂ ਪੰਜਾਬ ਲਈ ਨਿਰੰਤਰ ਲੜ ਰਿਹਾ ਹਾਂ। ਮਜ਼ਾਕ ਕਰਨਾ ਇੱਕ ਹੋਰ ਗੱਲ ਹੁੰਦੀ ਹੈ। UAPA ਵਰਗੇ ਕਾਲੇ ਕਾਨੂੰਨ, ਤੁਸੀਂ ਵੀ ਇੱਥੇ ਹੀ ਸੀ, ਇੱਥੇ ਪਿਛਲੀ ਸਰਕਾਰ ਨੇ ਅਤੇ ਉਸ ਤੋਂ ਪਿਛਲੀ ਸਰਕਾਰ ਨੇ indiscriminately use ਕੀਤੇ ਹਨ। ਬਹੁਤ ਨੌਜਵਾਨਾਂ ਜਿਹੜੇ ਆਪਣਾ ਵਕੀਲ ਵੀ ਖੜ੍ਹਾ ਨਹੀਂ ਕਰ ਸਕਦੇ ਸੀ, ਅਸੀਂ ਉਨ੍ਹਾਂ ਦੀ ਲੜਾਈ ਲੜੀ ਹੈ। ਪੰਜਾਬ ਦਾ ਜਿਹੜਾ ਦਿੱਲੀ ਵਿਖੇ ਖੇਤੀ ਅੰਦੋਲਨ ਹੋਇਆ ਹੈ, ਉਸ ਵਿੱਚ ਰੁਦਰਪੁਰ ਦਾ ਨਵਰੀਤ ਡਿਬਡਿਬਾ ਮਾਰਿਆ ਗਿਆ ਸੀ, ਇਸ ਵਿੱਚ ਮੇਰਾ ਕੋਈ ਲੈਣਾ ਦੇਣਾ ਨਹੀਂ ਸੀ, ਮੈਂ ਉੱਥੇ ਇਲੈਕਸ਼ਨ ਨਹੀਂ ਸੀ ਲੜਨੀ.....

**ਮਾਨਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ। (ਵਿਘਨ) (ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਗੱਲ ਇਹ ਹੈ ਕਿ ਕਿਸੇ ਬਾਰੇ ਗੱਲ ਕਹਿਣ ਤੋਂ ਪਹਿਲਾਂ ਆਪਣੇ ਅੰਦਰ ਝਾਤ ਮਾਰੋ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਮੈਨੂੰ ਤੁਹਾਡੇ ਤੇ ਮਾਣ ਹੈ। ਹੁਣ ਬੈਠੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਇਹੋ ਜਿਹੇ ਬੈਂਚਾਂ ਤੇ ਮੈਂ ** ਵੀ ਨਹੀਂ ਹਾਂ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਸਦਨ ਵਿੱਚ ਪਾਰਲੀਮੈਂਟਰੀ ਲੈਂਗੁਏਜ ਵਰਤੀ ਜਾਵੇ। ** ** ਸ਼ਬਦ ਡਿਬੇਟ ਵਿੱਚ ਸ਼ਾਮਲ ਨਾ ਕੀਤਾ ਜਾਵੇ। ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਹਾਊਸ ਦੀ ਮਰਿਆਦਾ ਬਣਾ ਕੇ ਰੱਖਣ ਦੀ ਬੇਨਤੀ ਕਰਦਾ ਹਾਂ। ਪੰਜਾਬ ਦੇ ਲੋਕਾਂ ਨੇ ਆਪਾਂ ਨੂੰ ਬਹੁਤ ਵੱਡੀ ਜਗ੍ਹਾ ਤੇ ਆਪਣੀਆਂ ਪ੍ਰਾਬਲਮਜ਼ ਡਿਸਕਸ ਕਰਨ ਵਾਸਤੇ ਭੇਜਿਆ ਹੈ। ਕਿਰਪਾ ਕਰਕੇ ਲੈਵਲ ਤੋਂ ਥੱਲੇ ਦੇ ਸ਼ਬਦ ਅਸੀਂ ਨਾ ਵਰਤੀਏ। ਹਾਂ ਜੀ, ਅਮਨ ਅਰੋੜਾ ਜੀ।

**ਸ਼੍ਰੀ ਅਮਨ ਅਰੋੜਾ** : ਸਰ ਗੱਲ ਇਸ ਤਰ੍ਹਾਂ ਹੈ ਕਿ ਮੈਂ ਵੈਸੇ ਇਨ੍ਹਾਂ ਗੱਲਾਂ ਵਿੱਚ ਪੈਂਦਾ ਨਹੀਂ ਹਾਂ।

**ਮਾਨਯੋਗ ਸਪੀਕਰ** : ਤੁਸੀਂ ਡਿਸਕਸ਼ਨ ਤੇ ਆਉ।

**ਸ਼੍ਰੀ ਅਮਨ ਅਰੋੜਾ** : ਸਰ, ਮੈਂ ਜਵਾਬ ਦੇ ਲਵਾਂ ?

**ਮਾਨਯੋਗ ਸਪੀਕਰ** : ਨਹੀਂ ਜੀ ਡਿਸਕਸ਼ਨ ਤੇ ਆਉ।

**ਸ਼੍ਰੀ ਅਮਨ ਅਰੋੜਾ** : ਠੀਕ ਹੈ ਜੀ। (ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲ ਇਸ਼ਾਰਾ ਕਰਦੇ ਹੋਏ) ਕਿਸੇ ਦਿਨ ਤੁਹਾਡੇ ਕੰਨ ਵਿੱਚ ਜਵਾਬ ਦੇ ਜਾਵਾਂਗਾ, ਪਰ ਜਵਾਬ ਜ਼ਰੂਰ ਦਿਆਂਗਾ।

ਸਰ, ਗੱਲ ਇਹ ਹੈ ਕਿ ਅਸੀਂ ਲਾਅ ਐਂਡ ਆਰਡਰ ਦੀ ਗੱਲ ਕਰ ਰਹੇ ਸੀ। ਮੈਂ ਇਹ ਡਿਸਕਸ ਕਰ ਰਿਹਾ ਹਾਂ ਕਿ ਉਸ ਦੇ genesis, ਗਰਭ ਵਿੱਚ ਕਿੱਥੇ ਪ੍ਰਾਬਲਮ ਹੈ। ਜੇ ਮੈਂ ਗਲਤ ਹਾਂ ਅਤੇ factually wrong ਹਾਂ ਤਾਂ ਤੁਸੀਂ ਵੀ ਮੈਨੂੰ ਟੋਕੋ ਅਤੇ ਮੈਂ ਸਾਰੇ ਆਪੋਜ਼ੀਸ਼ਨ ਦੇ ਮਾਨਯੋਗ ਸਾਥੀਆਂ ਨੂੰ ਵੀ ਬੇਨਤੀ ਕਰਦਾ ਹਾਂ ਕਿ ਤੁਸੀਂ ਮੈਨੂੰ ਰੋਕੋ, ਟੋਕੋ। ਪਰ ਜੇ ਮੈਂ factually ਗਲਤ ਨਹੀਂ ਹਾਂ ਤਾਂ let me complete.

ਗੱਲ ਆਉਂਦੀ ਹੈ ਕਿ ਇਨ੍ਹਾਂ ਗੈਂਗਸਟਰਾਂ ਦੇ ਹੌਂਸਲੇ ਬੁਲੰਦ ਕਿਵੇਂ ਹੋਏ? ਇਹ ਉਦੋਂ ਹੋਏ ਜਦੋਂ ਤਰਨਤਾਰਨ ਵਿੱਚ ਇੱਕ ਲੜਕੀ ਦੀ ਇੱਜ਼ਤ ਨੂੰ ਹੱਥ ਪਾਇਆ ਗਿਆ। ਉਸ ਦੇ ਫਾਦਰ ਇੱਕ ਪੁਲਿਸ ਅਧਿਕਾਰੀ ਨੂੰ ਗੋਲੀਆਂ ਮਾਰੀਆਂ ਗਈਆਂ। ਉਸ ਦੀ ਛਾਤੀ ਤੇ ਪੈਰ ਰੱਖ ਕੇ ਨਾਅਰੇ ਲਗਾਏ ਗਏ। ਵੀਡੀਉ ਵੀ ਬਣਾਈ ਗਈ। ਇਹ ਇਨ੍ਹਾਂ ਦੀਆਂ ਸਰਕਾਰਾਂ ਵੇਲੇ ਹੋਇਆ .... (ਵਿਘਨ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ** : ਸਾਡੀ ਸਰਕਾਰ ਨਹੀਂ ਸੀ।

**ਸ਼੍ਰੀ ਅਮਨ ਅਰੋੜਾ** : ਤੁਹਾਡੇ ਗੁਆਂਢੀਆਂ ਦੀ ਸਰਕਾਰ ਵੇਲੇ। ਸੁੱਖਾ ਕਾਹਲਵਾਂ ਪੁਲਿਸ ਕਸਟਿਡੀ ਵਿੱਚ ਮਾਰਿਆ ਗਿਆ। (ਵਿਘਨ) (ਸ਼ੋਰ) ਰਾਜਾ ਜੀ, ਪਲੀਜ਼ ਇੰਟਰੱਪਟ ਨਾ ਕਰੋ। (ਸ਼ੋਰ)

**ਮਾਨਯੋਗ ਸਪੀਕਰ** : ਮੇਰੀ ਬੇਨਤੀ ਹੈ ਕਿ Kindly interrupt ਨਾ ਕਰੋ। ਉਨ੍ਹਾਂ ਨੂੰ ਗੱਲ ਕੰਪਲੀਟ ਕਰਨ ਦਿਉ। ਤੁਹਾਨੂੰ ਤੁਹਾਡੇ ਹਿੱਸੇ ਤੋਂ ਵੱਧ ਟਾਈਮ ਮਿਲੇਗਾ। ਕਿਰਪਾ ਕਰਕੇ ਇੰਟਰੱਪਟ ਨਾ ਕਰੋ। You will get your time. ਸਭ ਨੂੰ ਟਾਈਮ ਮਿਲੇਗਾ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਸਪੀਕਰ ਸਾਹਿਬ, ਇਹ ਤੁਹਾਨੂੰ ਐਡਰੈਸ ਕਰ ਸਕਦੇ ਹਨ, ਸਾਨੂੰ ਨਹੀਂ ਕਰ ਸਕਦੇ।

**ਮਾਨਯੋਗ ਸਪੀਕਰ** : ਹਾਂ ਜੀ। ਚੇਅਰ ਨੂੰ ਐਡਰੈਸ ਕਰੋ।

**ਸ਼੍ਰੀ ਅਮਨ ਅਰੋੜਾ** : ਸਰ, ਮੈਂ ਹੁਣ ਕਨਕਲੂਡ ਕਰਾਂਗਾ। ਸਰ, ਇਨ੍ਹਾਂ ਕ੍ਰਿਮੀਨਲਜ਼ ਦੇ ਹੌਂਸਲੇ ਉਦੋਂ ਬੁਲੰਦ ਹੁੰਦੇ ਹਨ ਜਦੋਂ.......

ਸਰ ਅੱਜ ਦੀ ਡੇਟ ਵਿੱਚ ਜਿਹੜੇ ਅਨਰਿਜ਼ਾਲਵਡ ਕੇਸ ਹਨ, ਜਿਨ੍ਹਾਂ ਦੀ ਗੱਲ ਤੁਸੀਂ ਕਰ ਰਹੇ ਹੋ, ਪੰਜਾਬ ਵਿੱਚ ਇਨ੍ਹਾਂ ਦੀਆਂ ਸਰਕਾਰਾਂ ਵੇਲੇ ਦੇ 44.7 ਹਾਈਐਸਟ ਹਨ।

ਇੱਕ ਹੋਰ ਇਗਜ਼ਾਂਪਲ ਰੰਧਾਵਾ ਸਾਹਿਬ ਦੇ ਮਤਲਬ ਦੀ ਹੈ। ਸਰ, ਰੌਲਾ ਪਿਆ ਕਿ ਕਿੰਨੇ ਕ੍ਰਾਈਮਜ਼ ਹੋ ਰਹੇ ਹਨ। ਸਰ, ਪਤਾ ਹੈ ਕਿ ਇਹ ਕਿਵੇਂ ਅਨਰਿਜ਼ਾਲਵਡ ਰਹੇ ਹਨ? ਅਨਟਰੇਸਡ ਕਿਵੇਂ ਰਹੇ ਹਨ? ਸਰ, ਅੱਜ ਤੱਕ ਪੁਲੀਟੀਕਲ patronage ਰਹੀ ਹੈ। ਅੱਜ ਤੋਂ ਬਾਅਦ ਨਹੀਂ ਹੋਣੀ ਹੈ। ਮੈਂ ਹੁਣੇ ਇੱਕ ਇਗਜ਼ਾਂਪਲ ਦੇ ਦਿੰਦਾ ਹਾਂ।

ਸਰ, ਰੰਧਾਵਾ ਸਾਹਿਬ, ਮੇਰੇ ਵੱਡੇ ਭਰਾ ਦੀ 21 ਅਕਤੂਬਰ, 2021 ਦੀ ਸਟੇਟਮੈਂਟ ਹੈ। ਜਿਸ ਵਿੱਚ ਇਨ੍ਹਾਂ ਨੇ ਪੀ.ਏ.ਪੀ. ਪੰਜਾਬ ਆਰਮਡ ਪੁਲਿਸ ਦੇ ਫੰਕਸ਼ਨ ਵਿੱਚ ਕਿਹਾ ਕਿ ਮੌੜ ਬੰਬ ਬਲਾਸਟ ਦੀ ਇਨਵੈਸਟੀਗੇਸ਼ਨ ਨੂੰ, ਪਰੋਬ ਨੂੰ ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਟਾਲ ਕੀਤਾ ਸੀ, ਇਨ੍ਹਾਂ ਦੀ ਆਨ ਰਿਕਾਰਡ ਸਟੇਟਮੈਂਟ ਹੈ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸਿਆਸੀ ਲੋਕ ਇਹ ਕੁਝ ਕਰਨਗੇ ਤਾਂ...... ਮੌੜ ਵਿੱਚ 7 ਲੋਕ ਮਰੇ ਸਨ। ਜਦੋਂ ਸਿਆਸੀ ਲੋਕ ਇਹ ਕੁਝ ਕਰਨਗੇ, ਚਾਹੇ ਇੱਧਰ ਦੇ ਹੋਣ ਚਾਹੇ ਉਧਰ ਦੇ ਹੋਣ, ਗੈਂਗਸਟਰ ਕਿਉਂ ਨਹੀਂ ਪੈਦਾ ਹੋਣਗੇ?

ਮ/ ਰ.ਕ./ 4.10/ 24.06.2022

ਜਦੋਂ ਸਿਆਸੀ ਲੋਕ ਇਹ ਕੁਝ ਕਰਨਗੇ, ਸੱਤ ਬੰਦੇ ਮਰੇ ਸੀ ਮੌੜ ਵਿੱਚ, ਜਦੋਂ ਸਿਆਸੀ ਲੋਕਾਂ ਵੱਲੋਂ ਇਹ ਕੁਝ ਹੋਵੇਗਾ, ਚਾਹੇ ਉਹ ਇੱਧਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਹਨ, ਚਾਹੇ ਉਹ ਉਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਹਨ ਤਾਂ ਗੈਂਗਸਟਰ ਕਿਉਂ ਨਹੀਂ ਪੈਦਾ ਹੋਣਗੇ? ਸਰ, ਮੇਰੀ ਤੁਹਾਨੂੰ ਹੱਥ ਬੰਨ ਕੇ ਬੇਨਤੀ ਹੈ ਕਿ ਜਿੰਨੀਆਂ ਮਰਜ਼ੀ ਡਿਸਕਸ਼ਨਾਂ ਰੱਖੋ, ਭਾਵੇਂ ਲਾਅ ਐਂਡ ਆਰਡਰ ਤੇ ਰੱਖੋ, ਕਿਸੇ ਗੱਲ ਦੀ ਪਰਵਾਹ ਨਹੀਂ ਹੈ, ਇਕੱਲੀ-ਇਕੱਲੀ ਗੱਲ ਦਾ ਜਵਾਬ ਦਿਆਂਗੇ। ਪਰ ਸਿਰਫ ਔਰ ਸਿਰਫ ਇਹ ਦੋ-ਤਿੰਨ ਮਹੀਨਿਆਂ ਵਿੱਚ ਜਿਹੜੀਆਂ ਤੁਸੀਂ ਆਪਣੀਆਂ ਸਾਰੀਆਂ ਕਾਰਗੁਜ਼ਾਰੀਆਂ ਦਾ ਤੇ ਤੁਹਾਡੇ malintentions ਤੇ malfunctions ਸਾਡੇ ਗੱਲ ਪਾ ਕੇ ਤੁਸੀਂ ਸੋਚੋਗੇ ਕਿ ਤੁਸੀਂ ਪਾਕ ਸਾਫ ਨਿਕਲ ਜਾਓਗੇ ਤਾਂ ਅਸੀਂ ਇਸ ਤਰ੍ਹਾਂ ਨਹੀਂ ਨਿਕਲਣ ਦੇਣਾ ਹੈ, ਇਹ ਮੈਂ ਵਾਅਦਾ ਕਰਦਾ ਹਾਂ (ਥੰਪਿੰਗ)। ਸਰ, ਮੇਰੀ ਤੁਹਾਨੂੰ ਹੱਥ ਬੰਨ ਕੇ ਬੇਨਤੀ ਹੈ ਕਿ ਪ੍ਰੋਡਕਟਿਵ, ਪਾਜ਼ੀਟਿਵ, ਕੰਸਟ੍ਰਕਟਿਵ ਜਿੰਨੀ ਮਰਜ਼ੀ ਗੱਲ ਕਰੋ, ਮੈਂ ਫਿਰ ਦੁਬਾਰਾ ਆਨ ਰਿਕਾਰਡ ਕਹਿ ਰਿਹਾ ਹਾਂ ਕਿ ਮੈਂ ਜਿੰਨੇ ਵੀ ਇਸ਼ੂਜ਼ ਕਹੇ ਹਨ, factually you prove us wrong then we are liable. ਸਰ, ਮੇਰੀ ਹੱਥ ਬੰਨ ਕੇ ਬੇਨਤੀ ਹੈ ਕਿ ਪਿਛਲੇ ਤਿੰਨਾਂ ਮਹੀਨਿਆਂ ਵਿੱਚ ਮੈਂ ਨਹੀਂ ਕਹਿੰਦਾ ਕਿ ਅਸੀਂ ਤਿੰਨਾਂ ਮਹੀਨਿਆਂ ਵਿੱਚ ਸਾਰਾ ਕੁਝ ਕਰ ਦਿੱਤਾ ਹੈ। ਸਰ, ਤਿੰਨ ਮਹੀਨਿਆਂ ਵਿੱਚ ਤਾਂ ਜੇ ਕਿਸੇ ਨੇ ਮੋਟਰ ਵਾਲਾ ਕੋਠਾ ਪਾਉਣਾ ਹੋਵੇ ਤਾਂ ਉਹ ਨਹੀਂ ਪੈਂਦਾ ਹੈ, ਤਿੰਨ ਮਹੀਨਿਆਂ ਵਿੱਚ ਤਾਂ ਨਵੀਂ ਵਿਆਹੀ ਕੁੜੀ ਨੂੰ ਵੀ ਪਤਾ ਨਹੀਂ ਲਗਦਾ ਹੈ ਕਿ ਘਰ ਵਿੱਚ ਭਾਂਡਾ ਕਿਹੜੇ ਪਾਸੇ ਰੱਖਣਾ ਹੈ, ਪਰ ਇੱਕ ਮਾਣ ਹੈ, ਮੈਂ ਹਿੱਕ ਠੋਕ ਕੇ ਕਹਿੰਦਾ ਹਾਂ ਕਿ ਜੋ ਤਿੰਨ ਮਹੀਨਿਆਂ ਵਿੱਚ ਆਮ ਆਦਮੀ ਪਾਰਟੀ ਔਰ ਸ਼੍ਰੀ ਭਗਵੰਤ ਮਾਨ ਦੀ ਸਰਕਾਰ ਨੇ ਕਰ ਦਿੱਤਾ ਹੈ, ਉਹ ਲੋਕ 17 ਸਾਲਾਂ ਤੋਂ ਉਡੀਕ ਰਹੇ ਸਨ (ਥੰਪਿੰਗ)। ਸੋ, ਇਸ ਕਰਕੇ ਮੈਨੂੰ ਇਸ ਗਵਰਨਰ ਐਡਰੈਸ ਤੇ ਬੋਲਣ ਲਈ ਸਮਾਂ ਦੇਣ ਲਈ ਬਹੁਤ-ਬਹੁਤ ਧੰਨਵਾਦ ਤੇ ਮੈਂ ਗਵਰਨਰ ਐਡਰੈਸ ਨੂੰ ਔਰ ਪੰਜਾਬ ਸਰਕਾਰ ਦੇ ਕੰਮਾਂ ਦੀ 1000 ਫੀਸਦੀ ਪ੍ਰੋੜ੍ਹਤਾ ਕਰਦਾ ਹਾਂ। ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਂ ਇੰਨਾ ਪੁੱਛਣਾ ਚਾਹੁੰਦਾ ਸੀ ਕਿ ਕੀ ਇਹ ਕੈਮਰਾ ਦੋਨੋਂ ਪਾਸੇ ਚੱਲ ਰਿਹਾ ਹੈ ਜੀ?

**ਮਾਨਯੋਗ ਸਪੀਕਰ:** ਤੁਹਾਡੇ ਤੇ ਤਾਂ ਕੈਮਰਾ ਆਵੇਗਾ ਹੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਨਹੀਂ, ਨਹੀਂ, ਮੈਂ ਲਾਈਵ ਦੀ ਗੱਲ ਕਰ ਰਿਹਾ ਹਾਂ। ਇਸ ਨੂੰ ਪਲੀਜ਼ ਐਨਸ਼ਿਉਰ ਕਰ ਲਿਓ, ਮੈਨੂੰ ਇਹ ਲਗਦਾ ਹੈ ਕਿ ਇੱਕ ਪਾਸਾ ਹੀ ਵਿਖਾਈ ਜਾਂਦੇ ਹਨ।

**ਮਾਨਯੋਗ ਸਪੀਕਰ:** ਬਿਲਕੁਲ ਹੈ ਜੀ, ਬਿਲਕੁਲ। ਨਹੀਂ, ਮੈਂ ਬਿਲਕੁਲ ਐਨਸ਼ਿਉਰ ਕਰਾਂਗਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇਹ ਵੀ ਕਿਤੇ ਨਵਾਂ ਚੰਨ ਹੀ ਨਾ ਚਾੜ੍ਹ ਦਿਓ।

**ਮਾਨਯੋਗ ਸਪੀਕਰ:** ਆਪੋਜ਼ੀਸ਼ਨ ਸਾਡੇ ਲਈ ਬਹੁਤ ਸਨਮਾਨਯੋਗ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ):** ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ। ਸਭ ਤੋਂ ਪਹਿਲਾਂ ਜੋ ਸਾਡੇ ਵਿਰੋਧੀ ਧਿਰ ਦੇ ਨੇਤਾ ਜੀ ਨੇ ਗੱਲ ਕੀਤੀ ਹੈ, ਮੈਂ ਉਸ ਤੋਂ ਹੀ ਗੱਲ ਸ਼ੁਰੂ ਕਰ ਲੈਂਦਾ ਹਾਂ ਕਿ ਪਿਛਲੀ ਸਰਕਾਰ ਜਿਹੜੀ ਰਹੀ ਹੈ, ਉਸ ਵਿੱਚ ਵਿਰੋਧੀ ਧਿਰ ਦੀ ਮੇਨ ਮੰਗ ਕੀ ਰਹੀ ਹੈ। ਪੰਜ ਸਾਲ ਅਸੀਂ ਵਾਰ-ਵਾਰ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਜਿਹੜੇ ਚੁਣੇ ਹੋਏ ਨੁਮਾਇੰਦੇ ਆਪਣੇ ਹਲਕੇ ਤੋਂ ਆਉਂਦੇ ਹਨ, ਲੋਕ ਉਹ ਦੇਖਣਾ ਚਾਹੁੰਦੇ ਹਨ ਕਿ ਸਾਡਾ ਚੁਣਿਆ ਹੋਇਆ ਨੁਮਾਇੰਦਾ ਉੱਥੇ ਸੁੱਤਾ ਪਿਆ ਹੈ ਜਾਂ ਬੋਲ ਰਿਹਾ ਹੈ। ਅਸੀਂ ਵਾਰ-ਵਾਰ ਮੰਗ ਕੀਤੀ ਕਿ ਵਿਧਾਨ ਸਭਾ ਦਾ ਜਿਹੜਾ ਸੈਸ਼ਨ ਹੈ, ਉਸ ਨੂੰ ਲਾਈਵ ਚਲਾਇਆ ਜਾਵੇ। ਉਸ ਸਮੇਂ ਕੀ ਕਾਰਨ ਰਿਹਾ, ਉਹ ਤੁਸੀਂ ਸਾਰੀ ਗੱਲ ਜਾਣਦੇ ਹੋ। ਉਸ ਸਮੇਂ ਜਦੋਂ ਹਾਈ ਕੋਰਟ ਵਿੱਚ ਗਏ ਤਾਂ ਰੀਤ ਪੈ ਗਈ ਕਿ ਚਲੋ ਹੁਣ ਲਾਈਵ ਚਲਾ ਦਿਆਂਗੇ। ਉਸ ਵਿੱਚ ਵੀ ਚੋਰ ਮੋਰੀ ਰੱਖ ਲਈ। ਅੱਜ ਤੱਕ ਆਪੋਜ਼ੀਸ਼ਨ ਦਾ ਕੋਈ ਵੀ ਨੁਮਾਇੰਦਾ ਜਦੋਂ ਆਪਣੇ ਹਲਕੇ ਤੋਂ ਆ ਕੇ ਇੱਥੇ ਬੋਲਦਾ ਸੀ ਤਾਂ ਉਸ ਦੀ ਕੋਈ ਵੀ ਲਾਈਵ ਵੀਡੀਓ ਕਵਰੇਜ ਨਹੀਂ ਦੇਖੀ। ਵਿੱਤ ਮੰਤਰੀ ਸਾਹਿਬ ਨੇ ਬੋਲਣਾ ਜਾਂ ਮੁੱਖ ਮੰਤਰੀ ਸਾਹਿਬ ਨੇ ਬੋਲਣਾ ਤਾਂ ਸਿਰਫ ਉਸ ਦੀ ਹੀ ਸਿਲੈਕਟਿਵ ਲਾਈਵ ਵੀਡੀਓ ਕਵਰੇਜ਼ ਚਲਾਈ ਜਾਂਦੀ ਸੀ। ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਜੀ ਦਾ ਔਰ ਸਪੀਕਰ ਸਾਹਿਬ ਤੁਹਾਡਾ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇਹ ਲਾਈਵ ਕਵਰੇਜ ਸ਼ੁਰੂ ਕੀਤੀ (ਥੰਪਿੰਗ)।

ਸ.ਸ.-ਰ.ਕ./4.15/24.06.2022

(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜਿਸ ਦੇ ਨਾਲ ਇਲਾਕੇ ਵਿਚੋਂ 117 ਹਲਕੇ ਹਨ, 92 ਹਲਕੇ ਬਾਰੇ ਗੱਲ ਨਹੀਂ ਕਰਦਾ, ਹਰੇਕ ਹਲਕੇ ਦੇ ਬੰਦੇ ਨੂੰ ਇਹ ਆਪਣੇ ਮਨ ਵਿੱਚ ਚਾਅ ਹੁੰਦਾ ਹੈ ਕਿ ਜਿਸ ਨੂੰ ਅਸੀਂ ਵੋਟਾਂ ਪਾ ਕੇ ਜਿਤਾਇਆ ਹੈ, ਜਿਸ ਨੂੰ ਅਸੀਂ ਆਪਣੇ ਹਲਕੇ ਦੀ ਆਵਾਜ਼ ਬਣਾ ਕੇ ਭੇਜਿਆ ਹੈ, ਕੀ ਉਹ ਆਵਾਜ਼ ਉੱਥੇ ਗੂੰਜਦੀ ਵੀ ਹੈ? ਮੈਂ ਇੱਕ ਵਾਰ ਇਹ ਕਿਤੇ ਗੱਲ ਕੀਤੀ, ਮੈਨੂੰ ਉਸ ਸਮੇਂ ਬੜਾ ਦੁੱਖ ਲੱਗਿਆ, ਅਸੀਂ ਤੁਹਾਡੇ ਸਾਹਮਣੇ ਸੰਘਰਸ਼ ਕੀਤਾ। ਇੱਕ ਬੰਦੇ ਨੇ ਇਸ ਪਵਿੱਤਰ ਸਦਨ ਲਈ ਇਹ ਸ਼ਬਦ ਵਰਤਿਆ ਸੀ ਕਿ ਜੰਗਲ ਵਿੱਚ ਨੱਚਦੇ ਹੋਏ ਮੋਰ ਨੂੰ ਕੌਣ ਦੇਖਦਾ ਹੈ? ਇਸ ਨੂੰ ਜੰਗਲ ਕਿਹਾ ਗਿਆ ਸੀ ਪਰ ਤੁਸੀਂ ਇਸ ਪਵਿੱਤਰ ਸਦਨ ਨੂੰ ਪੂਰੀ ਦੁਨੀਆਂ ਵਿੱਚ ਅੱਜ ਦਿਖਾ ਰਹੇ ਹੋ, ਇਕੱਲਾ-ਇਕੱਲਾ ਮੈਂਬਰ ਆਪਣੀ ਗੱਲ ਰੱਖ ਰਿਹਾ ਹੈ। ਵਿਰੋਧੀ ਕੀ ਕਰ ਰਹੇ ਹਨ ਅਤੇ ਸਰਕਾਰ ਕੀ ਕਰਨਾ ਚਾਹੁੰਦੀ ਹੈ? ਇਹ ਅੱਜ ਸ਼ੀਸ਼ੇ ਵਾਂਗ ਲੋਕਾਂ ਦੇ ਸਾਹਮਣੇ ਹੈ, ਚਮਕ ਰਿਹਾ ਹੈ। ਮੈਂ ਇਸ ਗੱਲ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਜਿਹੜੀ ਗਵਰਨਰ ਐਡਰੈਸ ਦੀ ਗੱਲ ਹੈ, ਪੰਜ ਸਾਲ ਗਵਰਨਰ ਐਡਰੈਸ ਪੜ੍ਹੇ, ਮੈਨੂੰ ਪੜ੍ਹਨ ਦਾ ਬਹੁਤ ਸ਼ੌਕ ਹੈ। ਮੈਂ ਗਵਰਨਰ ਐਡਰੈਸ ਮਨ ਲਗਾ ਕੇ ਪੜ੍ਹਦਾ ਸੀ, ਉਸ ਵਿਚੋਂ ਦੇਖਣਾ ਕਿ ਵਿਰੋਧ ਕਰਨ ਲਈ ਵਿਰੋਧ ਨਹੀਂ ਬਲਕਿ ਕਿਤੇ ਵਿਚੋਂ ਕੁਝ ਨਿਕਲਦਾ ਵੀ ਹੈ ਪਰ ਮੈਂ ਇੱਕ ਗੱਲ ਹੁਣ ਕਹਿ ਹੀ ਦੇਣੀ ਹੈ। ਮੈਂ ਜਦੋਂ ਗਵਰਨਰ ਐਡਰੈਸ ਦੇਖਣੇ ਜਾਂ ਪੜ੍ਹਨੇ ਤਾਂ ਉਸ ਦਾ ਜੋ ਸਿੱਟਾ ਨਿਕਲਿਆ, ਉਸ ਵਿਚ ਮੈਂ ਇੱਕ ਕਵਿਤਾ ਲਿਖੀ, ਮੈਂ ਤੁਹਾਨੂੰ ਸੁਣਾਉਣ ਲੱਗਾ ਹਾਂ। ਜਦੋਂ ਇੱਕ ਲੀਡਰ ਜਾਂਦਾ ਹੈ ਕਿਤੇ ਤਾਂ ਉਸ ਦੇ ਗਲ ਵਿੱਚ ਫੁੱਲਾਂ ਦੇ ਹਾਰ ਪਾਏ ਜਾਂਦੇ ਹਨ। ਉਹ ਉੱਥੋਂ ਹੀ ਭਾਸ਼ਣ ਸ਼ੁਰੂ ਕਰ ਲੈਂਦਾ ਹੈ। ਯਾਨੀ ਕਿ ਅੱਜ ਤੱਕ ਪੰਜ ਸਾਲ ਦੇ ਵਿੱਚ ਜਿਹੜੀ ਪਿਛਲੀ ਸਰਕਾਰ ਰਹੀ ਹੈ, ਉਸ ਦੇ ਗਵਰਨਰ ਐਡਰੈਸ ਵਿੱਚ ਕੀ ਨਿਕਲਿਆ? ਮੈਂ ਉਸ ਦਾ ਨਿਚੋੜ ਪੰਜ ਮਿੰਟ ਤੋਂ ਪਹਿਲਾਂ ਹੀ ਦੇ ਦਿੰਦਾ ਹਾਂ। ਉਹ ਲੀਡਰ ਸਾਹਿਬਾਨ ਗਵਰਨਰ ਐਡਰੈਸ ਨੂੰ ਕਹਿੰਦੇ ਕਿ ਮੇਰੇ ਗਲ ਵਿੱਚ ਤੁਸੀਂ ਫੁੱਲਾਂ ਦੇ ਹਾਰ ਪਾਏ ਹਨ ਔਰ ਜਿਹੜੇ ਹਾਰ ਹਨ, ਉਹ ਗੁਲਾਬ ਦੇ ਫੁੱਲਾਂ ਤੋਂ ਬਣਦੇ ਹਨ। ਗੁਲਾਬ ਦੇ ਫੁੱਲਾਂ ਤੋਂ ਕਹਿੰਦੇ ਗੁਲਕੰਦ ਬਣਦਾ ਹੈ। ਗੁਲਕੰਦ ਕਹਿੰਦੇ ਜਿਹੜੀ ਕਬਜ਼ ਤੋੜਦਾ ਹੈ ਔਰ ਕਬਜ਼ ਜਿਹੜੀ ਬਿਮਾਰੀਆਂ ਦੀ ਜੜ੍ਹ ਹੈ। ਜੜ੍ਹ ਸਭ ਤੋਂ ਵੱਡੀ ਖਰਬੂਜੇ ਦੀ ਹੈ ਔਰ ਖਰਬੂਜੇ ਨੂੰ ਵੇਖ ਕੇ ਖਰਬੂਜਾ ਰੰਗ ਫੜਦਾ ਹੈ। ਰੰਗ ਪੱਕੇ ਜਰਮਨੀਆਂ ਦੇ ਹਨ ਅਤੇ ਜਰਮਨੀਆਂ ਨੇ ਕਈ ਵਾਰ ਲੜਾਈਆਂ ਲੜੀਆਂ ਹਨ। ਵਾਰ ਅਸੀਂ ਦਿਨਾਂ ਨੂੰ ਕਹਿੰਦੇ ਹਾਂ, ਸ਼ੁੱਕਰਵਾਰ, ਸ਼ਨੀਵਾਰ, ਐਤਵਾਰ, ਐਤਵਾਰ ਨੂੰ ਕਹਿੰਦੇ ਬੈਂਕ ਵਿੱਚ ਛੁੱਟੀ ਹੁੰਦੀ ਹੈ। ਬੈਂਕ ਛੁੱਟੀ ਹੁੰਦੀ ਹੈ ਔਰ ਬੈਂਕ ਅਸੀਂ ਨਦੀ ਦੇ ਕਿਨਾਰਿਆਂ ਨੂੰ ਕਹਿੰਦੇ ਹਾਂ, ਨਦੀ ਹਿਮਾਲਿਆ ਪਹਾੜ ਵਿੱਚੋਂ ਨਿਕਲਦੀ ਹੈ। ਹਿਮਾਲਿਆ ਪਹਾੜ ਦੇ ਪਿੱਛੇ ਇੱਕ ਦੇਸ਼ ਹੈ, ਚੀਨ। ਚੀਨ ਦੇ ਵਿੱਚ ਜਿਹੜੇ ਲੋਕ ਰਹਿੰਦੇ ਹਨ, ਉਨ੍ਹਾਂ ਨੂੰ ਚੀਨੀ ਕਹਿੰਦੇ ਹਨ ਔਰ ਚੀਨੀ ਸਾਡੇ ਪੰਜਾਬ ਦੇ ਵਿੱਚ ਖੰਡ ਨੂੰ ਕਹਿੰਦੇ ਹਨ। ਖੰਡ ਅਸੀਂ ਸਸਤੀ ਕਰ ਦਿੱਤੀ, ਸਾਡੀਆਂ ਇਹ ਵੋਟਾਂ ਪਈਆਂ ਹਨ, ਜੈ ਹਿੰਦ। ਅੱਜ ਤੱਕ ਇਹ ਭਾਸ਼ਣ ਰਹੇ ਹਨ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਂ ਪਿੰਡਾਂ ਵਿੱਚ ਗਿਆ ਹਾਂ ਜੀ। ਇਹ ਅੱਜ ਤੱਕ

ਦੀ ਕਾਰਗੁਜ਼ਾਰੀ ਰਹੀ ਹੈ। ਮੈਂ ਕੋਈ ਝੂਠ ਨਹੀਂ ਬੋਲ ਰਿਹਾ, ਮੈਂ ਆਪਣੇ ਕੋਲੋਂ ਗੱਲ ਬਣਾ ਕੇ ਨਹੀਂ ਬੋਲ ਰਿਹਾ। ਸਪੀਕਰ ਸਾਹਿਬ, ਜਦੋਂ ਮੈਂ ਦੂਜੀ ਵਾਰ ਮੈਂਬਰ ਬਣਿਆ, ਮੇਰੀ ਬੇਨਤੀ ਸੁਣ ਲਓ ਜੀ, ਮੈਂ ਜਿਹੜੀ ਗੱਲ ਕਰਨੀ ਚਾਹੁੰਦਾ ਹਾਂ। ਮੇਰੇ ਮਨ ਦੇ ਵਿੱਚ ਮੋਹ ਸੀ, ਮੋਢਿਆਂ ਉੱਤੇ ਭਾਰ ਸੀ ਕਿ 92 ਸੀਟਾਂ। ਸਪੀਕਰ ਸਾਹਿਬ, ਇਸ ਵਾਰ ਤਿੰਨ ਰਿਕਾਰਡ ਬਣੇ ਹਨ, ਮੈਂ ਜ਼ਿੰਦਗੀ ਵਿੱਚ ਨਹੀਂ ਵੇਖਿਆ ਅਤੇ ਨਾ ਹੀ ਕਦੇ ਕਿਸੇ ਨੇ ਸੁਣਿਆ ਕਿ ਸਾਬਕਾ ਮੁੱਖ ਮੰਤਰੀ, ਮੌਜੂਦਾ ਮੁੱਖ ਮੰਤਰੀ ਔਰ ਜਿਹੜੇ ਮੁੱਖ ਮੰਤਰੀ ਬਣਨਾ ਚਾਹੁੰਦੇ ਹਨ, ਉਹ ਹਾਰ ਜਾਣ। ਮੈਂ ਕਦੇ ਨਹੀਂ ਵੇਖਿਆ ਜੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, 92 ਸੀਟਾਂ, ਮੈਂ ਨਹੀਂ ਸੁਣੀਆਂ, ਕਦੇ ਰਲ-ਮਿਲ ਕੇ ਆਈਆਂ ਹੋਣ ਤਾਂ ਵੱਖਰੀ ਗੱਲ ਹੈ। ਤੀਜੀ ਗੱਲ ਇਹ ਹੈ ਕਿ ਇੰਨਾ ਵੱਡਾ ਮਾਰਜਨ, ਇੰਨੀ ਵੱਡੀ ਲੀਡ, ਮੈਂ ਸੁਣਾਉਣ ਲੱਗਿਆ ਹਾਂ। ਰਾਜਾ ਜੀ, ਮੈਂ ਤੁਹਾਨੂੰ ਸੁਣਿਆ ਹੋਇਆ ਹੈ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲ ਇਸ਼ਾਰਾ) ਮੈਂ ਵੀਰ ਤੁਹਾਡੀ ਕਈ ਵਾਰ ਕਾਪੀ ਕਰ ਲੈਂਦਾ ਹਾਂ ਪਰ ਮੈਂ ਸਕੂਟਰੀ ਵਾਲੀ ਗੱਲ ਨਹੀਂ ਸੁਣਾਉਣੀ। ਮੈਨੂੰ ਗੱਲ ਕਰ ਲੈਣ ਦਿਉ ਜੀ, ਮੈਂ ਜਿਹੜੀ ਬੇਨਤੀ ਕਰਨਾ ਚਾਹੁੰਦਾ ਹਾਂ, ਇੰਨਾ ਵੱਡਾ ਮਾਰਜਨ, ਮੇਰੇ ਮਨ ਵਿੱਚ ਬੋਝ ਸੀ ਕਿ ਜਿਹੜੇ ਅਸੀਂ ਲੋਕਾਂ ਨਾਲ ਵਾਅਦੇ ਕੀਤੇ ਹਨ, ਕੀ ਉਹ ਪੂਰੇ ਵੀ ਕਰਾਂਗੇ? ਕੀ ਵਾਅਦੇ ਪੂਰੇ ਹੋ ਜਾਣਗੇ? ਮੇਰਾ ਇੱਕ ਦੋਸਤ ਕਚਹਿਰੀਆਂ ਵਿੱਚ ਕੰਮ ਕਰਦਾ ਹੈ। ਸ਼ਾਮ ਨੂੰ ਮੇਰੇ ਘਰ ਵਧਾਈ ਦੇਣ ਆਇਆ, ਮੈਨੂੰ ਕਹਿੰਦਾ ਕਿ ਵੋਟ ਦਾ ਮਜ਼ਾ ਆ ਗਿਆ। ਮੈਂ ਕਿਹਾ ਕਿ ਕੀ ਗੱਲ ਹੋ ਗਈ? ਉਹ ਕਹਿੰਦਾ ਕਿ ਤਹਿਸੀਲਦਾਰ ਨੇ ਮੀਟਿੰਗ ਕੀਤੀ ਹੈ ਕਿ ਮੈਂ ਕਚਹਿਰੀਆਂ ਵਿੱਚ ਕੋਈ ਫੀਸ ਨਹੀਂ ਲੈਣੀ। ਤੁਹਾਡੇ ਵਿਚੋਂ ਕੋਈ ਵੀ ਫੀਸ ਲਵੇਗਾ ਤਾਂ ਖੁਦ ਜ਼ਿੰਮੇਵਾਰ ਹੈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਉਸ ਦਿਨ ਮੇਰੇ ਮਨ ਨੂੰ ਤਸੱਲੀ ਹੋ ਗਈ ਕਿ ਸਾਡੀ ਸਰਕਾਰ ਆਈ ਹੈ ਅਤੇ ਲੋਕਾਂ ਦਾ ਫਾਇਦਾ ਕਰਾਂਗੇ। ਇਹ ਹਰਾ ਪੈੱਨ ਪੰਜਾਬ ਦੇ ਪੁੱਤ ਭਗਵੰਤ ਮਾਨ ਨੂੰ ਲੋਕਾਂ ਨੇ ਦਿੱਤਾ ਹੈ, ਨਾਲ 92 ਸਾਥੀਆਂ ਨੂੰ ਦੇ ਕੇ ਭੇਜਿਆ ਹੈ। ਅੱਜ ਤੱਕ ਮਾਨ ਸਾਹਿਬ ਦੀ ਡਿਊਟੀ ਕੀ ਰਹੀ ਹੈ, ਤੁਸੀਂ ਤਾਂ ਵੇਖਿਆ ਹੈ ਕਿ ਸਾਡੇ ਬੱਚੇ ਏਜੰਟਾਂ ਦੇ ਅੜਿੱਕੇ ਆ ਕੇ ਬਾਹਰਲੇ ਦੇਸ਼ਾਂ ਵਿਚ ਫਸਦੇ ਰਹੇ, ਉਹ ਉਨ੍ਹਾਂ ਨੂੰ ਸੱਦਦੇ ਰਹੇ। ਉਨ੍ਹਾਂ ਨੂੰ ਕਹਿੰਦੇ ਰਹੇ ਕਿ ਕੋਈ ਗੱਲ ਨਹੀਂ ਇੱਕ ਦਿਨ ਮੌਕਾ ਆਵੇਗਾ, ਤੁਹਾਨੂੰ ਅਸੀਂ ਨੌਕਰੀਆਂ ਦੇਵਾਂਗੇ। ਸਭ ਤੋਂ ਪਹਿਲਾ ਫੈਸਲਾ ਔਰ ਪਹਿਲੇ ਦਿਨ 25 ਹਜ਼ਾਰ ਤੋਂ ਵੱਧ ਨੌਕਰੀਆਂ ਕੱਢੀਆਂ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਇਹ ਪਹਿਲੀ ਵਾਰ ਹੋਇਆ ਹੈ। ਨਹੀਂ ਤਾਂ ਅੱਜ ਤੱਕ ਕੀ ਹੁੰਦਾ ਸੀ? ਆਖੀਰਲੇ ਸਮੇਂ ਜਦੋਂ ਕਿਤੇ ਵੋਟਾਂ ਦੇ ਨੇੜੇ-ਤੇੜੇ, ਚੋਣ ਜ਼ਾਬਤੇ ਦੇ ਨੇੜੇ-ਤੇੜੇ ਜਾ ਕੇ ਅਸਾਮੀਆਂ ਕੱਢਦੇ ਸੀ। ਉਸ ਤੋਂ ਬਾਅਦ ਕੀ ਗੱਲ ਜੀ? ਸਾਰਿਆਂ ਨੇ ਰੌਲਾ ਪਾ ਲਿਆ ਕਿ ਇਹ ਝੂਠ ਬੋਲਦੇ ਹਨ।

ਗ.ਕੌ./ਮੋ.ਸ਼./4.20/24.06.2022

ਅਸੀਂ ਜੋ ਕਿਹਾ ਉਹ ਕਰ ਕੇ ਦਿਖਾਉਣ ਲੱਗੇ ਹਾਂ। ਅੱਜ 24 ਤਾਰੀਖ ਹੈ। 6 ਦਿਨ ਰਹਿ ਗਏ ਹਨ। ਆਮ ਆਦਮੀ ਪਾਰਟੀ ਪੰਜਾਬ ਦੇ ਲੋਕਾਂ ਨੂੰ ਦੋ ਮਹੀਨਿਆਂ ਦੀ 600 ਯੂਨਿਟ ਦੇਣ ਲੱਗੀ ਹੈ। ਇਸ ਲਈ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੇ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅਸੀਂ ਸਾਰੇ ਗੱਲ ਕਰਦੇ ਹਾਂ ਕਿ ਚਿੰਤਾ ਬਹੁਤ ਕਰਦੇ ਹਾਂ ਕਿ ਪੰਜਾਬ ਦੇ ਪਾਣੀ ਡੂੰਘੇ ਹੁੰਦੇ ਜਾ ਰਹੇ ਹਨ। ਪੰਜਾਬ ਨੂੰ ਕਣਕ ਅਤੇ ਝੋਨੇ ਵਿੱਚੋਂ ਬਾਹਰ ਕੱਢਣਾ ਹੈ ਪਰ ਅੱਜ ਤੱਕ ਕੀ ਉਪਰਾਲਾ ਰਿਹਾ ਹੈ? ਮੈਂ ਤਾਂ ਕਦੇ ਕੋਈ ਉਪਰਾਲਾ ਨਹੀਂ ਦੇਖਿਆ। ਮੈਂ ਇਹ ਪਹਿਲੀ ਵਾਰ ਦੇਖਿਆ ਹੈ ਕਿ ਭਗਵੰਤ ਮਾਨ ਜੀ, ਪੰਜਾਬ ਦੇ ਮੁੱਖ ਮੰਤਰੀ ਜੀ ਨੇ ਫੈਸਲਾ ਲਿਆ ਹੈ ਕਿ 1500/- ਰੁਪਏ ਪ੍ਰਤੀ ਏਕੜ ਉਨ੍ਹਾਂ ਨੂੰ ਦੇਣਾ ਹੈ ਜਿਨ੍ਹਾਂ ਨੇ ਸਿੱਧੀ ਬਿਜਾਈ ਕਰਨੀ ਹੈ। ਮੈਂ ਆਪਣੇ ਹਲਕੇ ਵਿੱਚ ਵੀ ਦੇਖਿਆ ਹੈ ਜੋ ਕਿ ਡਾਰਕ ਜ਼ੋਨ, ਕਿ ਕਿਤੇ ਵੀ ਪਾਣੀ ਨਹੀਂ ਮਿਲ ਰਿਹਾ। ਨਾ ਪੀਣ ਨੂੰ ਪਾਣੀ ਮਿਲ ਰਿਹਾ ਹੈ ਅਤੇ ਨਾ ਲੋਕਾਂ ਨੂੰ ਸਿੰਚਾਈ ਲਈ ਪਾਣੀ ਮਿਲ ਰਿਹਾ ਹੈ। ਸਿੱਧੀ ਬਿਜਾਈ ਲਈ ਜਿੰਨਾ ਟਾਰਗੈਟ ਦਿੱਤਾ ਗਿਆ ਸੀ ਮੇਰੇ ਹਲਕੇ ਦੇ ਕਿਸਾਨਾਂ ਨੇ ਉਸ ਦੇ ਨੇੜੇ ਤੇੜੇ ਸਿੱਧੀ ਬਿਜਾਈ ਕਰਕੇ ਦਿੱਤੀ ਹੈ। ਮੈਂ ਆਪਣੇ ਹਲਕੇ ਦੇ ਕਿਸਾਨਾਂ ਦਾ ਅਤੇ ਸਰਕਾਰ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ। ਇਸ ਤੋਂ ਬਾਅਦ ਮੂੰਗੀ ਦੀ ਗੱਲ ਕਰ ਲੈਂਦੇ ਹਾਂ। ਅੱਜ ਤੱਕ ਬਾਹਰੋਂ ਦਾਲਾਂ ਮੰਗਵਾਉਂਦੇ ਰਹੇ ਹਾਂ। ਐਮ.ਐਸ.ਪੀ. ਦੇ ਦਿੱਤੀ ਗਈ ਹੈ। ਇਸ ਗੱਲੋਂ ਵੀ ਮੁੱਖ ਮੰਤਰੀ ਸਾਹਿਬ ਜੀ ਦਾ ਧੰਨਵਾਦ ਕਰਦਾ ਹਾਂ। (ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਇਯਾਲੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ)।

**ਮਾਨਯੋਗ ਸਪੀਕਰ:** ਇਆਲੀ ਸਾਹਿਬ, ਤੁਸੀਂ ਨੋਟ ਕਰ ਲਵੋ ਜੀ। ਜਦੋਂ ਤੁਹਾਡਾ ਸਮਾਂ ਆਵੇਗਾ ਉਦੋਂ ਤੁਸੀਂ ਬੋਲ ਲੈਣਾ।

**ਸਰਦਾਰ ਜੈ ਕ੍ਰਿਸ਼ਨ ਸਿੰਘ**: ਇਯਾਲੀ ਸਾਹਿਬ ਬਹੁਤ ਵੱਡੇ ਕਿਸਾਨ ਹਨ। ਸਪੀਕਰ ਸਾਹਿਬ, ਰਾਤ ਨੂੰ ਇੱਕ ਬੱਚੇ ਦਾ ਜਨਮ ਹੋਇਆ। ਉਸ ਬੱਚੇ ਦਾ ਨਾਮ ਲੱਭੂ ਰੱਖਿਆ ਗਿਆ। ਸਵੇਰ ਨੂੰ ਗੁਆਂਢੀ ਉੱਠ ਕੇ ਕਹਿੰਦੇ ਕਿ ਲੱਭੂ ਕਿੱਡਾ ਕੁ ਹੋ ਗਿਆ? ਹਾਲੇ ਤਾਂ ਮਹੀਨੇ ਦਾ ਵੀ ਨਹੀਂ ਹੋਇਆ। ਸਾਨੂੰ ਵੀ ਹਾਲੇ ਥੋੜ੍ਹਾ ਸਮਾਂ ਹੀ ਹੋਇਆ ਹੈ। ਹਰੇਕ ਕੰਮ ਲਈ ਸਮਾਂ ਤਾਂ ਲੱਗਦਾ ਹੀ ਹੈ। ਜਿਹੜਾ ਸੰਗਰੂਰ ਵਿੱਚ ਇਲੈਕਸ਼ਨ ਹੋਇਆ ਹੈ ਮੈਂ ਦਿੜ੍ਹਬੇ ਹਲਕੇ ਦੇ ਰੋਗਲੇ ਪਿੰਡ ਵਿੱਚ ਗਿਆ। ਮੈਂ ਆਪਣੀ ਪਾਰਟੀ ਦਾ ਬਹੁਤ ਭਾਸ਼ਣ ਦਿੱਤਾ। ਬਾਪੂ ਕਹਿੰਦਾ ਪੁੱਤ, ਛੱਡ ਦੇ ਗੱਲਾਂ। ਮੈਂ ਪੁੱਛਿਆ ਕਿ ਕੀ ਹੋਇਆ? ਉਹ ਕਹਿੰਦਾ ਇੱਕੋ ਹੀ ਲੱਖ ਵਰਗਾ ਹੈ। 9-9 ਪੈਨਸ਼ਨਾਂ ਬੰਦ ਕਰ ਦਿੱਤੀਆਂ। ਬਜ਼ੁਰਗਾਂ ਦੀਆਂ ਜਿਹੜੀਆਂ ਅੱਜ ਤੱਕ ਪੈਨਸ਼ਨਾਂ ਨਹੀਂ ਮਿਲੀਆਂ, ਮੁਲਾਜ਼ਮਾਂ ਦੀਆਂ ਪੈਨਸ਼ਨਾਂ ਦੀ ਗੱਲ ਚੀਂ ਹੈ। ਅੱਜ 9-9 ਪੈਨਸ਼ਨਾਂ ਬੰਦ ਕੀਤੀਆਂ ਹਨ, ਉਸ ਨਾਲ 101 ਕਰੋੜ ਰੁਪਿਆ, ਜਿਹੜੀ ਗੁਲਾਬੀ ਸੁੰਡੀ ਦਾ ਮੁਆਵਜ਼ਾ ਹੈ, ਉਹ ਦਿੱਤਾ ਜਾਵੇਗਾ । (ਇਸ ਸਮੇਂ ਇੰਡੀਅਨ

ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ) ਇੱਕ ਮਿੰਟ ਰਾਜਾ ਜੀ, ਤੁਸੀਂ ਬਾਅਦ ਵਿੱਚ ਬੋਲ ਲਿਓ।

**ਮਾਨਯੋਗ ਸਪੀਕਰ:** ਰਾਜਾ ਜੀ, ਤੁਹਾਡੀ ਪਾਰਟੀ ਨੂੰ ਸਮਾਂ ਮਿਲਣਾ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਮੈਂ ਰਾਜਾ ਜੀ, ਤੁਹਾਡੀ ਗੱਲ ਦੱਸ ਦਿੰਦਾ ਹਾਂ। ਮੇਰੇ ਹਲਕੇ ਵਿੱਚ ਪਨਾਹ ਪਿੰਡ ਪੈਂਦਾ ਹੈ। ਮੈਂ ਪਨਾਹ ਪਿੰਡ ਵਿੱਚ ਧੰਨਵਾਦੀ ਦੌਰਾ ਕਰਨ ਗਿਆ। ਧੰਨਵਾਦੀ ਦੌਰਾ ਕਰਨ ਗਏ ਤੇ ਜਿਵੇਂ ਹੁਣ ਰਾਜਾ ਜੀ ਖੜ੍ਹੇ ਹੋ ਗਏ ਸਨ ਉਸ ਤਰ੍ਹਾਂ ਹੀ ਉੱਥੇ ਬੀਬੀਆਂ ਉਠ ਖੜ੍ਹੀਆਂ। ਬੀਬੀਆਂ ਕਹਿੰਦੀਆਂ 1000 ਰੁਪਿਆ ਦੇ, ਬਿਜਲੀ ਦਾ ਬਿਲ ਮਾਫ ਕਰ। ਮੈਨੂੰ ਰਾਸ਼ਨ ਕਾਰਡ ਬਣਾ ਕੇ ਦੇ। ਉੱਥੇ ਇੱਕ ਮਾਈ ਉੱਠੀ। ਉਹ ਕਹਿੰਦੀ ਕਿ ਮੇਰੇ ਪੁੱਤ ਨੂੰ ਤੰਗ ਨਹੀਂ ਕਰਨਾ। ਮੈਂ ਕਿਹਾ ਬੇਬੇ ਕੀ ਗੱਲ ਹੋਈ? ਉਹ ਕਹਿੰਦੀ ਕਿ ਅੰਬ ਦਾ ਬੂਟਾ ਲਗਾਉ ਤਾਂ ਉਸ ਨੂੰ ਵੀ 2-3 ਸਾਲ ਲੱਗਦੇ ਹਨ। ਮੈਂ ਬੇਬੇ ਨੂੰ ਜਵਾਬ ਦਿੱਤਾ ਮੈਂ ਕਿਹਾ ਬੇਬੇ ਨਹੀਂ, ਅੱਜ ਅੰਬ ਦਾ ਬੂਟਾ ਨਰਸਰੀ ਵਿੱਚੋਂ ਲੈ ਕੇ ਜਾਉ ਤਾਂ 2-4 ਅੰਬ ਨਾਲ ਹੀ ਲੱਗੇ ਹੁੰਦੇ ਹਨ। (ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ)। ਇਹ ਜਿਹੜੀ ਮੈਂ ਸਰਦਾਰ ਭਗਵੰਤ ਮਾਨ ਸਰਕਾਰ ਦੀ ਗੱਲ ਕਰਨ ਲੱਗਾ ਹਾਂ ਇਸ ਤੇ ਤਾਂ 15-16 ਅੰਬ ਲੱਗੇ ਹੋਏ ਹਨ।ਮੈਨੂੰ ਗੱਲ ਕਰ ਲੈਣ ਦਿਓ।

**ਮਾਨਯੋਗ ਸਪੀਕਰ:** ਰਾਜਾ ਜੀ, ਰੋੜੀ ਸਾਹਿਬ ਨੂੰ ਗੱਲ ਕੰਪਲੀਟ ਕਰ ਲੈਣ ਦਿਉ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਰੋੜੀ ਸਾਹਿਬ ਮੇਰੇ ਭਰਾ ਹਨ, ਬਹੁਤ ਸਤਿਕਾਰਯੋਗ ਹਨ। ਪਿਛਲੀ ਵਾਰੀ ਵੀ ਇਨ੍ਹਾਂ ਨੂੰ ਅਸੀਂ ਸੁਣਦੇ ਰਹੇ ਹਾਂ। ਪੰਜਾਬ ਦੇ ਲੋਕ ਸੁਣੀ ਜਾ ਰਹੇ ਹਨ। ਸਾਡੀ ਸਰਕਾਰ ਨੂੰ ਇਹ ਚਾਹੀਦਾ ਸੀ ਕਿ ਉਹ ਵਿਧਾਨ ਸਭਾ ਦਾ ਸੈਸ਼ਨ ਲਾਈਵ ਕਰਨ। ਅਸੀਂ ਕਈ ਵਾਰੀ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਇਹ ਗੱਲ ਕਹੀ ਸੀ। ਜੇਕਰ ਅੱਜ ਉਨ੍ਹਾਂ ਨੇ ਇਹ ਗੱਲ ਨਹੀਂ ਮੰਨੀ ਤਾਂ ਉਹ ਮੂਧੇ ਮੂੰਹ ਵੀ ਪਏ ਹਨ। ਰੋੜੀ ਸਾਹਿਬ, ਅਸੀਂ ਇਸ ਗੱਲ ਦਾ ਧੰਨਵਾਦ ਕਰਦੇ ਹਾਂ ਕਿ ਤੁਸੀਂ ਪੰਜਾਬ ਦੇ ਲੋਕਾਂ ਨੂ ਇਹ ਸੈਸ਼ਨ ਲਾਈਵ ਵਿਖਾ ਰਹੇ ਹੋ। ਦੂਜੀ ਗੱਲ, ਇਹ ਜਿਹੜੀਆਂ ਫਿਗਰਜ਼ ਦੱਸ ਰਹੇ ਹਨ, ਪਹਿਲਾਂ ਤਾਂ ਇਨ੍ਹਾਂ ਨੇ ਕਿਹਾ ਕਿ ਕੋਈ 10 ਪੈਨਸ਼ਨਾਂ ਲੈਂਦਾ ਸੀ। ਨਾ ਤਾਂ ਅਸੀਂ ਕੋਈ ਪੈਨਸ਼ਨਾਂ ਚਲਾਈਆਂ ਸੀ। ਮਾਫ ਕਰਿਉ, ਜਦੋਂ ਦੀ ਵਿਧਾਨ ਸਭਾ ਸਜੀ ਹੈ ਇਹ ਪੈਨਸ਼ਨਾਂ ਕਾਂਗਰਸੀਆਂ ਨੇ ਨਹੀਂ ਚਲਾਈਆਂ (ਵਿਘਨ) ਦੂਜੀ ਗੱਲ, ਮੈਨੂੰ ਨਹੀਂ ਲੱਗਦਾ ਕਿ ਕੋਈ ਬੰਦਾ 10 ਪੈਨਸ਼ਨਾਂ ਲੈਂਦਾ ਹੋਵੇ। ਇਹ ਦੱਸ ਦੇਣ ਕਿ ਕਿਹੜਾ ਬੰਦਾ 10 ਪੈਨਸ਼ਨਾਂ ਲੈਂਦਾ ਸੀ। ਇਨ੍ਹਾਂ ਨੇ ਕਿਹਾ ਕਿ ਝੋਨੇ ਦਾ 10 ਲੱਖ ਹੈਕਟੇਅਰ ਦਾ ਟੀਚਾ ਸੀ ਜਿਹੜਾ ਮਸ਼ੀਨ ਨਾਲ ਲਗਾਉਣਾ ਸੀ ਜਿਸ ਨੂੰ ਤੁਸੀਂ 1500/- ਰੁਪਿਆ ਦਿੱਤਾ ਪਰ 70 ਹਜਾਰ ਹੈਕਟੇਅਰ ਦਾ ਟੀਚਾ ਹੀ ਪੂਰਾ ਹੋ ਸਕਿਆ। ਤੁਸੀਂ 1500/- ਰੁਪਿਆ ਦਿੰਦੇ ਹੋ ਪਰ ਹਰਿਆਣਾ 4000/-

ਰੁਪਿਆ ਦਿੰਦਾ ਹੈ। ਤੁਸੀਂ ਬਿਜਲੀ ਦੇ 600 ਯੂਨਿਟ ਨਹੀਂ ਦੇ ਰਹੇ। ਅਸੀਂ 400 ਯੂਨਿਟ ਦੇ ਰਹੇ ਸੀ ਅਤੇ ਤੁਸੀਂ 200 ਯੂਨਿਟ ਦੇ ਰਹੇ ਸੀ ਐਕਸਟਰਾ 100 ਯੂਨਿਟ ਹੀ ਦੇ ਰਹੇ ਹੋ। ਇਹ ਅਜੇ ਤੱਕ ਲਾਗੂ ਨਹੀਂ ਹੋਇਆ।

ਕੁ.ਕ/ਮੋ.ਸ਼./4.25/24.06.2022

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ। ਜਵਾਬ ਲੈ ਲਵੋ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਮੈਂ ਰਾਜਾ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਪਰ ਮੈਨੂੰ ਲਗਦਾ ਹੈ ਕਿ ਹਾਊਸ ਵਿੱਚ ਸਾਡੀ ਆਵਾਜ਼ ਤਾਂ ਸਾਰੇ ਪਾਸੇ ਹੀ ਬਰਾਬਰ ਜਾਂਦੀ ਹੈ। ਪਹਿਲਾਂ ਮੀਤ ਹੇਅਰ ਜੀ ਨੇ ਮਤਾ ਪੜ੍ਹਿਆ। ਵਿਰੋਧੀ ਧਿਰ ਨੂੰ ਪਤਾ ਨਹੀਂ ਲੱਗਾ ਕਿ ਕੀ ਮਤਾ ਪੜ੍ਹਿਆ। ਮੈਂ ਹੁਣ ਅਪਣੇ ਹਲਕੇ ਦੀ ਗੱਲ ਕੀਤੀ ਹੈ ਕਿ ਮੇਰੇ ਹਲਕੇ ਦੇ ਵਿੱਚ ਸਰਕਾਰ ਨੇ ਜਿੰਨਾ ਟੀਚਾ ਮਿੱਥਿਆ ਗਿਆ ਸੀ ਅਸੀਂ ਲਗਭਗ ਉਸ ਕੋਲ ਪਹੁੰਚ ਗਏ ਹਾਂ। ਮੈਨੂੰ ਲਗਦਾ ਹੈ ਇਨ੍ਹਾਂ ਨੂੰ ਗੱਲ ਸੁਣਦੀ ਨਹੀਂ ਹੈ। ਨੰਬਰ ਦੋ, ਇਹ ਕਹਿੰਦੇ ਹਨ ਕਿ ਪੈਨਸ਼ਨਾਂ ਦੀ ਗੱਲ ਕਰਦੇ ਹਾਂ। ਸਾਰੇ ਸਤਿਕਾਰਯੋਗ ਹਨ, ਜੋ ਅੱਜ ਤੱਕ ਚੁਣ ਕੇ ਆਏ ਹਨ। ਬੰਦਾ ਉਂਝ ਹੀ ਨਹੀਂ ਚੁਣਿਆ ਜਾਂਦਾ। ਉਹ ਭਾਵੇਂ ਪੰਚਾਇਤ ਮੈਂਬਰ ਹੈ, ਭਾਵੇਂ ਐਮ.ਐਲ.ਏ ਹੈ। ਮੈਂ ਸਾਰਿਆਂ ਦਾ ਸਤਿਕਾਰ ਕਰਦਾ ਹਾਂ। ਮੇਰੇ ਕੋਲ ਬਹੁਤ ਲੰਬੀ ਲਿਸਟ ਹੈ, ਤੁਹਾਡਿਆਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਦੀ ਵੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ) (ਬੈਠੇ-ਬੈਠੇ):** ਤੁਸੀਂ ਦੱਸ ਦੇਵੋ ਕਿ 10 ਪੈਨਸ਼ਨਾਂ ਕਿਹੜਾ ਵਿਅਕਤੀ ਲੈਂਦਾ ਸੀ?

**ਮਾਨਯੋਗ ਸਪੀਕਰ:** ਤੁਸੀਂ ਜ਼ਰੂਰੀ ਲਾਲ ਹੋਣਾ ਹੈ। ਸਾਰੇ ਪੰਜਾਬ ਨੂੰ ਪਤਾ ਹੈ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ ਇਸ ਤਰ੍ਹਾਂ ਹੈ ਕਿ ਰਾਜਾ ਜੀ ਨੇ ਪੁਆਇੰਟ ਸਪੈਸਿਫਿਕ ਪੁੱਛਿਆ ਹੈ, ਮੈਂ ਇਸ ਦਾ ਜਵਾਬ ਦੇ ਦਿੰਦਾ ਹਾਂ।

**ਮਾਨਯੋਗ ਸਪੀਕਰ:** ਹਾਂ ਜੀ, ਅਮਨ ਜੀ।

**ਸ਼੍ਰੀ ਅਮਨ ਅਰੋੜਾ:** ਰਾਜਾ ਜੀ ਇਸ ਤਰ੍ਹਾਂ ਹੈ ਕਿ ਬਹੁਤ ਹੀ ਸਤਿਕਾਰਯੋਗ ਹਨ, ਪਰਮਾਤਮਾ ਉਨ੍ਹਾਂ ਨੂੰ ਲੰਬੀਆਂ ਉਮਰ ਦਰਾਜ਼ ਕਰੇ। ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਸਾਹਿਬ ਪੰਜ ਵਾਰੀ ਮੁੱਖ ਮੰਤਰੀ ਰਹੇ ਹਨ, 11 ਵਾਰੀ ਐਮ.ਐਲ.ਏ. ਰਹੇ ਹਨ।

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਦੇ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ ਬੋਲ ਰਹੇ ਸੀ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸ਼੍ਰੀ ਅਮਨ ਅਰੋੜਾ:** ਇੱਕ ਮਿੰਟ ਮੇਰੀ ਗੱਲ ਸੁਣ ਤਾਂ ਲਓ। ਇੱਕ ਮਿੰਟ ਸੁਣ ਲਵੋ।

**ਮਾਨਯੋਗ ਸਪੀਕਰ:** ਅਮਨ, ਰਹਿਣ ਦੇਵੋ।

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਦੇ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ ਬਿਨਾਂ ਇਜਾਜ਼ਤ ਬੋਲ ਰਹੇ ਸੀ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਰਾਜਾ ਜੀ ਜਦੋਂ ਤੁਹਾਡਾ ਸਮਾਂ ਆਵੇਗਾ, ਕਿਰਪਾ ਕਰਕੇ ਤੁਸੀਂ ਉਦੋਂ ਬੋਲਣਾ। ਤੁਹਾਨੂੰ ਹਰੇਕ ਗੱਲ ਦਾ ਜਵਾਬ ਮੈਂ ਲੈ ਕੇ ਦੇਵਾਂਗਾ। ਇਹ ਚੇਅਰ ਦੀ ਜ਼ਿੰਮੇਵਾਰੀ ਹੈ। ਆਪਾਂ ਅਮਨ ਜੀ ਨੂੰ ਗੱਲ ਪੂਰੀ ਕਰਨ ਦੇਈਏ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਇਸ ਤਰ੍ਹਾਂ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਸਾਹਿਬ, ਪੰਜ ਵਾਰੀ ਮੁੱਖ ਮੰਤਰੀ ਤੇ 11 ਵਾਰ ਐਮ.ਐਲ.ਏ. ਰਹੇ ਹਨ। ਜੇ ਸਾਡੀ ਸਰਕਾਰ ਇਹ ਕਾਨੂੰਨ ਨਾ ਬਣਾਉਂਦੀ ਤਾਂ ਉਹ 11 ਪੈਨਸ਼ਨਜ਼ ਦੇ eligible ਹੋ ਜਾਂਦੇ। Please try to understand.

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਉਨ੍ਹਾਂ ਨੇ ਕਹਿ ਦਿੱਤਾ ਸੀ ਕਿ ਉਨ੍ਹਾਂ ਨੇ ਪੈਨਸ਼ਨ ਨਹੀਂ ਲੈਣੀ।

**ਸ਼੍ਰੀ ਅਮਨ ਅਰੋੜਾ:** ਉਹ ਤਾਂ ਉਨ੍ਹਾਂ ਦੀ ਮਿਹਰਬਾਨੀ ਤੇ ਦਰਿਆਦਿਲੀ ਹੈ ਕਿ ਉਨ੍ਹਾਂ ਨੇ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ। ਪਹਿਲਾਂ ਉਨ੍ਹਾਂ ਨੇ ਅਕਤੂਬਰ 2016 ਦੇ ਵਿੱਚ ਇੱਕ ਕਾਨੂੰਨ ਬਣਾਇਆ। ਇੱਧਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਅਤੇ ਉਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਕਾਂਗਰਸ ਵਾਲੇ ਸੀ। ਹਨ੍ਹੇਰੀ ਆਪ (ਆਮ ਆਦਮੀ ਪਾਰਟੀ) ਦੀ ਚਲਦੀ ਸੀ। ਇਨ੍ਹਾਂ ਨੂੰ ਲਗਦਾ ਸੀ ਕਿ ਸਾਰੇ ਦੇ ਸਾਰੇ ਹੀ ਸਾਬਕਾ ਹੋ ਜਾਵਾਂਗੇ। ਸਰ, ਰਲ ਮਿਲ ਦੇ ਕਾਨੂੰਨ ਬਣਾ ਲਿਆ ਕਿ multiple ਪੈਨਸ਼ਨਾਂ ਦੇ ਦੇਵੋ। ਫਿਰ ਪੈਰ ਥੱਲੇ ਬਟੇਰ ਆ ਗਿਆ ਕਾਂਗਰਸ ਦੀ ਸਰਕਾਰ ਆ ਗਈ। ਜਿਨ੍ਹਾਂ ਨੇ ਪੰਜ ਸਾਲ, 5-5, 7-7, 8-8 ਪੈਨਸ਼ਨਾਂ ਲਈਆਂ ਹਨ, 6-6, 4-4 ਲਈਆਂ ਹਨ, ਉਸ ਨੁਕਸਾਨ ਦੀ ਭਰਪਾਈ ਕੌਣ ਕਰੇਗਾ।(ਵਿਘਨ,ਸ਼ੋਰ) ਇਹ ਠੀਕ ਹੈ ਕਿ ਉਨ੍ਹਾਂ ਨੇ ਆਪ ਪੈਨਸ਼ਨ ਛੱਡ ਦਿੱਤੀ, ਇਹ ਉਨ੍ਹਾਂ ਦੀ ਮਿਹਰਬਾਨੀ, ਦਰਿਆਦਿਲੀ ਹੈ, ਨਹੀਂ ਕਾਨੂੰਨ ਤਾਂ ਬਣ ਹੀ ਜਾਣਾ ਸੀ ਪਰ ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਸ ਕਾਨੂੰਨ ਦਾ ਜਿਹੜਾ ਅਕਤੂਬਰ, 2016 ਦੇ ਵਿੱਚ ਇਨ੍ਹਾਂ ਦੋਵਾਂ (ਇੰਡੀਅਨ ਨੈਸ਼ਨਲ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਨੇ ਰਲ-ਮਿਲ ਕੇ ਬਣਾਇਆ, ਉਸ ਦੀ ਭਰਪਾਈ ਕੌਣ ਕਰੇਗਾ।

**ਮਾਨਯੋਗ ਸਪੀਕਰ:** ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ। ਰੋੜੀ ਸਾਹਿਬ। (ਵਿਘਨ, ਸ਼ੋਰ)

**ਸਰਦਾਰ ਜੈ ਕ੍ਰਿਸ਼ਨ ਸਿੰਘ:** ਮੌਕਾ ਰੋੜੀ ਨੂੰ ਤੇ ਰੋੜਾ (ਅਰੋੜਾ) ਸਾਹਿਬ ਨੂੰ ਬੋਲ ਗਿਆ ਜੀ। ਇੱਦਾਂ ਨਾ ਕਰੋ ਜੀ। (ਹਾਸਾ) ਮੇਰੀ ਬੇਨਤੀ ਸੁਣ ਲਵੋ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨ੍ਹਾਂ ਇਜਾਜ਼ਤ ਬੋਲ ਰਹੇ ਸੀ।)

**ਸਰਦਾਰ ਜੈ ਕ੍ਰਿਸ਼ਨ ਸਿੰਘ:** ਹੈਨਰੀ ਸਾਹਿਬ, ਤੁਹਾਡੀ ਗੱਲ ਦਾ ਜਵਾਬ ਦੇਣ ਲੱਗਾ ਹਾਂ। ਤੁਹਾਡੇ ਮਨ ਵਿੱਚ ਕੀ ਹੈ, ਮੈਂ ਦੱਸਣ ਲੱਗਾ ਹਾਂ। ਧਿਆਨ ਨਾਲ ਸੁਣ ਲਵੋ। (ਵਿਘਨ, ਸ਼ੋਰ) ਸਪੀਕਰ ਸਾਹਿਬ, ਇਨ੍ਹਾਂ ਨੇ ਉਹੀ ਗੱਲ ਕਰਨੀ ਹੈ ਜੀ, ਮੈਨੂੰ ਪਤਾ ਹੈ। ਰਾਜਾ ਜੀ ਨੇ ਮੈਨੂੰ ਸਵਾਲ ਕੀਤਾ ਹੈ, ਮੈਂ ਉਨ੍ਹਾਂ ਦੀ ਗੱਲ ਦਾ ਜਵਾਬ ਦੇ ਦੇਵਾਂ ਜੀ।

**ਮਾਨਯੋਗ ਸਪੀਕਰ:** ਆਪੋਜ਼ੀਸ਼ਨ ਹੈ ਜੀ। ਗੱਲ ਕਰ ਲੈਣ ਦਿਓ।

ਪ.ਸ./ਸ.ਜੈ./4.30/24.06.2022

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਪੀਕਰ ਸਾਹਿਬ, ਇੱਕ ਬੇਨਤੀ ਹੈ, ਸਤਿਕਾਰਯੋਗ ਮੈਂਬਰ ਸਾਹਿਬ ਨੇ 2016 ਦਾ ਵੇਰਵਾ ਦਿੱਤਾ ਹੈ ਕਿ ਉਦੋਂ ਪੈਨਸ਼ਨ ਵਧਾਈ ਗਈ ਹੈ ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਸਪੀਕਰ ਸਾਹਿਬ, ਇੱਕ ਮਿੰਟ ਜੀ ।

**ਮਾਨਯੋਗ ਸਪੀਕਰ :** ਇਹ ਤਾਂ ਗਲਤ ਗੱਲ ਹੈ । ਹੁਣ ਬੰਦ ਕਰੋ । ਹਾਂ ਜੀ, ਰੋੜੀ ਸਾਹਿਬ, ਤੁਸੀਂ ਬੋਲੋ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਆਪਣੀ ਸੀਟ ਤੋਂ ਉਠ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਸਰਦਾਰ ਜੈ ਕ੍ਰਿਸ਼ਨ ਸਿੰਘ**: ਤੁਸੀਂ ਸਲਾਹ ਕਰ ਲਵੋ ਕਿ ਕਿਸੇ ਨੇ ਬੋਲਣਾ ਹੈ (ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਅਤੇ ਸ਼੍ਰੀ ਅਵਤਾਰ ਸਿੰਘ ਜੂਨੀਅਰ ਵੱਲ ਇਸ਼ਾਰਾ ਕਰਦੇ ਹੋਏ।)

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ**: ਕਰ ਲੈਂਦੇ ਹਾਂ ਸਲਾਹ।

**ਮਾਨਯੋਗ ਸਪੀਕਰ**: ਇਸ ਤਰ੍ਹਾਂ ਨਹੀਂ ਚਲੇਗਾ। ਪਾਹੜਾ ਸਾਹਿਬ ਤੁਸੀਂ ਬੈਠੋ, ਤੁਹਾਨੂੰ ਟਾਈਮ ਦਿਆਂਗੇ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਮੇਰੀ ਗੱਲ ਚੱਲ ਰਹੀ ਹੈ, ਚੱਲ ਲੈਣ ਦਿਓ। ਮੈਂ ਤੁਹਾਡੇ ਨਾਲ ਪੀਂਘ ਬਾਅਦ ਵਿੱਚ ਸ਼ੁਰੂ ਕਰ ਲਵਾਂਗਾ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ**: ਮੈਂ ਤੁਹਾਨੂੰ ਇੰਟਰੱਪਟ ਨਹੀਂ ਕਰ ਰਿਹਾ ।

**ਮਾਨਯੋਗ ਸਪੀਕਰ**: ਪਾਹੜਾ ਜੀ ਕਿਉਂ ਰੋਕਦੇ ਹੋ?

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ**: ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਤਰਸ ਦੇ ਅਧਾਰ ਤੇ ਇਨ੍ਹਾਂ ਨੂੰ ਬੋਲਣ ਲਈ ਟਾਈਮ ਦਿੱਤਾ ਹੈ। ਤੁਸੀਂ ਸਦਾ ਇੱਧਰ ਨਹੀਂ ਬੈਠੇ ਰਹਿਣਾ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ)। ਇਹ ਕੁਰਸੀਆਂ ਬਦਲਦੀਆਂ ਰਹਿੰਦੀਆਂ ਹਨ, ਤੁਸੀਂ ਇੰਨਾ ਮਾਣ ਨਾ ਕਰੋ। ਆਪਣੀ language ਨੂੰ ਥੋੜ੍ਹਾ ਜਿਹਾ ਸੁਧਾਰੋ। ਸਾਨੂੰ ਤਰਸ ਦੇ ਆਧਾਰ ਤੇ ਟਾਈਮ ਦੇਣ ਵਾਲੇ ਤੁਸੀਂ ਕੌਣ ਹੁੰਦੇ ਹੋ। ਸਪੀਕਰ ਸਾਹਿਬ ਬੈਠੇ ਹਨ। ਉਨ੍ਹਾਂ ਨਾਲ ਗੱਲ ਕਰੋ, ਜੋ ਵੀ ਕਰਨੀ ਹੈ।

**ਮਾਨਯੋਗ ਸਪੀਕਰ**: ਪਾਹੜਾ ਸਾਹਿਬ, ਤੁਸੀਂ ਇਨ੍ਹਾਂ ਗੱਲਾਂ ਦਾ ਗੁੱਸਾ ਨਾ ਕਰੋ। ਪਾਹੜਾ ਸਾਹਿਬ ਬੈਠੋ।

**ਸਰਦਾਰ ਜੈ ਕ੍ਰਿਸ਼ਨ ਸਿੰਘ**: ਸਪੀਕਰ ਸਾਹਿਬ, ਮੈਂ ਪਿੰਡਾਂ ਦੀ ਗੱਲ ਦੱਸਣ ਲਗਿਆ ਹਾਂ। ਜਦੋਂ ਪਿੰਡ ਦੇ ਵਿੱਚ ਕਿਧਰੇ ਮੈਚ ਲੱਗਦਾ ਹੈ ਅਤੇ ਜਦੋਂ ਟੀਮ ਹਾਰਨ ਲੱਗਦੀ ਹੈ ਤਾਂ ਉਹ ਇਸ ਤਰ੍ਹਾਂ ਹੀ ਰੋਣ ਪਿੱਟਣ ਲੱਗ ਪੈਂਦੀਆਂ ਹਨ। (ਹਾਸਾ)। ਮੇਰੀਆਂ ਗੱਲਾਂ ਦਾ ਇਨ੍ਹਾਂ ਕੋਲ ਹੁਣ ਕੋਈ ਜਵਾਬ ਨਹੀਂ ਹੈ। ਇਸ ਕਰਕੇ ਇਹ ਵਾਰੀ ਵਾਰੀ ਪਰਚੀ ਲਿਖ ਕੇ ਇੱਕ ਦੂਜੇ ਨੂੰ ਦੇ ਰਹੇ ਹਨ ਕਿ ਹੁਣ ਤੂੰ ਰੌਲਾ ਪਾ। ਤੁਸੀਂ ਮੇਰੇ ਵੱਡੇ ਵੀਰ ਹੋ, ਪੜ੍ਹੇ ਲਿਖੇ ਹੋ, ਦੂਜੀ ਵਾਰ ਬਣੇ ਹੋ ਜਾਂ ਤੀਜੀ ਵਾਰ....

**ਮਾਨਯੋਗ ਸਪੀਕਰ**: ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਜੈ ਕ੍ਰਿਸ਼ਨ ਸਿੰਘ**: ਜੇ ਕੋਈ ਪਹਿਲੀ ਵਾਰੀ ਚੁਣ ਕੇ ਆਇਆ ਹੈ ਤਾਂ ਕੋਈ ਗੱਲ ਨਹੀਂ। ਜੇ ਕੋਈ ਇੱਧਰੋਂ ਵੀ ਲੰਘ ਗਿਆ ਤਾਂ ਕੋਈ ਗੱਲ ਨਹੀਂ, ਅਸੀਂ ਉਸ ਨੂੰ ਦੱਸ ਦਿਆਂਗੇ। ਮੈਂ ਤੁਹਾਡੀ ਇਸ ਗੱਲ ਦੀ ਵੀ ਪ੍ਰੋੜ੍ਹਤਾ ਕਰਦਾ ਹਾਂ ਕਿ ਅਸੀਂ ਇਸ ਹਾਊਸ ਦੇ ਵਿੱਚ ਪੰਜਾਬ ਦੇ ਲੋਕਾਂ ਦੇ ਹਿਤ ਵਿੱਚ ਗੱਲ ਕਰਨੀ ਹੈ। ਜਿਹੜੇ ਪੰਜ ਸੱਤ ਬੰਦੇ ਲੜਦੇ ਹੁੰਦੇ ਸਨ, ਲੋਕਾਂ ਨੇ ਉਨ੍ਹਾਂ ਨੂੰ ਘਰ ਬਿਠਾ ਦਿੱਤਾ ਹੈ। ਹੁਣ ਲੋਕੀ ਸਭ ਕੁਝ ਲਾਈਵ ਦੇਖ ਰਹੇ ਹਨ। ਜਿਹੜਾ ਉਨ੍ਹਾਂ ਦੇ ਪਦ ਚਿੰਨ੍ਹਾਂ ਤੇ ਚੱਲੇਗਾ ਮੈਨੂੰ ਲੱਗਦਾ ਹੈ ਕਿ ਅਗਲੀ ਵਾਰ ਉਹ ਵੀ ਘਰ ਬੈਠ ਜਾਵੇਗਾ। ਉਹ ਭਾਵੇਂ ਮੈਂ ਹਾਂ ਜਾਂ ਭਾਵੇਂ ਹੋਰ। ਮੇਰੀ ਸਿਰਫ ਦੋ ਤਿੰਨ ਗੱਲਾਂ ਰਹਿ ਗਈਆਂ ਹਨ। ਅੱਜ ਕੱਲ੍ਹ ਸਭ ਤੋਂ ਵੱਡੀ ਟੈਨਸ਼ਨ ਲੋਕਾਂ ਨੂੰ ਆਪਣੇ ਬੱਚਿਆਂ ਦੇ ਡਰਾਈਵਿੰਗ ਲਾਇਸੈਂਸ ਬਣਾਉਣ ਦੀ ਹੈ, ਜਦੋਂ ਉਹ 18 ਸਾਲਾਂ ਦੇ ਹੋ ਜਾਂਦੇ ਹਨ। ਮੇਰੇ ਹਲਕੇ ਹੁਸ਼ਿਆਰਪੁਰ ਦੇ ਵਿੱਚ ਡਰਾਈਵਿੰਗ ਲਾਇਸੈਂਸ

ਰਿਨਿਊ ਕਰਵਾਉਣ ਲਈ ਜਿਹੜੇ 20 ਹਜ਼ਾਰ ਰੁਪਏ ਦਾ ਨੰਬਰ ਸੀ, ਉਹ 40/45 ਹਜ਼ਾਰ ਤੇ ਚੱਲਦਾ ਹੈ ਔਰ ਮਾਨ ਸਾਹਿਬ ਦੀ ਸਰਕਾਰ ਨੇ ਆਨ ਲਾਈਨ ਲਰਨਿੰਗ ਲਾਇਸੈਂਸ ਦੀ ਸੁਵਿਧਾ ਦੇ ਦਿੱਤੀ ਹੈ, ਜਿਹੜੀ ਕਿ ਨੌਜਵਾਨ ਪੀੜੀ ਦੀ ਸਭ ਤੋਂ ਵੱਡੀ ਲੋੜ ਹੈ। ਇਸ ਤੋਂ ਵੱਡੀ ਗੱਲ ਜਿਹੜੀ ਲੋਕਾਂ ਨੇ ਕਦੇ ਸੋਚੀ ਵੀ ਨਹੀਂ ਸੀ, ਉਹ ਇਹ ਹੈ ਕਿ ਲੀਡਰਾਂ ਦੀ, ਅਫਸਰਾਂ ਦੀ, ਐਨੀ ਵੱਡੀ ਜਾਇਦਾਦ, ਜੋ ਕਿ ਹਜ਼ਾਰਾਂ ਏਕੜਾਂ ਵਿੱਚ ਸਨ। ਮੈਂ ਪੰਜਾਬ ਸਰਕਾਰ ਦਾ, ਮੁੱਖ ਮੰਤਰੀ ਸਾਹਿਬ ਅਤੇ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਪਹਿਲਕਦਮੀ ਕਰਕੇ, ਪੰਜਾਬ ਦੇ ਲੋਕਾਂ ਦੀ ਜ਼ਮੀਨ ਉਨ੍ਹਾਂ ਤੋਂ ਕਢਾਈ ਹੈ ਅਤੇ ਸਰਕਾਰ ਦੇ ਹਵਾਲੇ ਕੀਤੀ ਹੈ। ਮੇਰੇ ਹਲਕੇ ਦੇ ਵਿੱਚ ਪਿੰਡ ਬਸਿਆਲਾ ਪੈਂਦਾ ਹੈ। ਪਿੰਡ ਵਾਸੀਆਂ ਨੇ ਇੱਕ ਬਹੁਤ ਵਧੀਆ ਬਿਲਡਿੰਗ ਤਿਆਰ ਕੀਤੀ ਹੈ । ਉਹ ਸਾਰਾ ਪਿੰਡ ਮੇਰੇ ਕੋਲ ਆਇਆ। ਉਹ ਕਹਿਣ ਲੱਗੇ ਕਿ ਅਸੀਂ ਸਰਕਾਰ ਦਾ ਧੰਨਵਾਦ ਕਰਦੇ ਹਾਂ ਕਿ ਸਾਡੇ ਪਿੰਡ ਵਿੱਚ ਵੀ ਮੁਹੱਲਾ ਕਲੀਨਿਕ ਖੁੱਲ੍ਹ ਰਿਹਾ ਹੈ। ਇਸ ਤੋਂ ਪਹਿਲਾਂ ਅਸੀਂ ਜਿਹੜੇ ਵੀ ਪਿੰਡ ਜਾਂਦੇ ਸਨ ਤਾਂ ਦੇਖਦੇ ਸਨ ਕਿ ਬਿਲਡਿੰਗਾਂ ਖੰਡਰ ਪਈਆਂ ਹੁੰਦੀਆਂ ਸਨ, ਕੋਈ ਡਿਸਪੈਂਸਰੀ ਨਹੀਂ, ਕੋਈ ਡਾਕਟਰ ਨਹੀਂ। ਪਸ਼ੂਆਂ ਦੇ ਹਸਪਤਾਲਾਂ ਦੇ ਵਿੱਚ ਕੋਈ ਡਾਕਟਰ ਨਹੀਂ। ਜੇਕਰ ਸਾਡੇ ਦੇਸ਼ ਦਾ ਨਾਗਰਿਕ ਤੰਦਰੁਸਤ ਹੈ ਤਾਂ ਹੀ ਦੇਸ਼ ਅੱਗੇ ਚੱਲ ਸਕਦਾ ਹੈ। ਔਰ ਸਭ ਤੋਂ ਵੱਡੀ ਗੱਲ ਜਿਹੜੀ ਮੈਂ ਸਮਝਦਾ ਹਾਂ ਕਿ ਜਿਹੜਾ ਤੋਹਫਾ ਮਾਨ ਸਾਹਿਬ ਦੀ ਸਰਕਾਰ ਨੇ ਸਾਡੇ ਦੁਆਬੇ ਨੂੰ ਦਿੱਤਾ ਹੈ, ਓਹ ਇਹ ਹੈ ਕਿ ਸਿੱਧੀ ਬੱਸ, ਬੱਸ ਸਟਾਪ ਤੋਂ ਏਅਰਪੋਰਟ ਤੱਕ। ਉਸ ਦਾ ਕਿਰਾਇਆ ਵੀ ਨਾਂ-ਮਾਤਰ ਹੈ। ਅੱਜ ਤੱਕ ਜਿਹੜੇ ਪੈਸੇ ਇੱਕ ਜੇਬ ਤੋਂ ਨਿਕਲ ਕੇ ਦੂਜੀ ਜੇਬ ਤੱਕ ਜਾਂਦੇ ਸਨ, ਉਹ ਸਿੱਧੇ ਹੀ ਸਰਕਾਰ ਦੀ ਜੇਬ ਵਿੱਚ ਆ ਰਹੇ ਹਨ ਅਤੇ ਸਿੱਧੇ ਲੋਕਾਂ ਦੀ ਜੇਬ ਵਿੱਚ ਜਾਣਗੇ। ਮੈਂ ਇਸ ਗੱਲ ਲਈ ਮਾਨ ਸਾਹਿਬ ਦਾ ਧੰਨਵਾਦ ਕਰਦਾ ਹਾਂ(ਥੰਪਿੰਗ)। ਜੇ ਕਿਸੇ ਦੇ ਮਨ ਦੇ ਵਿੱਚ ਕੋਈ ਸ਼ੱਕ-ਸੁਭਾ ਹੈ ਕਿ ਮੈਂ ਬਚ ਜਾਵਾਂਗਾ, ਉਹ ਤਾਂ ਮਾਨ ਸਾਹਿਬ ਨੇ ਬਿਲਕੁਲ ਕਲੀਅਰ ਕਰ ਦਿੱਤਾ ।

**24.6.22/ਜਸਪਾਲ/4.35/ਜੈਨ**

ਆਪਣੇ ਹੀ ਮੰਤਰੀ, ਅਜੇ ਵੀ ਉਨ੍ਹਾਂ ਦਾ ਕੋਈ ਵੀਡਿਓ ਬਾਹਰ ਨਹੀਂ ਸੀ ਆਈ, ਕੋਈ ਆਡਿਓ ਬਾਹਰ ਨਹੀਂ ਸੀ ਆਈ, ਕਿਸੇ ਆਪੋਜ਼ੀਸ਼ਨ ਨੂੰ ਕੋਈ ਪਤਾ ਨਹੀਂ ਸੀ, ਕਿਸੇ ਪੱਤਰਕਾਰ ਨੂੰ ਨਹੀਂ ਪਤਾ ਸੀ, ਸਿਰਫ ਮਾਨ ਸਾਹਿਬ ਨੂੰ ਪਤਾ ਲੱਗਾ ਤਾਂ ਸਭ ਤੋਂ ਪਹਿਲਾਂ ਫੜ੍ਹ ਕੇ ਆਪਣਾ ਬੰਦਾ ਅੰਦਰ ਦਿੱਤਾ ਔਰ ਸੰਦੇਸ਼ ਦਿੱਤਾ ਕਿ ਹੁਣ ਆਮ ਲੋਕਾਂ ਦੀ ਸਰਕਾਰ ਹੈ, (ਥੰਪਿੰਗ) ਜਿਹੜੇ ਕਿਸੇ ਲੋਕਾਂ ਦੇ ਗਰੀਬ ਬੱਚਿਆਂ ਐਸ.ਸੀ.ਸਕਾਲਰਸ਼ਿਪ, ਭਾਵੇਂ ਕੋਈ ਹੋਰ ਨੌਜਵਾਨਾਂ ਦਾ ਹੱਕ ਖਾਧਾ, ਕਿਸੇ ਦਾ ਹੱਕ ਖਾਧਾ ਉਸ ਨੂੰ ਚੁੱਕ ਕੇ ਅੰਦਰ ਦਿੱਤਾ ਹੈ ਔਰ ਜਿਨ੍ਹਾਂ ਦੇ ਮਨ ਵਿਚ ਅਜੇ ਵੀ ਕਿਤੇ ਹੈ ਕਿ ਬਚ ਜਾਵਾਂਗੇ, ਮੈਨੂੰ ਪੂਰਨ ਯਕੀਨ ਹੈ ਕਿ

ਮਾਨ ਸਾਹਿਬ ਦੀ ਸਰਕਾਰ ਬਿਲੁਕਲ ਇਨਸਾਫ ਕਰੇਗੀ। ਤੁਸੀਂ ਬੋਲਣ ਦਾ ਮੌਕਾ ਦਿੱਤਾ ਹੈ, ਬਹੁਤ ਬਹੁਤ ਧੰਨਵਾਦ, ਬਹੁਤ ਬਹੁਤ ਮਿਹਰਬਾਨੀ । (ਥੰਪਿੰਗ)

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ) :** ਆਨਰੇਬਲ ਸਪੀਕਰ ਸਾਹਿਬ, ਤੁਹਾਡੀ ਬਹੁਤ ਮਿਹਰਬਾਨੀ। ਮਾਨਯੋਗ ਸਪੀਕਰ ਸਾਹਿਬ, ਤੁਸੀਂ ਗਵਰਨਰ ਐਡਰੈਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ ਪਰ ਮੈਂ ਜ਼ਿਆਦਾ ਆਪਣੀ ਸਪੀਚ ਜਿਹੜੀ ਹੈ ਉਸ ਨੂੰ ਲਾਅ ਐਂਡ ਆਰਡਰ ਉਤੇ ਕੰਫਾਈਨ ਰੱਖਾਂਗਾ। ਉਸ ਦਾ ਤੁਸੀਂ ਮੌਕਾ ਸਾਨੂੰ ਦਿੱਤਾ ਨਹੀਂ । ਮੈਂ ਸਮਝਦਾ ਹਾਂ ਕਿ ਉਹ ਸਾਰਿਆਂ ਨਾਲੋਂ ਇੰਪਾਰਟੈਂਟ ਮਸਲਾ ਹੈ ਕਿਉਂਕਿ ਪੰਜਾਬ 15 ਸਾਲ, 1980 ਤੇ 1990 ਦੇ ਵਿਚ ਇਸ ਕਿਸਮ ਦੇ ਹਾਲਾਤਾਂ ਵਿਚੋ ਗੁਜ਼ਰ ਚੁੱਕਿਆ ਹੈ, ਸਾਡੇ ਪਰਿਵਾਰਾਂ ਨੇ ਉਸ ਦੀ ਬਹੁਤ ਵੱਡੀ ਕੀਮਤ ਵੀ ਅਦਾ ਕੀਤੀ ਹੈ, ਇਸੇ ਗੱਲ ਕਾਰਨ ਲਾਅ ਐਂਡ ਆਰਡਰ ਉਤੇ ਅੱਜ ਅਸੀਂ ਚਰਚਾ ਚਾਹੁੰਦੇ ਸੀ, ਹਾਲਾਤ ਉਦੋਂ ਵੀ ਇਸ ਤਰ੍ਹਾਂ ਹੀ ਸ਼ੁਰੂ ਹੋਏ ਸੀ, ਹਾਲਾਤ ਇਸ ਟਾਈਮ ਵੀ ਵਿਗੜ ਰਹੇ ਹਨ, ਇਸ ਨੂੰ ਸਾਰੇ ਹਾਊਸ ਨੂੰ ਕਾਈਂਡਲੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ । ਇਹ ਹਾਲਾਤ ਹੁਣ ਇਸ ਟਾਈਮ ਇਸ ਹਿਸਾਬ ਦੇ ਬਣ ਰਹੇ ਹਨ, ਜਿਸ ਪੁਰਾਣੇ ਵਕਤ ਸੀ, ਉਦੋਂ ਟੈਰਾਰਿਸਟਸ ਸਨ, ਹੁਣ ਗੈਂਗਸਟਰਜ਼ ਹਨ, ਹੁਣ ਗੱਲ ਕਹਿ ਲਵੋ ਕਿ ਪੁਰਾਣੇ ਨੇ ਕਿਥੇ ਹਨ, ਇੱਧਰ ਹਨ, ਉਹ ਸਾਰੀ ਗੱਲ ਆਪਾਂ ਕਰਾਂਗੇ। ਮੇਰੀ ਗੁਜਾਰਿਸ਼ ਇਹ ਹੈ ਕਿ ਇਸ ਨੂੰ ਥੋੜ੍ਹਾ ਜਿਹਾ ਚਿੰਤਾ ਦਾ ਵਿਸ਼ਾ ਇਹ ਹੈ ਕਿ ਪੰਜਾਬ ਪੁਲਿਸ ਨੂੰ ਪਿਛਲੇ ਚੰਦ ਹਫਤਿਆਂ ਵਿੱਚ ਗੈਂਗਸਟਰ ਵੱਲ ਧਿਆਨ ਚਾਹੀਦਾ ਸੀ ਜਾਂ ਲਾਅ ਐਂਡ ਆਰਡਰ ਨੂੰ ਕੰਟਰੋਲ ਕਰਨ ਵੱਲ ਧਿਆਨ ਚਾਹੀਦਾ ਸੀ। ਅਨੇਕਾਂ ਲੋਕ ਹਰ ਰੋਜ਼, ਹਰ ਰੋਜ਼, ਅੱਜ ਵੀ ਵਾਰਦਾਤ ਹੋਈ ਹੈ, ਇਸ ਦਾ ਸ਼ਿਕਾਰ ਹੋਏ ਹਨ ਪਰ ਧਿਆਨ ਕੀ ਸੀ ਕਿ ਚੰਦ ਲੀਡਰਜ਼ ਹਨ ਦਿੱਲੀ ਵਿਚ, ਕੋਈ ਗੱਲ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਸਾਹਿਬ ਦੇ ਖਿਲਾਫ ਕਿਤੇ ਕਿਤੇ ਸੋਸ਼ਲ ਮੀਡੀਆ ਉਤੇ ਕਹੀ ਹੋਵੇਗੀ ਉਨ੍ਹਾਂ ਨੂੰ ਘੇਰਨ ਦਾ ਕੰਮ ਪੰਜਾਬ ਪੁਲਿਸ ਨੇ ਸ਼ੁਰੂ ਕਰ ਲਿਆ ਹੈ। ਉਸ ਵਿਚ ਡਾਕਟਰ ਕੁਮਾਰ ਵਿਸ਼ਵਾਸ ਇਨ੍ਹਾਂ ਦੇ ਹੀ ਸਾਥੀ ਸਨ, ਉਥੇ ਦਿੱਲੀ ਪੰਜਾਬ ਪੁਲਿਸ ਪਹੁੰਚ ਗਈ, ਇਨ੍ਹਾਂ ਦੇ ਹੀ ਅਲਕਾ ਲਾਂਬਾ ਜੋ ਹੁਣ ਅੱਜਕੱਲ੍ਹ ਸਾਡੇ ਨਾਲ ਹਨ, ਉਨ੍ਹਾਂ ਦੇ ਘਰ ਪਹੁੰਚ ਗਈ, ਉਸ ਤੋਂ ਬਾਅਦ ਬੀ.ਜੇ.ਪੀ. ਦੇ ਸਰਦਾਰ ਤੇਜਿੰਦਰਪਾਲ ਸਿੰਘ ਬੱਗਾ ਸਾਹਿਬ ਹਨ ਉਨ੍ਹਾਂ ਦੇ ਘਰ ਪਹੁੰਚ ਗਈ। ਅਜੇ ਇਨ੍ਹਾਂ ਦਾ ਉਧਰ ਸਾਰਾ ਧਿਆਨ ਸੀ ਤੇ ਪਿਛੋਂ ਸਾਰਿਆਂ ਤੋਂ ਪਹਿਲਾਂ ਪਟਿਆਲਾ ਦੀ ਵਾਰਦਾਤ ਹੋਈ, ਤਕਰੀਬਨ 25-30 ਸਾਲ ਤੋਂ ਬਾਅਦ ਮੈਂ ਸਾਰੇ ਸਾਥੀਆਂ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ, ਬਹੁਤ ਸਾਰੇ ਮੇਰੇ ਵੀਰ ਉਧਰ ਵੀ ਬੈਠੇ ਹਨ ਜਿਨ੍ਹਾਂ ਦੇ ਪਰਿਵਾਰਾਂ ਨੇ ਟੈਰੋਰਿਜ਼ਮ ਦੇ ਵੇਲੇ ਵੱਡੀ ਕੀਮਤ ਦਿੱਤੀ, ਸੇਮ ਕਿਸਮ ਦਾ ਇੰਸੀਡੈਂਟ ਪਟਿਆਲੇ ਵਿਚ 1983 ਵਿਚ ਹੋਇਆ ਸੀ, ਸੇਮ ਮੰਦਰ ਸੀ ਪਰ ਉਥੇ ਇਹ ਗੱਲ ਵੱਖਰੀ ਹੈ ਕਿ ਜਥੇਬੰਦੀਆਂ ਦੇ ਨਾਂ ਵੱਖਰੇ ਵੱਖਰੇ ਸੀ, ਹੁਣ ਜਿਨ੍ਹਾਂ ਦੇ ਨਾਂ ਹਨ, ਹੁਣ ਥੋੜ੍ਹੇ ਜਿਹੇ ਫਰਕ ਸੀ ਪਰ ਕਮਿਊਨਿਲ ਟੈਨਸ਼ਨ ਪੰਜਾਬ ਵਿਚ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਪੰਜਾਬ ਇੱਕ

ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਹੈ ਜਿਥੇ ਕਮਿਊਨਲ ਟੈਨਸ਼ਨ ਕਦੇ ਹੋਈ ਨਹੀਂ । ਸੋ, ਇਹ ਚਾਹਾਂਗਾ ਕਿ ਇਸ ਗੱਲ ਕਾਰਨ ਇਸੇ ਹੀ ਇਲੈਕਸ਼ਨ ਵਿਚ ਜਦੋਂ ਅਸੀਂ ਸੰਗਰੂਰ ਵਿੱਚ ਫਿਰ ਰਹੇ ਸੀ ਤਾਂ ਮੈਂ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਵੀਡਿਉ ਦੇਖੀ ਜਿਸ ਵਿਚ ਉਨ੍ਹਾਂ ਨੇ ਇਸ ਗੱਲ ਦੀ ਚਰਚਾ ਕੀਤੀ ਕਿ ਮੈਨੂੰ ਵੀ ਮਾਰਨ ਦੀਆਂ ਧਮਕੀਆਂ ਆਈਆਂ ਹਨ। ਸੋ, ਸਾਡੇ ਸਾਰੇ ਪੰਜਾਬ ਵਾਸਤੇ, ਨਿਰੇ ਤੁਹਾਡੇ ਵਾਸਤੇ ਨਹੀਂ, ਚੀਫ ਮਨਿਸਟਰ ਤੁਹਾਡੇ ਤੇ ਸਾਡੇ ਸਾਰਿਆਂ ਦੇ ਸਾਂਝੇ ਹਨ, ਤੁਹਾਡੇ ਲੀਡਰ ਹਨ ਲੇਕਿਨ ਚੀਫ ਮਨਿਸਟਰ ਸਾਰੇ ਪੰਜਾਬ ਵਾਸਤੇ ਹਨ। ਇਸ ਵਾਸਤੇ ਸਾਨੂੰ ਸਾਰਿਆਂ ਨੂੰ ਇਸ ਦਾ ਬੜਾ ਸੰਗੀਨ ਧਿਆਨ ਕਰਨਾ ਚਾਹੀਦਾ ਹੈ। ਕੀ ਕਮੀਆਂ ਪੇਸ਼ੀਆਂ ਹਨ। ਸੋ, ਮੈਂ ਇਹ ਤੁਹਾਨੂੰ ਬੇਨਤੀ ਤਾਂ ਹੀ ਕਰ ਰਿਹਾ ਸੀ ਕਿ ਅੱਜ ਸਾਨੂੰ ਮੌਕਾ ਦਿਉ, ਚਲੋ ਤੁਸੀਂ ਕਿਹਾ ਕਿ ਕੱਲ੍ਹ ਨੂੰ ਇਸ ਉਤੇ ਚੀਫ ਮਨਿਸਟਰ ਸਾਹਿਬ ਸਟੇਟਮੈਂਟ ਦੇਣਗੇ। ਸੋ, ਸਾਰਿਆਂ ਤੋਂ ਪਹਿਲਾਂ ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਇਸ ਵੱਲ ਸਾਨੂੰ ਬਹੁਤ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਜਦੋਂ ਪੰਜਾਬ ਪੁਲਿਸ, ਧਿਆਨ ਤਾਂ ਚਾਹੀਦਾ ਸੀ ਕਿ ਪਟਿਆਲੇ ਤੋਂ R..P.G. ਅਟੈਕ ਹੋਇਆ ਜਿਸ ਦਾ ਅਰੋੜਾ ਸਾਹਿਬ ਨੇ ਜ਼ਿਕਰ ਕੀਤਾ ਹੈ। ਦੇਖੋ, ਬਹੁਤ ਦੇਰ ਤੋਂ ਪਿਛਲੀ ਗੌਰਮਿੰਟ ਵੀ ਕਹਿੰਦੀ ਆਈ, ਵਾਰਨਿੰਗ ਕਰਦੀ ਆਈ ਕਿ ਅਕਰਾਸ ਪਾਕਿਸਤਾਨ ਵੱਲੋਂ ਡਰੋਨਜ਼ ਦੇ ਜ਼ਰੀਏ ਵੈਪਨ ਵੀ ਆ ਰਹੇ ਹਨ, ਡਰੋਨਜ਼ ਦੇ ਜ਼ਰੀਏ ਨਸ਼ਾ ਵੀ ਆ ਰਿਹਾ ਹੈ, ਇਸ ਦੇ ਉਤੇ ਸਾਨੂੰ ਸਾਰਿਆਂ ਨੂੰ, ਅਰੋੜਾ ਸਾਹਿਬ, ਬਿਲਕੁਲ ਠੀਕ ਹੈ, ਤੁਹਾਡੀ ਚਿੰਤਾ ਵੀ ਹੈ, ਸੈਂਟਰਲ ਗੌਰਮਿੰਟ ਨੂੰ ਵੀ ਬਹੁਤ ਧਿਆਨ ਰੱਖਣ ਦੀ ਲੋੜ ਹੈ ਕਿਉਂਕਿ ਜਿੰਨਾ ਸਾਡਾ ਇੰਟਰਨੈਸ਼ਨਲ ਬਾਰਡਰ ਹੈ, ਉਹ ਬੀ.ਐਸ.ਐਫ. ਦੇ ਅੰਡਰ ਆਉਂਦਾ ਹੈ। ਬੀ.ਐਸ.ਐਫ. ਨੇ 50 ਕਿਲੋਮੀਟਰ ਤੱਕ ਪੰਜਾਬ ਵਿਚ ਆਉਣ ਦਾ ਬਕਾਇਦਾ ਇੱਕ ਕਾਨੂੰਨ ਵੀ ਪਾਸ ਹੋ ਗਿਆ ਕਿ they can intercede into Punjab..

ਬ.ਕ./ਅਭਿ./24.6.22/4.40

ਉਹ ਆ ਸਕਦੇ ਹਨ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸਾਨੂੰ ਗੰਭੀਰਤਾ ਨਾਲ ਸੋਚਣ ਵਿਚਾਰਨ ਦੀ ਲੋੜ ਹੈ। ਅਰੋੜਾ ਸਾਹਿਬ, ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਇੰਟੈਲੀਜੈਂਸ ਵਿੰਗ, ਜੋ ਕਿ ears and eyes of the Government, ਜਿਨ੍ਹਾਂ ਨੇ ਗੌਰਮਿੰਟ ਨੂੰ ਇਤਲਾਹ ਦੇਣੀ ਹੁੰਦੀ ਹੈ ਕਿ ਇਸ ਕਿਸਮ ਦੀ activity ਕਿੱਥੇ ਹੋ ਰਹੀ ਹੈ, ਉਹ ਤਾਂ ਆਪ ਸੁੱਤਾ ਹੋਇਆ ਸੀ। ਸਾਰਿਆਂ ਤੋਂ ਪਹਿਲਾਂ ਰਾਕਿਟ ਲਾਂਚਰ ਨਾਲ ਅਟੈਕ ਪੰਜਾਬ ਇੰਟੈਲੀਜੈਂਸ ਆਫਿਸ ਤੇ ਹੋਇਆ ਹੈ that means ਇਸ ਵਿੱਚ ਕਮੀ-ਪੇਸ਼ੀ ਹੈ। ਸਾਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਤੁਸੀਂ ਦੇਖਦੇ ਹੋ ਕਿ ਇਸ ਤੋਂ ਬਾਅਦ ਮੂਸੇਵਾਲਾ ਦੀ killing ਹੁੰਦੀ ਹੈ । ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ ਨੇ ਵੀ ਜ਼ਿਕਰ ਕੀਤਾ ਹੈ ਕਿ ਸ਼ਾਹਰੁਖ ਨਾਂ ਦਾ ਬੰਦਾ ਦਿੱਲੀ ਪੁਲਿਸ ਗ੍ਰਿਫਤਾਰ ਕਰਦੀ ਹੈ ਅਤੇ ਉਹ ਬਕਾਇਦਾ ਤੌਰ ਤੇ ਪੰਜਾਬ ਪੁਲਿਸ ਨੂੰ warn ਕਰਦੀ ਹੈ ਅਤੇ ਉਨ੍ਹਾਂ ਦਾ ਸਪੈਸ਼ਲ ਸੈੱਲ

ਦੱਸਦਾ ਹੈ ਕਿ ਮੂਸੇਵਾਲਾ ਨੂੰ ਮਾਰਨ ਦੀ ਸਕੀਮ ਚੱਲ ਰਹੀ ਹੈ ਅਤੇ ਬੜੀ ਦੇਰ ਤੋਂ ਲੱਗੇ ਹੋਏ ਹਨ। ਅਨਫਾਰਚੁਨੇਟਲੀ ਤੁਸੀਂ ਰਿਜ਼ਲਟ ਦੇਖਦੇ ਹੋ। ਸਪੀਕਰ ਸਾਹਿਬ, ਸਾਡੇ ਵੇਲੇ 10 ਕਮਾਂਡੋ ਦਿੱਤੇ ਗਏ ਸਨ, ਉਨ੍ਹਾਂ ਵਿਚੋਂ ਛੇ ਵਿਦਡ੍ਰਾਅ ਕੀਤੇ ਗਏ ਅਤੇ ਫੇਰ ਦੋ ਹੋਰ ਕੀਤੇ ਗਏ ਅਤੇ ਮੈਂ ਸਮਝਦਾ ਕਿ ਇਹ ਬਹੁਤ ਵੱਡੀ ਅਣਗਹਿਲੀ ਹੈ ਜਿਹੜੀ ਕਿ ਸਾਨੂੰ ਮੰਨਣੀ ਚਾਹੀਦੀ ਹੈ। ਜਿਹੜੀਆਂ ਆਪਣੀਆਂ ਕੁਝ PR teams ਹਨ, ਜਿਹੜੀਆਂ ਕਿ ਬਹੁਤ ਕਾਹਲੀਆਂ ਰਹਿੰਦੀਆਂ ਹਨ ਕਿ ਕੋਈ ਕੰਮ ਹੋਇਆ ਹੈ, ਉਸ ਨੂੰ ਆਪਣੇ ਫੇਸ ਬੁੱਕ ਤੇ ਪਾਈਏ, ਚੀਫ ਮਨਿਸਟਰ ਸਾਹਿਬ ਦੇ ਫੇਸ ਬੁੱਕ ਤੇ ਪਾਈਏ। ਤੁਹਾਡੀ ਪਾਰਟੀ ਦੇ ਫੇਸ ਬੁੱਕ ਤੇ ਪਾਇਆ ਗਿਆ ਕਿ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਸਕਿਓਰਟੀ ਵਾਪਸ ਲੈ ਲਈ ਹੈ, ਅਸੀਂ ਰਾਧਾ ਸੁਆਮੀ ਸਤਿਸੰਗ ਵਾਲਿਆਂ ਦੀ ਸਕਿਓਰਟੀ ਵਿਦਡ੍ਰਾਅ ਕਰ ਲਈ ਹੈ, ਅਸੀਂ ਸਿੱਧੂ ਮੂਸੇਵਾਲੇ ਦੀ ਸਕਿਓਰਟੀ ਵਾਪਸ ਕਰ ਲਈ ਹੈ, ਹੋਰ 424 ਲੋਕਾਂ ਦੀ ਸਕਿਓਰਟੀ ਵਿਦਡ੍ਰਾਅ ਕਰ ਲਈ ਹੈ। ਉਸ ਦਾ ਅੰਜ਼ਾਮ ਆਪਾਂ ਦੇਖ ਲਿਆ। ਜਿਹੜੇ ਉਸ ਨੂੰ ਮਾਰਨ ਵਾਲੇ ਸੀ, ਉਨ੍ਹਾਂ ਨੂੰ ਦੱਸ ਦਿੱਤਾ ਗਿਆ ਕਿ ਇਹ ਨਿਹੱਥਾ ਹੋ ਗਿਆ ਹੈ, now is the best time. ਉਨ੍ਹਾਂ ਨੇ ਅਗਲੇ ਦਿਨ ਉਸ ਨੂੰ ਸ਼ਿਕਾਰ ਕਰਕੇ ਸੁੱਟ ਲਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਤੁਸੀਂ ਪੰਜਾਬ ਵਿੱਚ ਇੰਟੈਲੀਜੈਂਸ ਦੀ ਐਂਟੀ ਗੈਂਗਸਟਰ ਆਰਗੇਨਾਈਜ਼ੇਸ਼ਨ ਬਣਾਈ ਹੈ, ਇਹ ਕੀ ਕਰਦੀ ਸੀ? ਜਦੋਂ ਉਸ ਦੀ ਸਿਕਿਓਰਟੀ ਰਿਵਿਊ ਹੋ ਰਹੀ ਸੀ, ਉਨ੍ਹਾਂ ਨੂੰ ਇਤਰਾਜ਼ ਕਰਨਾ ਚਾਹੀਦਾ ਸੀ ਕਿ ਸਿੱਧੂ ਮੂਸੇਵਾਲਾ ਨੂੰ ਖਤਰਾ ਹੈ, ਇਸ ਦੀ ਸਿਕਿਓਰਟੀ ਘਟਾਉਣੀ ਨਹੀਂ ਬਲਕਿ ਵਧਾਉਣੀ ਹੈ। ਹੁਣ ਵੀ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਸਿੱਧੂ ਮੂਸੇਵਾਲ ਨੂੰ ਮਰਿਆਂ 24 ਜਾਂ 25 ਦਿਨ ਹੋਏ ਹਨ, ਜਿਹੜਾ ਨਾਮੀ ਗੈਂਗਸਟਰ ਲਾਰੈਂਸ ਬਿਸ਼ਨੋਈ ਹੈ, ਉਸ ਨੇ ਟੈਲੀਫੋਨ ਦੇ ਜ਼ਰੀਏ ਆਪਣੇ ਫੇਸ ਬੁੱਕ ਤੇ ਕਬੂਲਿਆ ਹੈ ਕਿ ਇਸ ਨੂੰ ਮੈਂ ਮਾਰਿਆ ਹੈ। ਮੈਂ ਤੁਹਾਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਗੈਂਗਸਟਰ ਕਿਹੜੀ ਜੇਲ੍ਹ ਵਿੱਚ ਸੀ? ਇਹ ਤਿਹਾੜ ਜੇਲ੍ਹ ਵਿੱਚ ਸੀ। ਇਹ ਜੇਲ੍ਹ ਡਾਇਰੈਕਟਲੀ ਕਿਸ ਦੇ ਅੰਡਰ ਹੈ? ਇਹ ਕੇਜਰੀਵਾਲ ਸਾਹਿਬ ਦੇ ਅੰਡਰ ਹੈ and he is the Chief Minister and that is the most secured jail of India, which is directly under AAP Government of Delhi. ਹੁਣ ਤੁਸੀਂ ਇਹ ਦੱਸੋ ਕਿ ਉਹ ਆਦਮੀ ਜਿਹੜਾ ਦਿੱਲੀ ਵਿੱਚ solitary confinement ਵਿੱਚ ਹੈ, ਉਸ ਕੋਲ ਫੋਨ ਕਿਥੋਂ ਆ ਗਏ?

**ਸਰਦਾਰ ਲਾਲਜੀਤ ਸਿੰਘ ਭੁੱਲਰ (ਬੈਠੇ ਬੈਠੇ)** : ਲਾਅ ਐਂਡ ਆਰਡਰ ਬੀ.ਜੇ.ਪੀ /centre ਦੇ ਅੰਡਰ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਭੁੱਲਰ ਸਾਹਿਬ, ਨਹੀਂ ਜੀ। You are incorrect. Tihar Jail is under the AAP Government ਇਹ ਗੱਲ ਆਪਾਂ ਸਾਰਿਆਂ ਨਾਲ ਸਾਂਝੀ ਹੈ, ਆਪਾਂ ਸਾਰਿਆਂ ਨੇ ਸਫਰ ਕੀਤਾ ਹੈ ਅਤੇ ਅਗਾਂਹ ਵੀ ਕਰਾਂਗੇ। ਸਪੀਕਰ ਸਾਹਿਬ, ਇਨ੍ਹਾਂ ਤੋਂ ਬਾਅਦ ਸ਼੍ਰੀ ਓਮ ਪ੍ਰਕਾਸ਼ ਸੋਨੀ,

ਜਿਹੜੇ ਡਿਪਟੀ ਚੀਫ ਮਨਿਸਟਰ ਰਹੇ ਹਨ, ਉਹ ਪਰਸੋਂ ਮੇਰੇ ਨਾਲ ਸਨ ਅਤੇ ਅਸੀਂ ਦਿੱਲੀ ਇਕੱਠੇ ਗਏ ਹਾਂ। ਅਰੋੜਾ ਸਾਹਿਬ, ਉਨ੍ਹਾਂ ਨੇ ਉਸੇ ਵਕਤ ਮੈਨੂੰ 35-40 ਕਾਲ ਡਿਟੇਲਜ਼ ਦਿਖਾਈਆਂ ਕਿ ਇਹ ਬਾਹਰਲੇ ਨੰਬਰਾਂ ਤੋਂ ਆ ਰਹੀਆਂ ਹਨ, ਕੀ ਮੈਂ ਚੁੱਕਾਂ? ਮੈਂ ਕਿਹਾ ਕਿ ਜੇਕਰ ਪੈਸੇ ਦੇਣੇ ਹਨ ਤਾਂ ਜ਼ਰੂਰ ਚੁੱਕੋ। ਜੇ ਪੈਸੇ ਦੇਣ ਦਾ ਇਰਾਦਾ ਹੈ ਤਾਂ ਚੁੱਕ ਲਓ। ਤੁਹਾਨੂੰ ਪਤਾ ਹੈ ਕਿ ਉਨ੍ਹਾਂ ਨੇ ਕੀ ਕਹਿਣਾ ਹੈ। ਜੇਕਰ ਗਾਲ੍ਹਾਂ ਸੁਣਨੀਆਂ ਹਨ ਤਾਂ ਜ਼ਰੂਰ ਚੁੱਕੋ। ਗੋਲਡੀ ਬਰਾੜ ਜਿਹੜਾ ਕਿ ਕਨੇਡਾ ਵਿੱਚ ਬੈਠਾ ਹੈ, ਜਿਸ ਨੇ ਸਿੱਧੂ ਮੂਸੇ ਵਾਲੇ ਨੂੰ ਮਰਵਾਇਆ ਹੈ, ਨੇ ਸਰਦਾਰ ਗੁਰਜੀਤ ਸਿੰਘ ਔਜਲਾ, sitting MP, ਅੰਮ੍ਰਿਤਸਰ ਨੂੰ ਮਾਰਨ ਅਤੇ ਫਿਰੌਤੀ ਦੀ ਧਮਕੀ ਦਿੱਤੀ ਹੈ। ਸਰਦਾਰ ਅਮਰਪਾਲ ਸਿੰਘ ਅਜਨਾਲਾ, ਤੁਹਾਡੇ ਬੋਨੀ ਅਜਨਾਲਾ ਜੀ, ਜਿਹੜੇ ਅਕਾਲੀ ਦਲ ਨਾਲ ਸਬੰਧਿਤ ਹਨ ਅਤੇ ਕੁਝ ਹੋਰ ਸਾਥੀ ਵੀ ਮਾਲਵੇ ਦੇ ਅਜਿਹੇ ਹਨ, ਜਿਹੜੇ former MLAs ਹਨ, ਉਨ੍ਹਾਂ ਨੇ ਮੇਰੇ ਨਾਲ ਜਾ ਕੇ ਡੀ.ਜੀ.ਪੀ ਕੋਲ ਗੱਲ ਕੀਤੀ ਹੈ, ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿੱਚ ਵੀ ਹੈ, ਉਨ੍ਹਾਂ ਨੇ ਇਹ ਜ਼ਰੂਰ ਰਿਕੁਐਸਟ ਕੀਤੀ ਸੀ ਕਿ ਮੇਰਾ ਨਾਂ ਪ੍ਰਕਾਸ਼ਿਤ ਨਾ ਕਰੋ, ਮੇਰੇ ਪਿੱਛੇ ਬੜੇ ਤਕੜੇ ਹੋ ਕੇ ਲੱਗੇ ਹੋਏ ਹਨ, ਮੇਰਾ ਨੁਕਸਾਨ ਹੋ ਜਾਵੇਗਾ। ਸੋ, ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸਾਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਸਾਨੂੰ ਸਾਰੇ ਸਟ੍ਰਕਚਰ ਨੂੰ ਠੀਕ ਕਰਨ ਦੀ ਲੋੜ ਹੈ। ਸਪੀਕਰ ਸਾਹਿਬ, ਪੰਜਾਬ ਵਿੱਚ ਇਸ ਤਰ੍ਹਾਂ ਹੀ ਹੋਣਾ ਸੀ ਅਤੇ ਮੈਨੂੰ ਖਦਸ਼ਾ ਹੈ ਕਿ ਕੁਝ ਫੋਰਸਿਜ਼ ਪੰਜਾਬ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਵੱਲ ਸਾਨੂੰ ਸਾਰਿਆਂ ਨੂੰ ਭਾਰੀ ਤਵੱਜੋਂ ਦੇਣ ਦੀ ਲੋੜ ਹੈ।

24.6.2022 ਕਰਮਜੀਤ ਕੌਰ/ਅਭਿਸ਼ੇਕ ਗੌਤਮ 4.45

ਇਸ ਦੇ ਨਾਲ ਨਾਲ ਚੀਫ ਮਨਿਸਟਰ ਇੱਥੇ ਨਹੀਂ ਹਨ, ਮੇਰਾ ਮਨ ਸੀ ਕਿ ਉਹ ਇਸ ਵੇਲੇ ਇੱਥੇ ਹੁੰਦੇ। ਸਪੀਕਰ ਸਾਹਿਬ, ਇਸ ਤਰ੍ਹਾਂ ਹੈ, We are in the Opposition, earlier you were in the Opposition, ਮੇਰੇ ਛੋਟੇ ਵੀਰ ਰੋੜੀ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਸਾਨੂੰ ਇੰਨਾ ਵੱਡਾ ਫਤਵਾ ਮਿਲਿਆ ਹੈ। ਰੋੜੀ ਸਾਹਿਬ, 1992 ਵਿੱਚ ਸਰਦਾਰ ਬੇਅੰਤ ਸਿੰਘ ਨੂੰ ਵੀ ਇੰਨਾ ਹੀ ਵੱਡਾ ਫਤਵਾ ਮਿਲਿਆ ਸੀ। ਹੁਣ ਤੁਸੀਂ ਕਹੋਗੇ ਕਿ ਅਕਾਲੀ ਦਲ ਵਾਲੇ ਬਾਈਕਾਟ ਕਰ ਗਏ ਸੀ। ਚਲੋ, ਇਸ ਗੱਲ ਨੂੰ ਛੱਡ ਦਿੰਦੇ ਹਾਂ। ਪਿਛਲੀ ਵਾਰ ਸਾਡੇ ਕੋਲ 78 ਸੀਟਾਂ ਸਨ, ਤੁਹਾਡੇ ਕੋਲ 20 ਸੀ, ਉਨਾ ਕੁ ਹੀ ਫਰਕ ਸੀ। 19-21 ਦਾ ਹੀ ਫਰਕ ਸੀ।1997 ਦੇ ਵਿਚ ਬੀ.ਜੇ.ਪੀ. ਅਕਾਲੀ ਸਰਕਾਰ ਕੋਲ 94 ਜਾਂ 95 ਸੀਟਾਂ ਸੀ (ਵਿਘਨ) (ਸ਼ੋਰ) ਚੱਲੋ ਛੱਡੀਏ, ਜਦੋਂ ਅਸੀਂ ਇਕੱਲੇ ਭੱਜਦੇ ਸੀ, ਤੁਸੀਂ ਵੀ ਸਾਡੇ ਨਾਲ ਹੀ ਭੱਜਦੇ ਸੀ।(ਵਿਘਨ) ਆਪਾਂ ਥੋੜ੍ਹਾ ਜਿਹਾ ਗੰਭੀਰਤਾ ਨਾਲ ਸੋਚੀਏ.(ਵਿਘਨ) ...ਜੇ ਪੰਜਾਬ ਦਾ ਮਾਹੌਲ ਵਿਗਾੜਨਾ ਚਾਹੁੰਦੇ ਹਾਂ, ਜੇ ਆਪਾਂ ਚਾਹੁੰਦੇ ਹਾਂ ਕਿ ਇਹ ਕੰਮ ਵਿਗੜੇ, ਫਿਰ ਖੁਸ਼ੀ ਨਾਲ ਕਰੋ, ਜੋ ਅਸੀਂ ਕਹਿ ਰਹੇ ਹਾਂ।

**ਮਾਨਯੋਗ ਸਪੀਕਰ:** ਬਾਜਵਾ ਜੀ, ਚੇਅਰ ਨੂੰ ਐਡਰੈਸ ਕੀਤਾ ਜਾਵੇ। ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਹੁਣ ਮੈਂ ਬਰਗਾੜੀ ਤੇ ਬਹਿਬਲ ਕਲਾਂ ਦੀ ਗੱਲ ਕਰਨ ਲੱਗਾ ਹਾਂ, ਤੁਹਾਡੇ ਲੀਡਰ ਸਾਹਿਬ ਹਨ (ਟਰੇਜ਼ਰੀ ਬੈਂਚਿਜ਼ ਵੱਲੋਂ ਵਿਘਨ)

**ਮਾਨਯੋਗ ਸਪੀਕਰ:** ਬਾਜਵਾ ਜੀ ਨੂੰ ਆਪਣੀ ਗੱਲ ਕੰਪਲੀਟ ਕਰਨ ਦਿਉ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਸੀਂ ਵੀ ਸਾਡੇ ਛੋਟੇ ਵੀਰ ਮੇਰੇ ਕੋਲ ਹੀ ਰਹੇ ਹੋ। ਸਾਡਾ ਅਰੋੜਾ ਇਹ ਗੁਸਤਾਖੀ ਨਾ ਕਰਦਾ ਤਾਂ ਤੁਸੀਂ ਵੀ ਸਾਡੇ ਵਿੱਚ ਹੀ ਹੋਣਾ ਸੀ। ਜਿਸ ਤਰ੍ਹਾਂ ਅਰੋੜਾ ਜੀ ਸਾਡੇ ਹਨ, ਉਹ ਵੀ ਸਾਡੇ ਕੋਲ ਇੱਕ ਅਰੋੜਾ ਸੀ, ਉਸ ਨੇ ਅਜਿਹਾ ਕੰਮ ਕਰ ਦਿੱਤਾ ਕਿ ਸਾਡੇ ਵੀਰ ਦੇ ਰਾਹ ਵਿਚੋਂ ਰੋੜਾ ਉੱਠ ਗਿਆ, ਜਿੰਪਾ ਜੀ ਦਾ ਕੰਮ ਵੀ ਸੰਵਰ ਗਿਆ ਜਿਸ ਤਰ੍ਹਾਂ ਰੋੜੀ ਜੀ ਕਹਿ ਰਹੇ ਹਨ।

ਸੋ, ਮੇਰੀ ਇੱਕ ਗੁਜਾਰਿਸ਼ ਹੈ, ਇਹ ਗੰਭੀਰ ਮਸਲਾ ਹੈ। ਇਹ ਸਾਰੇ ਗੰਭੀਰ ਮਸਲੇ ਹਨ, ਇਨ੍ਹਾਂ ਵੱਲ ਸਾਨੂੰ ਧਿਆਨ ਕਰਨ ਦੀ ਲੋੜ ਹੈ। ਮੈਂ ਇੱਕੋ ਹੀ ਗੱਲ ਕਹਿਣ ਲੱਗਾ ਹਾਂ, we are in the Opposition ਤੁਸੀਂ ਇੱਥੇ ਹੋ, ਤੁਹਾਡੇ ਗਵਰਨਰ ਐਡਰੈਸ ਦੇ ਚੌਥੇ ਪੰਨੇ ਉਤੇ ਲਿਖਿਆ ਹੋਇਆ ਹੈ:

> To my government accessibility is the cornerstone on which the edifice of its relationship of trust and mutual affection with the people rests. My government proposes not only to welcome every individual to its door but to reach out.

ਕਹਿਣ ਦਾ ਮਤਲਬ ਹੈ ਕਿ ਤੁਸੀਂ ਆਪ ਆਪਣੀ ਗੌਰਮਿੰਟ ਵੱਲੋਂ ਤਸਲੀਮ ਕੀਤਾ ਹੈ ਕਿ ਸਾਡੇ ਘਰ ਦੇ ਦਰਵਾਜ਼ੇ ਤੁਹਾਡੇ ਵਾਸਤੇ (ਆਪੋਜ਼ੀਸ਼ਨ ਵਾਸਤੇ) ਖੁੱਲ੍ਹੇ ਰਹਿਣਗੇ। ਅਸੀਂ ਗਏ ਸੀ, ਮੈਂ ਗਿਆ ਸੀ, ਮੇਰੀ ਪਾਰਟੀ ਦੇ ਪ੍ਰਧਾਨ ਰਾਜਾ ਜੀ ਗਏ ਸੀ, ਸਾਡੇ ਨਾਲ ਇਸ ਹਾਊਸ ਦੇ 15 ਸਿਟਿੰਗ ਐਮ.ਐਲ.ਏਜ਼ ਵੀ ਗਏ ਸੀ, ਦੋ ਫਾਰਮਰ ਡਿਪਟੀ ਚੀਫ ਮਨਿਸਟਰ ਸੀ, ਪਾਰਟੀ ਦੇ ਸੀਨੀਅਰ ਲੀਡਰ ਸਨ। ਅਸੀਂ ਮਿਲਣ ਲਈ ਟਾਈਮ ਮੰਗਿਆ, ਸਾਨੂੰ ਟਾਈਮ ਮਿਲਿਆ। ਹੁਣ ਇਹ ਕਹਿੰਦੇ ਹਨ ਕਿ ਸਾਨੂੰ ਟਾਈਮ ਨਹੀਂ ਦਿੱਤਾ ਸੀ। ਮੈਂ ਕਹਿੰਦਾ ਹਾਂ ਕਿ ਚਲੋ ਆਪਾਂ ਇਹੀ ਗੱਲ ਮੰਨ ਲੈਂਦੇ ਹਾਂ ਕਿ ਬੇਸ਼ੱਕ ਟਾਈਮ ਨਹੀਂ ਦਿੱਤਾ ਸੀ ਪਰ ਚੰਗਾ ਭਲਾ ਬੰਦਾ ਉਥੇ ਸੀ । ਆਪਾਂ ਸਾਰੇ ਐਮ.ਐਲ.ਏਜ਼ ਕਦੋਂ ਦੇ ਪਾਲੇਟਿਕਸ ਵਿੱਚ ਤੁਰੇ ਆਉਂਦੇ ਹਾਂ, ਆਪਣੇ ਨਾਲ ਵੀਹ ਵਾਰੀ ਅਜਿਹਾ ਵਾਪਰਦਾ ਹੈ। ਪਿੰਡਾਂ ਦੇ ਲੋਕ ਸਵੇਰੇ ਪੰਜ ਵਜੇ ਹੀ ਮਿਲਣ ਲਈ ਆ ਜਾਂਦੇ ਹਨ ਤੇ ਰਾਤ ਦੇ 12 ਵਜੇ ਵੀ ਪਹੁੰਚ ਜਾਂਦੇ ਹਨ। ਕਈ ਵਾਰ ਖਿੱਝ ਵੀ ਆਉਂਦੀ ਹੈ ਪਰ ਫਿਰ ਵੀ ਸੋਚਦੇ ਹਾਂ ਕਿ ਇਨ੍ਹਾਂ ਲੋਕਾਂ ਨੇ ਆਪਾਂ ਨੂੰ ਵੋਟਾਂ ਪਾਈਆਂ ਹਨ, ਇਨ੍ਹਾਂ ਦਾ ਸਾਡੇ ਤੇ ਹੱਕ ਹੈ। ਜੇਕਰ ਅਸੀਂ ਤੁਹਾਡੇ ਘਰ ਪਹੁੰਚ ਹੀ ਗਏ ਸੀ, ਤੁਸੀਂ ਸਾਨੂੰ ਅੰਦਰ ਆਉਣ ਲਈ ਜਦੋਂ ਅਲਾਓ ਹੀ ਕਰ ਦਿੱਤਾ ਹੈ, ਫਿਰ ਕੋਈ ਡਿਗਨਿਟੀ ਤਾਂ ਚਾਹੀਦੀ ਹੈ। ਸਭ ਤੋਂ ਪਹਿਲਾਂ ਲੀਡਰ ਆਫ ਦਿ ਆਪੋਜੀਸ਼ਨ ਤੇ ਸਾਰੇ ਮੈਂਬਰਜ਼ ਨੂੰ ਉਸ

ਰਸਤੇ ਵਿੱਚੋਂ ਲੈ ਕੇ ਜਾਇਆ ਗਿਆ, ਜਿਹੜਾ ਇੱਕ, ਮੈਂ ਇਹ ਵਰਡ ਯੂਜ਼ ਨਹੀਂ ਕਰਨਾ ਚਾਹੁੰਦਾ ਪਰ ਬੇਸਿਕਲੀ ਜਿਹੜਾ ਤੁਹਾਡਾ ਇੱਕ ਇੱਜ਼ਤ, ਮਾਣ ਤੇ ਸਨਮਾਨ ਹੈ, ਇਹ ਪਹਿਲੀ ਵਾਰ ਹੋਇਆ ਹੈ, ਲੀਡਰ ਆਫ ਦਿ ਆਪੋਜੀਸ਼ਨ ਨੂੰ frisk ਕੀਤਾ ਹੈ। ਉਸ ਦੀ ਫਰਿਸਕਿੰਗ ਹੋਈ ਹੈ। ਸਾਨੂੰ ਅੰਦਰ ਲਿਜਾਇਆ ਗਿਆ, ਬਿਠਾਇਆ ਗਿਆ, ਅਸੀਂ 45 ਮਿੰਟ ਬੈਠੇ ਰਹੇ। ਸਾਨੂੰ ਚਾਹ ਵੀ ਪੁੱਛੀ ਗਈ। ਜਦੋਂ ਚਾਹ ਪੀਣ ਲੱਗੇ ਤਾਂ ਸੋਚਿਆ ਕਿ ਹੁਣ ਆਉਣ ਹੀ ਵਾਲੇ ਹੋਣੇ ਹਨ। ਅਜੇ ਅਸੀਂ ਪਹਿਲਾ ਘੁੱਟ ਹੀ ਭਰਿਆ ਸੀ ਕਿ ਸੀ.ਐਮ. ਸਾਹਿਬ ਦੇ ਓ.ਐਸ.ਡੀ. ਨੇ ਹੌਲੀ ਜਿਹੇ ਆ ਕੇ ਕੰਨ ਵਿੱਚ ਆ ਕੇ ਕਹਿ ਦਿੱਤਾ ਕਿ ਹੁਣ ਇੱਥੇ ਕੱਲ੍ਹ ਆਇਓ। ਕਹਿਣ ਦਾ ਮਤਲਬ ਹੈ ਕਿ ਇਹ ਅੰਦਰ ਬੈਠੇ ਹੋਣ, ਨਿਰੇ 10 ਫੁੱਟ ਦੀ ਦੂਰੀ ਤੇ ਸੀ। ਇਜ਼ੱਤ ਹੀ ਵਧਣੀ ਸੀ, ਚੀਫ ਮਨਿਸਟਰ ਸਾਡੇ ਸਾਰਿਆਂ ਦੇ ਸਾਂਝੇ ਹਨ, ਜੇ ਤੁਹਾਡੇ ਹਨ ਤਾਂ ਇਹ ਸਾਡੇ ਵੀ ਹਨ। ਇਨ੍ਹਾਂ ਤੇ ਸਾਡਾ ਵੀ ਹੱਕ ਬਣਦਾ ਹੈ। ਕੋਈ ਪ੍ਰਾਬਲਮ ਆ ਜਾਵੇ, ਅਸੀਂ ਕਿਸੇ ਵਾਸਤੇ, ਮੈਂ ਆਨ ਦਿ ਫਲੋਰ ਆਫ ਦਿ ਹਾਊਸ ਕਲੀਅਰ ਕਰਨਾ ਚਾਹੁੰਦਾ ਹਾਂ, we had not gone as *Safarshi* for anybody ਜਿਹੜੀ ਇਹ ਸਾਡੇ ਬਾਰੇ ਗੱਲ ਕਹਿੰਦੇ ਹਨ ਕਿ ''ਸਾਡਾ ਹੱਕ ਇੱਥੇ ਰੱਖ'' ਕਿਹਾ ਗਿਆ ਹੈ। ਸਾਡਾ ਇੱਥੇ ਹੱਕ ਕਿਹੜਾ ਰੱਖਣ ਵਾਲਾ ਹੈ? ਰੋੜੀ ਸਾਹਿਬ, ਜੇ ਤੁਸੀਂ ਗੱਲ ਕੀਤੀ, ਜੇ ਕੋਈ ਬੰਦਾ ਵੀ ਗਲਤ ਹੋਵੇ, ਕਿਸੇ ਵੀ ਗਲਤ ਆਦਮੀ ਦਾ, ਜਿਸ ਨੇ ਕੋਈ ਵੀ ਗਲਤ ਕੰਮ ਕੀਤਾ ਹੋਵੇ, ਉਸ ਨੂੰ ਕੋਈ ਵੀ ਇੱਥੇ ਬੈਕ ਕਰਨ ਨੂੰ ਤਿਆਰ ਨਹੀਂ ਹੈ ਪਰ ਗੱਲ ਇਹ ਹੈ ਕਿ ਸਾਨੂੰ ਜ਼ਲੀਲ ਨਾ ਕਰੋ। ਜ਼ਲੀਲ ਨਹੀਂ ਕਰਨਾ ਚਾਹੀਦਾ, ਤੁਸੀਂ ਵੀ ਇੱਥੇ (ਆਪੋਜੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬਹਿਣਾ ਹੈ, ਅਸੀਂ ਵੀ ਉਧਰ ਜਾਣਾ ਹੈ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ)। (ਵਿਘਨ)

**(ਇੱਕ ਅਵਾਜ਼:** ਹੁਣ ਤੋਂ ਬਾਅਦ ਨਹੀਂ ਅਜਿਹਾ ਹੋਣਾ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇਹ ਸਾਰਿਆਂ ਨੂੰ ਹੀ ਜਾਪਦਾ ਹੁੰਦਾ ਹੈ। ਸਾਰਿਆਂ ਨੂੰ ਹੀ ਇਵੇਂ ਹੀ ਲਗਦਾ ਹੁੰਦਾ ਹੈ। ਨਹੀਂ ਜੀ, ਹੌਸਲਾ ਹੀ ਨਹੀਂ, ਇੱਕ ਮਿੰਟ ਜੀ, ਇਸ ਤੋਂ ਪਹਿਲਾਂ ਵੀ ਬੜਿਆਂ ਨੂੰ ਗਲਤਫਹਿਮੀਆਂ ਸੀ ਕਿ ਅਸੀਂ 25-25 ਸਾਲ ਰਾਜ ਕਰਨਾ ਹੈ। ਪਰ ਕੋਈ ਨਹੀਂ ਰਹਿੰਦਾ ਹੁੰਦਾ। (ਵਿਘਨ) ਇੱਕ ਮਿੰਟ ਜੀ। ਮਾਈਂਡ ਨਾ ਕਰੋ। ਮੇਰੀ ਗੁਜਾਰਿਸ਼ ਹੈ, ਤੁਸੀਂ ਥੋੜ੍ਹੀ ਜਿਹੀ ਮੇਰੀ ਗੱਲ ਸੁਣੋ...

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਜੈ ਕ੍ਰਿਸ਼ਨ ਸਿੰਘ ਆਪਣੀ ਸੀਟ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਬੋਲ ਰਹੇ ਸਨ। )

**ਮਾਨਯੋਗ ਸਪੀਕਰ:** ਰੋੜੀ ਸਾਹਿਬ, ਜਦੋਂ ਮਾਨਯੋਗ ਲੀਡਰ ਆਫ ਦਿ ਆਪੋਜੀਸ਼ਨ ਬੋਲ ਰਹੇ ਹਨ ਤਾਂ ਤੁਸੀਂ ਕਿਉਂ ਇੰਟਰੱਪਟ ਕਰ ਰਹੇ ਹੋ? ਇੰਟਰੱਪਟ ਨਾ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਚਲੋ, ਮੈਂ ਤੁਹਾਡੇ ਵੱਲ ਧਿਆਨ ਹੀ ਨਹੀਂ ਕਰਨਾ। ਮੈਂ ਅਰੋੜਾ ਸਾਹਿਬ ਵੱਲ ਗੱਲ ਕਰ ਲੈਂਦਾ ਹਾਂ।

**ਮਾਨਯੋਗ ਸਪੀਕਰ:** ਨਹੀਂ ਜੀ, ਤੁਸੀਂ ਇੱਧਰ ਚੇਅਰ ਵੱਲ ਧਿਆਨ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਠੀਕ ਹੈ ਜੀ। ਮੈਂ ਤੁਹਾਡੇ ਵੱਲ ਧਿਆਨ ਕਰ ਲੈਂਦਾ ਹਾਂ। ਮੇਰੀ ਹੁਣ ਗੱਲ ਸੁਣੋ। ਤੁਹਾਡੀ ਸਰਕਾਰ ਨੂੰ ਅਜੇ ਤਿੰਨ ਮਹੀਨੇ ਹੀ ਹੋਏ ਹਨ, ਨਿਰੇ ਤਿੰਨ ਮਹੀਨੇ ਹੀ ਹੋਏ ਹਨ। ਤਿੰਨ ਮਹੀਨੇ ਪਹਿਲਾਂ ਦੀ ਇਲੈਕਸ਼ਨ ਵਿੱਚ ਇਨ੍ਹਾਂ ਨੂੰ ਐਵਰੇਜ 81% ਵੋਟ ਇਨ੍ਹਾਂ ਨੂੰ ਮਿਲੀ ਸੀ ਤੇ ਕੱਲ੍ਹ ਵਾਲੀ ਇਲੈਕਸ਼ਨ ਵਿੱਚ 45% ਤੇ ਆ ਗਏ ਹਨ। ਤੁਸੀਂ ਕਿਸੇ ਗਲਤਫਹਿਮੀ ਵਿੱਚ ਨਾ ਰਹੋ। ਲੋਕ ਇੰਨੀ ਛੇਤੀ ਖੁਸ਼ ਨਹੀਂ ਹੁੰਦੇ, ਜਿਵੇਂ ਆਪਾਂ ਸਮਝਦੇ ਹੁੰਦੇ ਹਾਂ।

24.06.2022/04.50/ਹਰਪ੍ਰੀਤ ਸਿੰਘ/ਹਰਜਿੰਦਰ ਸਿੰਘ ਟਿਵਾਣਾ

ਤੁਸੀਂ 45 ਫੀਸਦੀ ਤੇ ਆ ਗਏ ਹੋ।ਕੱਲ੍ਹ 12 ਵਜੇ ਤੱਕ ਤਾਂ ਬਦਲਾਵ ਜਾਪਦਾ ਸੀ, ਤੁਸੀਂ ਫੋਟੋਆਂ ਪਾਈਆਂ ਕਿ ਚੜ੍ਹਦੀਕਲਾ ਨਾਲ ਬੰਦੇ ਵੋਟ ਪਾਉਣ ਲਈ ਬਾਹਰ ਨਿਕਲ ਰਹੇ ਹਨ ਪਰ 12:30 ਵਜੇ ਪਤਾ ਲੱਗਾ ਕਿ ਕੋਈ ਬੰਦਾ ਹੀ ਵੋਟ ਪਾਉਣ ਨਹੀਂ ਆਇਆ। ਫਿਰ ਡਾ. ਭੀਮ ਰਾਓ ਅੰਬੇਦਕਰ ਜੀ ਦਾ ਨਾਮ ਲਿਆ ਗਿਆ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਡਾ. ਅੰਬੇਦਕਰ ਜੀ ਦਾ ਨਾਮ ਵੀ ਉਦੋਂ ਲਿਆ ਜਾਂਦਾ ਹੈ ਜਦੋਂ ਕਿਤੇ ਕਸੂਤੇ ਫਸ ਜਾਂਦੇ ਹਨ। ਜਿਨਾ ਚਿਰ ਸਾਹ ਸੌਖਾ ਆਉਂਦਾ ਹੈ, ਉਨਾ ਚਿਰ ਇਨ੍ਹਾਂ ਨੂੰ ਭੁੱਲ ਜਾਂਦੇ ਹਨ। ਫਿਰ ਟਵੀਟ ਪਾਇਆ ਗਿਆ ਕਿ ਇਕ ਘੰਟਾ ਵੋਟ ਪਾਉਣ ਲਈ ਹੋਰ ਦਿਓ। ਕਦੇ ਕਿਸੇ ਨੇ ਇਸ ਤਰ੍ਹਾਂ ਸੁਣਿਆ ਹੈ। ਮਾਨਯੋਗ ਚੋਣ ਕਮਿਸ਼ਨ ਨੇ ਇਸ ਦੀ ਇਨਕੁਆਰੀ ਆਰਡਰ ਕਰਵਾ ਦਿੱਤੀ ਹੈ, ਤੁਸੀਂ ਗਰੀਬ ਡੀ.ਸੀ. ਮਰਵਾ ਦਿੱਤਾ ਹੈ, ਜਿਸ ਦੀ ਇਨਕੁਆਰੀ ਹੋ ਗਈ। ਕਹਿੰਦੇ ਕਿ ਝੋਨਾ ਲੱਗ ਰਿਹਾ ਹੈ, ਝੋਨਾ ਤਾਂ ਛੇ ਮਹੀਨੇ ਪਹਿਲਾਂ ਪਤਾ ਹੁੰਦਾ ਹੈ ਕਿ ਲੱਗਣਾ ਹੈ। ਸੋ, ਇਸ ਕਿਸਮ ਦੇ ਕੰਮ ਆਪਾਂ ਨਾ ਕਰੀਏ। AAP Supremo ਨੇ ਕਿਹਾ ਸੀ ਕਿ ਬੱਸਾਂ ਪੰਜ ਸਾਲ ਨਹੀਂ ਚੱਲੀਆਂ। ਮੇਰੇ ਕੋਲ ਇਕ ਇੰਟਰਵਿਊ ਪਈ ਹੈ ਜਿਸ ਵਿਚ AAP Supremo ਅਤੇ ਭਗਵੰਤ ਮਾਨ ਜੀ ਬੈਠੇ ਹਨ ਅਤੇ AAP Supremo ਕਹਿ ਰਹੇ ਹਨ ਕਿ ਮੇਰੇ ਵੀਰੋ ਪੰਜਾਬ ਦੀਆਂ ਸਾਰੀਆਂ ਬੱਸਾਂ ਸਿਰਫ ਆਈ.ਐਸ.ਬੀ.ਟੀ. ਤੱਕ ਹੀ ਆ ਸਕਦੀਆਂ ਹਨ, ਏਅਰਪੋਰਟ ਨਹੀਂ ਜਾ ਸਕਦੀਆਂ। ਹੁਣ ਉਹੀ AAP Supremo, ਇੱਥੇ ਆ ਕੇ ਕਹਿੰਦੇ ਹਨ ਕਿ ਮੈਂ ਪੰਜਾਬ ਦੀਆਂ ਬੱਸਾਂ ਨੂੰ ਏਅਰਪੋਰਟ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਸੋ, ਇਸ ਤਰ੍ਹਾਂ ਆਪਾਂ ਟਵਿਸਟ ਨਾ ਕਰੀਏ, ਚੰਗਾ ਨਹੀਂ ਲੱਗਦਾ। ਮੈਂ ਇਹੀ ਭਗਵੰਤ ਮਾਨ ਜੀ ਨੂੰ ਬੇਨਤੀ ਕਰਨੀ ਸੀ। ਵੇਖੋ, ਤੁਸੀਂ ਪੰਜ ਸਾਲ ਰਹਿਣਾ ਹੈ, ਅਸੀਂ ਤੁਹਾਨੂੰ ਸਹਿਯੋਗ ਦਿਆਂਗੇ ਪਰ ਬੱਚ ਕੇ ਉਨ੍ਹਾਂ ਤੋਂ ਰਹਿਓ, ਜਿਨ੍ਹਾਂ ਨੇ ਮਹਾਂਰਾਸ਼ਟਰ ਵਿਚ ਕਾਂਡ ਕੀਤਾ ਹੈ। ਕਿਤੇ ਉਹ ਨਾ ਤੁਹਾਡੇ ਨਾਲ ਕਾਂਡ ਕਰ ਜਾਣ। ਤੁਸੀਂ ਆਪਣਾ

ਸਮਾਨ ਬਚਾ ਕੇ ਰੱਖਿਓ ਕਿਤੇ ਤੁਹਾਡੇ ਖੇਮੇ ਵਿਚ ਸੰਨ ਲਾ ਦੇਣ ਤੇ ਪਤਾ ਲੱਗੇ ਜਹਾਜ਼ ਉਡਾ ਕੇ ਕਿਤੇ ਲੈ ਗਏ। (ਟਰੇਜ਼ਰੀ ਬੈਂਚਿਜ਼ ਵੱਲੋਂ ਅਵਾਜ਼ਾਂ: ਸਮਾਨ ਤਾਂ ਤੁਹਾਡਾ ਉਡਾ ਕੇ ਲੈ ਗਏ) ਮੈਨੂੰ ਦੋ ਮਿੰਟ ਗੱਲ ਕਰ ਲੈਣ ਦਿਓ।

**ਮਾਨਯੋਗ ਸਪੀਕਰ:** ਬਾਜਵਾ ਜੀ, ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਾਡੇ ਸਮਾਨ ਨੂੰ ਤੁਸੀਂ ਰਲ ਕੇ ਸੰਨ ਲਾਈ ਹੈ।ਸਾਡੇ ਸਮਾਨ ਨੂੰ ਕੈਪਟਨ ਅਮਰਿੰਦਰ ਸਿੰਘ ਅਤੇ ਭਗਵੰਤ ਮਾਨ ਰਲ ਕੇ ਸੰਨ ਲਾ ਰਹੇ ਹਨ।

**ਮਾਨਯੋਗ ਸਪੀਕਰ:** ਕੀ ਰਲ ਕੇ ਸੰਨ ਲਾ ਰਹੇ ਹਨ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਹਾਂ ਜੀ, ਬਿਲਕੁਲ। ਮੈਂ 100 ਫੀਸਦੀ ਸੱਚ ਕਹਿ ਰਿਹਾ ਹਾਂ। ਤੁਸੀਂ ਦੇਖੋ ਭਗਵੰਤ ਮਾਨ ਜੀ ਦਾ ਬਿਆਨ ਆਉਣਾ ਕਿ ਇਕ ਬੰਦੇ ਨੂੰ ਅਸੀਂ 3 ਵਜੇ ਫੜਿਆ ਹੈ ਕਿਉਂਕਿ 4 ਵਜੇ ਉਸ ਨੇ ਬੀ.ਜੇ.ਪੀ. ਵਿਚ ਰਲ ਜਾਣਾ ਸੀ।ਬੀ.ਜੇ.ਪੀ. ਕਿਤੇ ਮੈਕਸੀਕੋ ਦਾ ਬਾਰਡਰ ਹੈ ਕਿ ਛਾਲ ਮਾਰ ਕੇ ਪਾਰ ਹੋ ਜਾਓ ਅਤੇ ਤੁਹਾਨੂੰ ਵੀਜ਼ਾ ਮਿਲ ਜਾਂਦਾ ਹੈ। ਮੈਂ ਹੈਰਾਨ ਹੋ ਗਿਆ। ਇਸ ਦਾ ਮਤਲਬ ਤੁਸੀਂ ਖੁੱਲੀ ਛੁੱਟੀ ਦੇ ਦਿੱਤੀ ਕਿ ਜਿਸ ਨੇ ਬਚਣਾ ਹੈ, ਉਹ ਬੀ.ਜੇ.ਪੀ. ਵੱਲ ਚਲਿਆ ਜਾਵੇ। ਇਹ ਗੱਲ ਚੰਗੀ ਨਹੀਂ ਲੱਗਦੀ, ਫੱਬਦੀ ਨਹੀਂ। ਅਖੀਰ ਨੂੰ ਅਸੀਂ ਹੀ ਤੁਹਾਡੇ ਕੰਮ ਆਉਣਾ ਹੈ, ਅਸੀਂ ਸੈਕੂਲਰ ਹਾਂ, ਨੈਸ਼ਲਿਸਟ ਹਾਂ, ਸਾਡਾ ਸਪੋਰਟ ਬੇਸ ਇਕ ਹੈ, ਅਸੀਂ ਇਕੱਠੇ ਰਹਿਣਾ ਹੈ। ਇੱਥੇ ਬਹੁਤ ਸਾਰੇ ਨੌਜਵਾਨ ਵੀਰ ਤਾਂ ਐਸੇ ਹਨ, ਜਿਨ੍ਹਾਂ ਨੇ ਮੇਰੇ ਨਾਲ ਕੰਮ ਕੀਤਾ ਹੈ, ਸਾਨੂੰ ਬਹੁਤ ਖੁਸ਼ੀ ਹੈ, ਅਸੀਂ ਉਨ੍ਹਾ ਨੂੰ ਮੌਕਾ ਨਹੀਂ ਦੇ ਸਕੇ, ਤੁਸੀਂ ਦੇ ਦਿੱਤਾ। ਸੋ, ਮੇਰੀ ਗੁਜ਼ਾਰਿਸ਼ ਹੈ ਕਿ ਅਸੀਂ ਹੁਣ ਆਪਣੀਆਂ ਭੈਣਾਂ ਅਤੇ ਮਾਤਾਵਾਂ ਵੱਲ ਆਈਏ। ਹੁਣ ਬਜਟ ਆਉਣਾ ਹੈ। ਵੇਖਦੇ ਹਾਂ ਕਿ ਸਾਡੀਆਂ ਨੌਜਵਾਨਾਂ ਬੱਚੀਆਂ ਨੂੰ, ਭੈਣਾਂ ਨੂੰ, ਮਾਤਾਵਾਂ ਨੂੰ ਤੁਸੀਂ ਕਿਹਾ ਸੀ ਕਿ 1000 ਰੁਪਿਆ ਮਹੀਨਾ ਦਿਆਂਗੇ। ਮੈਂ ਸਾਰੀ ਸੰਗਰੂਰ ਇਲੈਕਸ਼ਨ ਵਿਚ ਵੇਖਿਆ ਕਿ ਕਿਸੇ ਨੇ ਇਕ ਵਾਰ ਵੀ ਇਹ ਮੁੱਦਾ ਵੀ ਨਹੀਂ ਚੁੱਕਿਆ ਕਿਉਂਕਿ ਇਸ ਵਾਸਤੇ 12 ਹਜ਼ਾਰ ਕਰੋੜ ਚਾਹੀਦਾ ਹੈ, ਕਿਥੋਂ ਲਿਆਉਣਾ ਹੈ। ਜੀ.ਐਸ.ਟੀ. ਦੀ ਪਹਿਲੀ ਜੁਲਾਈ ਤੋਂ ਬਾਅਦ 14 ਹਜ਼ਾਰ ਕਰੋੜ ਦੀ ਕਿਸ਼ਤ ਬੰਦ ਹੋਣ ਜਾ ਰਹੀ ਹੈ।ਮੈਂ ਤਾਂ 10 ਹਜ਼ਾਰ ਕਰੋੜ ਸਮਝਦਾ ਸੀ ਪਰ ਅਮਨ ਅਰੋੜਾ ਜੀ ਨੇ ਕਿਹਾ ਕਿ 14 ਹਜ਼ਾਰ ਕਰੋੜ ਹੈ, ਇਹ ਬਿਹਤਰ ਜਾਣਦੇ ਹਨ। ਸੋ, ਸਾਨੂੰ ਬੜੀ ਗੰਭੀਰਤਾ ਨਾਲ ਸਾਰਿਆਂ ਨੂੰ ਇਕੱਠੇ ਬੈਠਣਾ ਪੈਣਾ ਹੈ। ਤੁਸੀਂ ਪਹਿਲਾਂ ਜਥੇਦਾਰ ਜੀ ਦੀ ਸਕਿਓਰਿਟੀ ਵਾਪਸ ਲੈ ਲਈ ਫਿਰ ਤੁਸੀਂ ਉਨ੍ਹਾਂ ਨੂੰ ਮਿਲਣ ਚਲੇ ਗਏ।ਮੈਂ ਭਗਵੰਤ ਮਾਨ ਜੀ ਨੂੰ ਬੇਨਤੀ ਕਰਦਾ ਹਾਂ ਕਿ ਘੱਟੋ ਘੱਟ ਸਾਨੂੰ ਦੱਸੋ ਤਾਂ ਸਹੀ ਕਿ ਤੁਹਾਡੀ ਉਥੇ ਕੀ ਗੱਲਬਾਤ ਹੋਈ, ਪੰਜਾਬ ਦੇ ਲੋਕ ਜਾਣਨਾ ਚਾਹੁੰਦੇ ਹਨ, ਪੰਜਾਬ ਦੇ ਲੋਕ ਚਿੰਤਤ ਹਨ। ਬਹੁਤ ਵੱਡੇ ਪੈਮਾਨੇ ਤੇ ਰੈਨਸਮ ਕਾਲਜ਼ ਆ ਰਹੀਆਂ ਹਨ। ਸ਼ਰ੍ਹੇਆਮ ਕਤਲ ਹੋ ਰਹੇ ਹਨ। ਸੋ, ਮੈਂ ਤੁਹਾਨੂੰ ਗੁਜ਼ਾਰਿਸ਼ ਕਰਾਂਗਾ ਕਿ ਕ੍ਰਿਪਾ ਕਰਕੇ

ਆਪਾਂ ਇਨ੍ਹਾਂ ਗੱਲਾਂ ਵੱਲ ਧਿਆਨ ਕਰੀਏ।ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਾਰਿਆਂ ਨੂੰ ਇੱਜ਼ਤ ਮਾਣ ਸਾਡੇ ਸੰਵਿਧਾਨ ਨੇ ਦਿੱਤਾ ਹੈ। If I have had this position then ਮੈਂ ਕੋਈ ਕਿਸੇ ਸਰਕਾਰ ਕੋਲੋਂ ਖੈਰਾਤ ਨਹੀਂ ਮੰਗੀ, ਇਹ ਮੈਨੂੰ ਸੰਵਿਧਾਨ ਨੇ ਹੱਕ ਦਿੱਤਾ ਹੈ। ਜਿਹੜਾ ਇਜ਼ਤ ਮਾਣ ਸਨਮਾਨ ਐਮ.ਐਲ.ਏਜ਼ ਦਾ ਅਤੇ ਵਿਰੋਧੀ ਧਿਰ ਦੇ ਨੇਤਾ ਦਾ ਹੋਣਾ ਚਾਹੀਦਾ ਹੈ, ਉਹ ਪਲੀਜ਼ ਤੁਸੀਂ ਐਨਸ਼ੋਰ ਕਰੋ ਕਿਉਂਕਿ ਤੁਸੀਂ ਸਾਡੇ ਕਸਟੋਡੀਅਨ ਹੋ। ਮੈਂ ਆਪਣੇ ਏਰੀਏ ਵਿਚ ਬਲਾਕ ਸੰਮਤੀ ਦੀ ਇਕ ਮੀਟਿੰਗ ਬੁਲਾਈ, ਉਸ ਵਿਚ ਇਕ ਹਫ਼ਤਾ ਪਹਿਲਾ ਬਕਾਇਦਾ ਤੌਰ ਤੇ ਪੰਚਾਇਤੀ ਰਾਜ ਵਿਭਾਗ ਦੇ ਸੈਕਟਰੀ ਸਾਹਿਬ ਨੂੰ ਇਤਲਾਹ ਦਿੱਤੀ ਗਈ।

ਪੀ.ਡਬਲਿਊ.ਡੀ ਦੀ ਸੈਕਟਰੀ ਸਾਹਿਬਾ ਨੂੰ ਵੀ ਇਤਲਾਹ ਦਿੱਤੀ ਗਈ ਕਿ ਮੈਂ ਇਸ ਦਿਨ ਜਾਣਾ। ਬਲਾਕ ਸੰਮਤੀ ਦੀ ਸਾਡੀ women chairperson ਹੈ, ਉਨ੍ਹਾਂ ਨੇ ਮੀਟਿੰਗ ਬੁਲਾਉਣੀ ਸੀ। ਜਦੋਂ ਘੰਟਾ ਇੱਕ ਰਹਿ ਗਿਆ, ਮੈਂ ਉਥੇ ਪਹੁੰਚਿਆ, ਪਤਾ ਲੱਗਿਆ ਕਿ ਚੰਡੀਗੜ੍ਹ ਤੋਂ ਕਿਸੇ ਨੇ ਫੋਨ ਕਰ ਦਿੱਤਾ ਕਿ ਤੁਸੀਂ ਮੀਟਿੰਗ ਹੀ ਅਟੈਂਡ ਨਹੀਂ ਕਰਨੀ। Privilege motion ਤੁਹਾਡੇ ਕੋਲ ਆਇਆ ਹੈ। ਮੈਂ ਗੁਜ਼ਾਰਿਸ਼ ਕਰਾਂਗਾ ਕਿ ਤੁਹਾਡਾ ਮੈਸੇਜ ਜਿਹੜਾ ਹੈ it has to go to the bureaucracy also. ਇੱਜ਼ਤ ਦੇਣੀ, ਮਾਣ ਦੇਣਾ, ਇਹ ਸਾਡਾ ਸਾਰਿਆਂ ਦਾ ਫਰਜ਼ ਹੈ। ਅੱਜ ਅਸੀਂ ਬਹੁਤ ਕੋਸ਼ਿਸ਼ ਕੀਤੀ ਕਿ ਅਸੀਂ ਇੱਥੋਂ walk-out ਨਾ ਕਰੀਏ। ਪਰ ਚਲੋ, ਤੁਸੀਂ ਸਾਡੀ ਗੱਲ ਨਹੀਂ ਮੰਨੀ। ਅਸੀਂ 5-7 ਮਿੰਟ ਵਿੱਚ ਫੇਰ ਆ ਗਏ, ਸਾਡਾ ਤੁਹਾਡੇ ਨਾਲ ਪਿਆਰ ਹੈ। ਅਸੀਂ ਤੁਹਾਡੀ ਇੱਜ਼ਤ ਕਰਦੇ ਹਾਂ। ਸਾਡਾ ਕਹਿਣ ਦਾ ਮਤਲਬ ਹੈ ਕਿ ਸਾਰੇ ਕੰਮ ਦੇ ਵਿੱਚ ਗੰਭੀਰਤਾ ਨਾਲ ਸਾਰੇ issues ਵੱਲ ਧਿਆਨ ਦੇਣ ਦੀ ਲੋੜ ਹੈ। ਇੱਥੇ ਕੁੰਵਰ ਵਿਜੇ ਜੀ ਵੀ ਬੈਠੇ ਹਨ। ਬਹੁਤ ਹੀ ਇਮਾਨਦਾਰ ਅਫਸਰ ਹਨ। ਬਹੁਤ ਵਧੀਆ ਇਨ੍ਹਾਂ ਦਾ ਕਿਰਦਾਰ ਰਿਹਾ ਹੈ। ਅਫਸਰ ਰਹੇ ਹਨ। 10-11 ਸਾਲ ਇਨ੍ਹਾਂ ਦੀ ਨੌਕਰੀ ਵੀ ਰਹਿੰਦੀ ਸੀ। ਮੈਂ ਪਹਿਲਾ IPS ਦੇਖਿਆ ਹੈ, ਕੋਈ ਹੀ ਆਪਣੀ ਨੌਕਰੀ ਪਹਿਲਾਂ ਛੱਡ ਗਿਆ ਹੋਵੇਗਾ in the interest of the State, ਇਨ੍ਹਾਂ ਨੇ ਆਪਣੀ ਨੌਕਰੀ ਤੋਂ ਅਸਤੀਫਾ ਦਿੱਤਾ। ਕੋਈ ਆਪਣੀ ਇੱਕ ਦਿਹਾੜੀ ਨਹੀਂ ਛੱਡਦਾ। ਮੈਂ ਦੇਖਿਆ ਹੈ ਕਿ 4-4 ਮਹੀਨੇ ਐਕਸਟੈਂਸ਼ਨ ਲਈ ਗਈ ਹੈ ਇਹ ਕਹਿ ਕੇ ਕਿ ਮੇਰਾ ਜਨਮ ਗਰਮੀਆਂ ਦੀਆਂ ਬਰਸਾਤਾਂ ਵਿੱਚ ਹੋਇਆ ਸੀ, ਸਰਦੀਆਂ ਦੀ ਨਹੀਂ, job ਹੋਰ ਕਰਨ ਵਾਸਤੇ ਆਪਣਾ ਜਨਮ ਦਿਨ ਹੀ ਬਦਲਾ ਲਿਆ ਜਾਂਦਾ ਹੈ। He is a good MLA and Colleague of ours. ਜਿਸ ਬਰਗਾੜੀ ਤੇ ਬਹਿਬਲ ਕਲਾਂ ਮਸਲੇ ਵਾਸਤੇ ਇਨ੍ਹਾਂ ਨੇ ਅਸਤੀਫਾ ਦਿੱਤਾ, ਮੈਂ ਕੇਜਰੀਵਾਲ ਜੀ ਨੂੰ ਖੁਦ ਸੁਣਿਆ ਹੈ ਕਿ ਇਹ ਕਹਿੰਦੇ ਹੋਏ ਕਿ ਜੇ ਕੋਈ ਇਮਾਨਦਾਰ ਲੀਡਰ ਬਰਗਾੜੀ ਤੇ ਬਹਿਬਲ ਕਲਾਂ ਵਿੱਚ ਜਿਨ੍ਹਾਂ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ, ਅਸੀਂ ਉਹ ਬੰਦੇ ਲਟਕਾ ਦਿਆਂਗੇ। ਤਿੰਨ ਮਹੀਨੇ ਹੋ ਗਏ ਹਨ, ਤੁਹਾਡੀ ਸਰਕਾਰ ਬਣੀ ਨੂੰ (Interruption) ਇੱਕ ਮਿੰਟ ਰੋੜੀ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਪੀਕਰ ਸਾਹਿਬ, ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦਾ ਇਨ੍ਹਾਂ ਨੇ ਬਾਰ–ਬਾਰ ਨਾਂ ਲਿਆ ਹੈ, ਉਨ੍ਹਾਂ ਦਾ ਨਾਂ ਮੈਂ ਚਾਹੁੰਦਾ ਹਾਂ ਐਕਸਪੰਜ ਕੀਤਾ ਜਾਵੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਚਲੋ, ਮੈਂ ਨਹੀਂ ਕਹਿੰਦਾ। This is good thing. ਮੈਨੂੰ ਦੱਸਿਆ ਹੀ ਨਹੀਂ। AAP Supremo ਸਾਹਿਬ ਨੇ ਗੱਲ ਕਹੀ ਸੀ ਕਿ within 24 hours ਜੇ ਕੋਈ honest leader ਹੋਏ ਪੰਜਾਬ ਵਿੱਚ 24 ਘੰਟਿਆਂ ਵਿੱਚ ਬਹਿਬਲ ਕਲਾਂ ਨੂੰ ਹੱਲ ਕਰ ਸਕਦੇ ਹਾਂ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ when you have Kunwar Vijay Partap, do you need somebody-else? ਤਿੰਨ ਮਹੀਨੇ ਹੋ ਗਏ ਹਨ, ਤੁਸੀਂ ਹੋਰ ਟਾਈਮ ਦੇ ਦਿੱਤਾ। ਮੈਂ ਇੱਕ ਹੋਰ ਸੰਗੀਨ ਇਲਜ਼ਾਮ ਇੱਥੇ ਲਗਾਉਣ ਲੱਗਾ ਹਾਂ ਕਿ ਸਾਰਿਆਂ ਨਾਲੋਂ ਵੱਡਾ perpetrator ਜਿਸ ਨੇ ਕਰਵਾਇਆ ਮੈਨੂੰ ਪਤਾ ਲੱਗਾ ਕਿ ਤੁਹਾਡੀ ਗੌਰਮਿੰਟ ਸ਼ੀਲਡ ਕਰਕੇ ਉਸ ਨੂੰ ਬਚਾਉਣਾ ਚਾਹੁੰਦੀ ਹੈ। ਇਹ ਜਿਹੜੀ ਮੈਂ ਗੱਲ ਕਰ ਰਿਹਾ ਹਾਂ ਇਹ ਘਰ ਜਾ ਕੇ ਤੁਹਾਨੂੰ ਸਮਝ ਆਉਣੀ ਹੈ ਕਿ ਬੰਦਾ ਕਿਹੜਾ ਹੈ?

**(ਟਰੇਜ਼ਰੀ ਬੈਂਚਿਜ਼ ਵੱਲੋਂ ਅਵਾਜ਼ਾਂ:** ਦੱਸੋ, ਦੱਸੋ ਕਿਹੜਾ ਬੰਦਾ ਸੀ?)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਉਦੋਂ Director General of Police ਕੌਣ ਸੀ? ਜਿਹੜਾ Director General of Police ਸੀ, I have been told, I may be incorrect, but I have been told that the Senior Police Bureaucracy, ਉਸ ਅਫਸਰ ਨੂੰ ਸ਼ੀਲਡ ਕਰਕੇ (interruption)

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਬਾਜਵਾ ਸਾਹਿਬ, ਲੀਡਰ ਆਫ ਆਪੋਜ਼ੀਸ਼ਨ ਹਨ, ਸਾਡੇ ਵੱਡੇ ਭਰਾ ਹਨ, ਅਸੀਂ ਇਨ੍ਹਾਂ ਦਾ ਬੜਾ ਸਤਿਕਾਰ ਕਰਦੇ ਹਾਂ, ਇਨ੍ਹਾਂ ਦਾ ਬੜਾ ਤਜਰਬਾ ਹੈ, ਇਥੋਂ ਦਾ ਵੀ ਤੇ ਲੋਕ ਸਭਾ ਅਤੇ ਰਾਜ ਸਭਾ ਦਾ ਵੀ ਬਹੁਤ ਤਜਰਬਾ ਹੈ, ਮੇਰੀ ਇਨ੍ਹਾਂ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਆਪਾਂ ਬੜੇ responsible platform ਦੇ ਉੱਤੇ ਖੜ੍ਹੇ ਹਾਂ। ਤੁਹਾਡੇ ਕੋਲ ਕੋਈ specific information ਹੈ ਤਾਂ ਤੁਸੀਂ ਦੱਸੋ। ਇੱਕ ਪਾਸੇ ਇਹ ਕਹਿ ਰਹੇ ਹਨ ਕਿ ਮੈਨੂੰ ਦੱਸਿਆ ਗਿਆ ਹੈ it may be wrong also. How can he say a thing which he is not sure of? ਤੁਹਾਡੇ ਕੋਲ ਕੋਈ ਸਹੀ ਪੱਕੀ ਗੱਲ ਹੈ ਤਾਂ ਕਰੋ। ਇਵੇਂ ਇਲਜ਼ਾਮ ਤਰਾਸ਼ੀ ਕਰੀ ਜਾਓ, ਉਂਗਲਾਂ ਚੁੱਕੀ ਚਲੋ। This way, neither that is going to be a responsible Opposition nor neither that we you can corner the Government. ਤੁਹਾਡੇ ਕੋਲ ਕੋਈ ਪੱਕੀ information ਹੈ ਤਾਂ ਦੱਸੋ। ਤੁਸੀਂ ਆਪ ਹੀ sure ਨਹੀਂ ਹੋ।

5.00 / 24.06.2022 ਤਰਲੋਚਨ ਸਿੰਘ / ਬਰਿੰਦਰਾ ਸਿੰਘ

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕਾਹਲੇ ਨਾ ਪਵੋ, ਮੇਰੇ ਕੋਲ information ਪੱਕੀ ਹੈ। ਮੈਂ ਤਾਂ ਤੁਹਾਨੂੰ ਪੱਕਾ ਕਰਦਾ ਫਿਰਦਾ ਕਿ ਕੋਈ ਇਸ ਤਰ੍ਹਾਂ ਦਾ ਕੰਮ ਨਾ ਕਰਵਾ ਦਿਓ। ਮੇਰੀ ਕੋਲ ਇਹ ਪੱਕੀ ਜਾਣਕਾਰੀ ਹੈ। ਮੈਂ ਤੁਹਾਨੂੰ ਛੋਟੀ ਜਾਣਕਾਰੀ ਨਹੀਂ ਦੱਸ ਰਿਹਾ। ਪੱਕੀ ਇਸ ਲਈ ਦੱਸ ਰਿਹਾ ਹਾਂ ਕਿਉਂਕਿ ਬਹਿਬਲ ਕਲਾਂ ਬਰਗਾੜੀ ਕਾਂਡ ਕਾਰਨ ਤਿੰਨ ਮੁੱਖ ਮੰਤਰੀਆਂ ਦੀ ਪੁਲੀਟੀਕਲ ਸ਼ਹਾਦਤ ਹੋ ਚੁੱਕੀ ਹੈ। ਤੁਸੀਂ ਆਪਣਾ ਨੁਕਸਾਨ ਨਾ ਕਰਵਾ ਲਿਉ। ਮੈਂ ਤੁਹਾਡਾ well wisher ਹਾਂ। ਮੈਂ ਤੁਹਾਨੂੰ ਤਾਂ ਦੱਸ ਰਿਹਾ ਹਾਂ, pre-warn ਕਰ ਰਿਹਾ ਹਾਂ। ਕਈ ਵਾਰ ਚੰਗਾ ਵਿਰੋਧੀ ਵੀ prewarn ਕਰਕੇ ਬਚਾਅ ਲੈਂਦਾ ਹੈ।

ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਨੂੰ ਸਕਿਉਰਿਟੀ ਦੀ ਜ਼ਰੂਰਤ ਹੈ। ਆਮ ਪੰਜਾਬੀ ਨੂੰ ਵੀ ਲੋੜ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਾਨੂੰ ਡਿਸਕਲੋਜ਼ ਕਰੋ। ਇਨ੍ਹਾਂ ਦਾ ਇੱਕ ਰਾਜ ਸਭਾ ਦਾ ਮੈਂਬਰ ਹੈ, ਇੱਕ ਦਿੱਲੀ ਵਿੱਚ ਤੁਹਾਡੇ ਸੁਪਰੀਮੋ ਸਾਹਿਬ ਹਨ, ਇਨ੍ਹਾਂ ਨੂੰ ਪੰਜਾਬ ਪੁਲਿਸ ਦੇ ਕਿੰਨੇ ਕਮਾਂਡੋਜ਼ ਮੁਹੱਈਆ ਕੀਤੇ ਗਏ ਹਨ ਅਤੇ ਕਿਉਂ ਕੀਤੇ ਗਏ ਹਨ?

ਦੂਸਰੀ ਗੱਲ ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਉਹ ਇੱਥੇ ਬੈਠੇ ਨਹੀਂ ਹਨ। ਇੱਕ ਟਾਈਮ ਤੇ ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸੀ ਤਾਂ ਮੇਰੇ ਵੀਰਾਂ ਤੇ ਭੈਣਾਂ ਵੱਲੋਂ ਆਮ ਸਵਾਲ ਕੀਤਾ ਜਾਂਦਾ ਸੀ ਕਿ ਡੇਢ ਡੇਢ ਕਰੋੜ ਦੀ ਲੈਂਡ ਕਰੂਜ਼ਰ ਗੱਡੀ ਲਈ ਹੈ। ਤੁਸੀਂ ਤਾਂ ਆਮ ਆਦਮੀ ਪਾਰਟੀ ਵਾਲੇ ਹੋ। ਜਿਸ ਦਿਨ ਦੇ ਆਏ ਹੋ, ਕਿਸੇ ਨੇ ਵੀ ਨਾਂਹ ਨਹੀਂ ਕੀਤੀ, ਉਸੇ ਵਿੱਚ ਹੀ ਚੜ੍ਹੇ ਹਨ।

ਫਿਰ ਇਹ ਸਵਾਲ ਹੋਇਆ ਕਿ ਇੱਕ ਸਰਕਾਰੀ ਕੋਠੀ ਹੈ ਤਾਂ ਦੂਜੀ ਕਿਉਂ ਰੱਖੀ ਹੈ? ਉੱਥੇ ਕੌਣ ਰਹਿੰਦਾ ਹੈ? ਉਸ ਕੋਲ ਤਾਂ ਕੋਈ ਨਾ ਕੋਈ ਪ੍ਰਾਹੁਣਾ, ਬਾਹਰੋਂ-ਅੰਦਰੋਂ ਆਇਆ ਰਹਿੰਦਾ ਸੀ, ਉਸ ਨੇ ਰੱਖਿਆ ਹੋਣਾ ਹੈ। (ਹਾਸਾ) ਤੁਸੀਂ ਚਾਰ ਕੋਠੀਆਂ ਰੱਖੀਆਂ ਹਨ। ਸਾਨੂੰ ਦੱਸੋ ਕਿ ਉਹ ਕਿਹੜੇ ਕੰਮ ਨੂੰ ਰੱਖੀਆਂ ਹਨ, ਉੱਥੇ ਰਹਿੰਦਾ ਕੌਣ ਹੈ? ਮਾਈਂਡ ਨਾ ਕਰਿਉ। ਚਾਰ ਕੋਠੀਆਂ ਹਨ, ਸਾਨੂੰ ਉਨ੍ਹਾਂ ਬਾਰੇ ਦੱਸੋ। This is a very serious lapse. ਇੱਕ OSD to Hon'ble Chief Minister, he is staying in Minister's House in Sector 7. ਕੋਈ ਰੂਲਜ਼, ਕੋਈ ਰੈਗੂਲੇਸ਼ਨਜ਼ ਕੁਝ ਤਾਂ ਸਾਨੂੰ adhere to ਕਰਨੇ ਪੈਣਗੇ। ਇੱਕ ਸੀ.ਐਮ. ਸਾਹਿਬ ਦਾ OSD is staying in Minister's house.

ਫਿਰ chopper ਦੀ ਗੱਲ। ਆਮ ਕਹਿੰਦੇ ਸੀ ਕਿ ਕੈਪਟਨ ਛੋਟੇ ਛੋਟੇ ਕੰਮ ਲਈ ਇੰਨਾ ਹੈਲੀਕਾਪਟਰ ਵਰਤਦਾ ਹੈ। ਉਸ ਨੇ ਤਾਂ ਸ਼ਾਇਦ ਸਾਲ ਵਿੱਚ ਇੰਨਾ ਨਹੀਂ ਵਰਤਿਆ, ਜਿਨ੍ਹਾਂ ਇਨ੍ਹਾਂ ਨੇ ਮਹੀਨੇ ਵਿੱਚ ਵਰਤ ਲਿਆ ਹੈ। ਉਸ ਨੂੰ ਸਾਹ ਹੀ ਨਹੀਂ ਲੈਣ ਦਿੱਤਾ। ਹੁਣ ਕੱਲ੍ਹ ਇਹ ਹਿਮਾਚਲ ਚਲੇ ਹਨ, ਫਿਰ ਗੁਜਰਾਤ ਚੱਲੇ ਹਨ, ਇਹ ਨਾ ਕਰੋ, ਪਲੀਜ਼।

ਸਾਡੀ ਗੁਜ਼ਾਰਿਸ਼ ਇੰਨੀ ਹੀ ਹੈ। ਸੋ, ਇੰਨਾ ਹੀ ਕਹਿੰਦਾ ਹੋਇਆ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਪਿਆਰ ਨਾਲ ਮੇਰੀ ਗੱਲ ਸੁਣੀ ਹੈ ਅਤੇ in the best interest of Punjab, let us all work together. Thank you so much.

**ਸ਼੍ਰੀ ਅਮਨ ਅਰੋੜਾ** : ਸਪੀਕਰ ਸਾਹਿਬ, ਲੀਡਰ ਆਫ ਦਿ ਆਪੋਜ਼ੀਸ਼ਨ ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ ਨੇ ਕਈ ਇਸ਼ੂਜ਼ ਚੁੱਕੇ ਹਨ। ਸਭ ਤੋਂ ਪਹਿਲਾਂ ਇਹ ਮੇਰੇ ਬੜੇ ਸਤਿਕਾਰਯੋਗ ਹਨ।

ਇਨ੍ਹਾਂ ਨੇ ਸਭ ਤੋਂ ਪਹਿਲਾਂ ਲਾਅ ਐਂਡ ਆਰਡਰ ਦੀ ਗੱਲ ਕੀਤੀ ਹੈ। ਇਨ੍ਹਾਂ ਨੇ ਕਿਹਾ ਹੈ ਕਿ ਗੰਭੀਰਤਾ ਨਾਲ ਲਉ। ਬਾਜਵਾ ਸਾਹਿਬ, ਮਾਨ ਸਾਹਿਬ, ਸੀ.ਐਮ. ਸਾਹਿਬ ਬੈਠੇ ਨਹੀਂ ਹਨ ਪਰ ਸੀ.ਐਮ. ਸਾਹਿਬ ਦਾ ਛੋਟਾ ਭਰਾ ਹੋਣ ਦੇ ਨਾਤੇ, ਛੋਟਾ ਜਿਹਾ ਸਿਪਾਹੀ ਹੋਣ ਦੇ ਨਾਤੇ, ਪੂਰੀ ਸਰਕਾਰ ਤੁਹਾਨੂੰ ਹੀ ਨਹੀਂ ਪੂਰੇ ਪੰਜਾਬ ਨੂੰ ਐਸ਼ਿਓਰ ਕਰਦੀ ਹੈ ਕਿ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਪੂਰੀ ਗੰਭੀਰਤਾ ਨਾਲ ਲਈ ਜਾ ਰਹੀ ਹੈ, ਟੈਕਲ ਕੀਤੀ ਜਾ ਰਹੀ ਹੈ ਅਤੇ ਸਰਕਾਰ ਕੁਮਿਟੱਡ ਹੈ ਕਿ ਜਿਹੜੇ ਮਾਫੀਆ ਅਤੇ ਗੈਂਗਸਟਰ ਹਨ, ਇਹ ਬੜੀ ਜਲਦੀ ਹੀ ਪੰਜਾਬ ਵਿੱਚੋਂ ਅਪਰੂਟ ਕਰ ਦਿੱਤੇ ਜਾਣਗੇ, ਖਤਮ ਕਰ ਦਿੱਤੇ ਜਾਣਗੇ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਕੈਂਟ)** : ਸਪੀਕਰ ਸਾਹਿਬ, ਮੈਂ ਤਾਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਇਹ ਕਿਸੇ ਮਨਿਸਟਰ ਦੇ ਬਿਹਾਫ ਤੇ ਕਹਿ ਰਹੇ ਹਨ? Chief Minister is the Home Minister. He has to give a statement and not a member of the House. (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਉਹ ਵੀ ਸਮਾਂ ਆਉਣ ਤੇ ਆਪਣੀ ਸਟੇਟਮੈਂਟ ਦੇਣਗੇ।

**ਸ਼੍ਰੀ ਅਮਨ ਅਰੋੜਾ** : ਸਰ, ਇੱਕ ਮਿੰਟ ਜੀ।

**ਮਾਨਯੋਗ ਸਪੀਕਰ** : ਅਮਨ ਜੀ ਅੱਗੇ ਤੋਰੀਏ।

**ਸ਼੍ਰੀ ਅਮਨ ਅਰੋੜਾ** : ਓ.ਕੇ. ਸਰ। (ਵਿਘਨ) (ਸ਼ੋਰ) (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਮੈਂ ਤੁਹਾਡਾ ਪੁਆਇੰਟ ਸਮਝ ਗਿਆ ਹਾਂ, ਤੁਸੀਂ ਮੇਰਾ ਪੁਆਇੰਟ ਸਮਝਣ ਦੀ ਕੋਸ਼ਿਸ਼ ਕਰੋ। (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਅਸੀਂ ਸਾਰੇ ਸਰਕਾਰ ਦਾ ਹਿੱਸਾ ਹਾਂ। (ਵਿਘਨ) (ਸ਼ੋਰ)

ਦੂਜੀ ਚੀਜ਼ ਜਿਹੜੀ ਥੋੜ੍ਹੀ ਜਿਹੀ ਬਾਜਵਾ ਸਾਹਿਬ ਨੇ ਕਹੀ ਅਤੇ ਥੋੜ੍ਹੀ ਜਿਹੀ ਲੁਕੋ ਲਈ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਅਮਨ ਜੀ, ਬੱਸ ਕਰੋ। ਸਰਦਾਰ ਮਨਪ੍ਰੀਤ ਸਿੰਘ ਇਆਲੀ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਗਵਰਨਰ ਸਾਹਿਬ ਨੇ ਜੋ 21 ਮਾਰਚ ਨੂੰ ਭਾਸ਼ਣ ਦਿੱਤਾ ਸੀ, ਤੁਸੀਂ ਮੈਨੂੰ ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਇਹ ਨਹੀਂ ਕਿ ਹਰ ਗੱਲ ਉਨ੍ਹਾਂ ਦੇ ਵਿਰੋਧ ਵਿੱਚ ਕਹਾਂਗਾ। ਬਲਕਿ ਜਿਹੜੀਆਂ ਗੱਲਾਂ

ਚੰਗੀਆਂ ਹਨ, ਉਹ ਵੀ ਕਰਾਂਗੇ। ਜਿਹੜਾ ਆਪੋਜ਼ੀਸ਼ਨ ਦਾ ਰੋਲ ਹੁੰਦਾ ਹੈ, ਉਹ ਹੁੰਦਾ ਹੈ ਕਿ ਸਰਕਾਰ ਦੀਆਂ ਕਮੀਆਂ ਧਿਆਨ ਵਿੱਚ ਲਿਆਂਦੀਆਂ ਜਾਣ।

ਮ/ ਬ.ਸ./ 5.05/ 24.06.2022

ਜੇ ਸਰਕਾਰ ਸਹੀ ਢੰਗ ਨਾਲ ਚਲਣੀ ਹੈ ਤਾਂ ਉਸ ਵਿੱਚ ਆਪੋਜ਼ੀਸ਼ਨ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਇੱਥੇ ਬੜੀਆਂ ਸਰਕਾਰਾਂ ਆਈਆਂ ਤੇ ਬੜੀਆਂ ਗਈਆਂ ਹਨ। ਕਈ ਵਾਰੀ ਹੰਕਾਰ ਵੀ ਹੋ ਜਾਂਦਾ ਹੈ ਤੇ ਭੁਲੇਖਾ ਵੀ ਲੱਗ ਜਾਂਦਾ ਹੈ ਲੇਕਿਨ ਸਮਾਂ ਬੜਾ ਬਲਵਾਨ ਹੁੰਦਾ ਹੈ, ਮਾਨ-ਸਨਮਾਨ ਤਾਂ ਪ੍ਰਮਾਤਮਾ ਦਿੰਦਾ ਹੈ। ਇੱਥੇ ਅਕਾਲੀ ਦਲ ਦੀਆਂ ਬੀ.ਜੇ.ਪੀ. ਨਾਲ ਰਲ ਕੇ 94 ਸੀਟਾਂ ਰਹੀਆਂ ਸਨ ਪਰ ਅੱਜ ਸਿਰਫ ਤਿੰਨ ਸੀਟਾਂ ਹਨ, ਕਾਂਗਰਸ ਵਾਲੀ ਟੀਮ ਕੋਲ ਵੀ 78 ਸੀਟਾਂ ਸਨ ਪਰ ਅੱਜ 17-18 ਤੇ ਪਹੁੰਚ ਗਏ ਹਨ। ਤੁਹਾਨੂੰ 92 ਸੀਟਾਂ ਮਿਲੀਆਂ ਹਨ, ਪੰਜਾਬ ਦੇ ਲੋਕਾਂ ਨੇ ਤੁਹਾਡੇ ਤੇ ਬਹੁਤ ਵੱਡਾ ਭਰੋਸਾ ਕੀਤਾ ਹੈ ਲੇਕਿਨ ਇਸ ਨੂੰ ਮੇਨਟੇਨ ਰੱਖਣਾ ਕੋਈ ਸੌਖਾ ਨਹੀਂ ਹੈ, ਜ਼ਿੰਮੇਵਾਰੀਆਂ ਬਹੁਤ ਵੱਡੀਆਂ ਹਨ। ਮੈਂ ਵੀ ਤੀਜੀ ਵਾਰੀ ਇੱਥੇ ਬਤੌਰ ਐਮ.ਐਲ.ਏ. ਆਇਆ ਹਾਂ, ਜਦੋਂ ਸਾਡੀ ਸਰਕਾਰ ਕੋਲ 70+ ਸੀਟਾਂ ਸੀ, ਉਦੋਂ ਵੀ ਮੈਂ ਇੱਥੇ ਸੀ, ਜਦੋਂ 13-14 ਸੀਟਾਂ ਸੀ ਤਾਂ ਉਦੋਂ ਵੀ ਮੈਂ ਇੱਥੇ ਸੀ ਤੇ ਜਦੋਂ ਹੁਣ ਤਿੰਨ ਸੀਟਾਂ ਰਹਿ ਗਈਆਂ ਹਨ ਤਾਂ ਅੱਜ ਵੀ ਮੈਂ ਇੱਥੇ ਹਾਂ, ਇਹ ਸਾਰੀ ਪ੍ਰਮਾਤਮਾ ਦੀ ਹੀ ਮਿਹਰ ਹੈ। ਕਈ ਵਾਰੀ ਭੁਲੇਖਾ ਪੈ ਜਾਂਦਾ ਹੈ ਕਿ ਮੈਂ ਕੋਈ ਵੱਡਾ ਬੰਦਾ ਹੋ ਗਿਆ ਹਾਂ। ਹਰ ਐਮ.ਐਲ.ਏ. ਵਧੀਆ ਢੰਗ ਨਾਲ ਸਰਕਾਰ ਚਲਾਉਣ ਦੀ ਕੋਸ਼ਿਸ਼ ਕਰਦਾ ਹੈ, ਲੇਕਿਨ ਮਿਹਰ ਪ੍ਰਮਾਤਮਾ ਦੀ ਹੁੰਦੀ ਹੈ। ਇਸ ਵਾਰੀ ਤੁਹਾਨੂੰ ਮੌਕਾ ਮਿਲਿਆ ਹੈ, 92 ਸੀਟਾਂ ਮਿਲੀਆਂ ਹਨ ਲੇਕਿਨ ਆਉਣ ਵਾਲੇ ਸਮੇਂ ਵਿੱਚ ਜ਼ਿੰਮੇਵਾਰੀਆਂ ਬਹੁਤ ਵੱਡੀਆਂ ਹਨ। ਤੁਸੀਂ ਸਰਕਾਰ ਵਿੱਚ ਪਹਿਲੀ ਵਾਰੀ ਆਏ ਹੋ, ਅਸੀਂ ਵੀ ਸਰਕਾਰ ਵਿੱਚ ਰਹੇ ਹਾਂ, ਕਾਂਗਰਸ ਵਾਲੇ ਵੀ ਬੜਾ ਲੰਮਾ ਸਮਾਂ ਸਰਕਾਰ ਵਿੱਚ ਰਹੇ ਹਨ। ਹੁਣ ਤੱਕ ਤੁਸੀਂ ਲੋਕਾਂ ਨੂੰ ਇਹ ਕਹਿੰਦੇ ਰਹੇ ਹੋ ਕਿ ਜੋ ਇਹ ਕਰ ਨਹੀਂ ਸਕੇ, ਅਸੀਂ ਕਰ ਦਿਆਂਗੇ ਲੇਕਿਨ ਹੌਲੀ ਹੌਲੀ ਸਮਾਂ ਲੰਘਦਾ ਜਾਣਾ ਹੈ, ਤੁਹਾਨੂੰ ਵੀ ਪਤਾ ਲਗਦਾ ਜਾਣਾ ਹੈ, ਅਜੇ ਤਾਂ ਤਿੰਨ ਮਹੀਨੇ ਹੀ ਹੋਏ ਹਨ। ਕੱਲ੍ਹ ਜਿਹੜੀ ਸੰਗਰੂਰ ਦੀ ਚੋਣ ਹੋਈ ਹੈ, ਉਸ ਦਾ ਨਤੀਜਾ ਸੈਸ਼ਨ ਚਲਦੇ ਵਿੱਚ ਹੀ ਆ ਜਾਣਾ ਹੈ, ਉਸ ਨਾਲ ਕਾਫੀ ਚਾਨਣਾ ਹੋ ਜਾਵੇਗਾ, ਸਾਨੂੰ ਵੀ ਹੋ ਜਾਵੇਗਾ, ਇਨ੍ਹਾਂ ਨੂੰ ਵੀ ਹੋ ਜਾਵੇਗਾ, ਸਾਰਿਆਂ ਨੂੰ ਹੀ ਹੋ ਜਾਣਾ ਹੈ ਕਿਉਂਕਿ ਲੋਕਾਂ ਨੂੰ ਸਾਡੇ ਤੋਂ ਬਹੁਤ ਵੱਡੀਆਂ ਉਮੀਦਾਂ ਹਨ ਤੇ ਤੁਸੀਂ ਲੋਕਾਂ ਦੀਆਂ ਕੁਝ ਹੋਰ ਜ਼ਿਆਦਾ ਉਮੀਦਾਂ ਜਗਾ ਦਿੱਤੀਆਂ ਸੀ ਕਿ ਅਸੀਂ ਤੁਹਾਡਾ ਹਰ ਮਸਲਾ ਹੱਲ ਕਰਾਂਗੇ ਤੇ ਅੱਜ ਲੋਕ ਦੇਖਦੇ ਹਨ ਕਿ ਸ਼ਾਇਦ ਜਿਹੜਾ ਸਾਡਾ ਨਿੱਜੀ ਮਸਲਾ ਹੈ, ਉਹ ਵੀ ਹੱਲ ਕਰਨਗੇ। ਮੈਂ ਵੀ ਲੋਕਾਂ ਵਿੱਚ ਹੀ ਰਹਿੰਦਾ ਹਾਂ, ਅਸੀਂ ਰੋਜ਼ ਲੋਕਾਂ ਵਿੱਚ ਜਾਂਦੇ ਹਾਂ । ਸੋ, ਚੋਣਾਂ ਆਈ ਜਾਣੀਆਂ ਹਨ ਤੇ ਤੁਹਾਡੇ ਸਾਹਮਣੇ ਵੀ ਸਾਰਾ ਕੁਝ ਆਈ ਜਾਣਾ ਹੈ। ਸੋ, ਗੱਲ ਇਹ ਹੈ ਕਿ ਜਿੱਥੇ ਸਰਕਾਰ ਪੰਜਾਬ ਲਈ ਚੰਗਾ ਕੰਮ ਕਰੇਗੀ ਉੱਥੇ ਅਸੀਂ ਉਸ ਦੀ ਪ੍ਰੇਜ਼ ਵੀ ਕਰਾਂਗੇ, ਉਸ ਵਿੱਚ ਸਾਥ ਵੀ ਦਿਆਂਗੇ ਤੇ ਜਿੱਥੇ ਕਮੀ ਹੋਵੇਗੀ, ਉੱਥੇ

ਕਮੀਆਂ ਵੀ ਦੱਸਾਂਗੇ, ਕਿਉਂਕਿ ਮੈਂ ਇੱਥੇ ਦੇਖਿਆ ਹੈ ਕਿ ਜਿਹੜੇ ਉਲਟ ਬੈਠੇ ਹਨ, ਉਹ ਜ਼ਿਆਦਾਤਰ ਵਿਰੋਧ ਦੀ ਗੱਲ ਹੀ ਕਰਦੇ ਹਨ। ਲੇਕਿਨ ਮੇਰੀ ਸੋਚ ਵੱਖਰੀ ਹੈ ਮੈਂ ਬਿਨਾਂ ਵਜ੍ਹਾ ਤੋਂ ਕਦੇ ਕਿਸੇ ਦੇ ਖਿਲਾਫ ਕੋਈ ਗੱਲ ਨਹੀਂ ਕਰਦਾ ਤੇ ਛੇਤੀ ਕੋਈ ਸਟੇਟਮੈਂਟ ਨਹੀਂ ਦਿੰਦਾ ਤੇ ਮੇਰੀ ਇੱਕ ਸੋਚ ਹੈ ਕਿ ਪਾਜ਼ੇਟਿਵ ਸੋਚ ਲੈ ਕੇ ਜ਼ਿੰਦਗੀ ਵਿੱਚ ਚਲਿਆ ਜਾਵੇ। ਹਰ ਜਗ੍ਹਾ ਨੁਕਤਾਚੀਨੀ ਨਹੀਂ ਕਰਨੀ ਹੈ ਜੇ ਕੋਈ ਚੰਗਾ ਹੈ ਤਾਂ ਉਸ ਨੂੰ ਚੰਗਾ ਵੀ ਕਹਿਣਾ ਹੈ ਤੇ ਜੇ ਕੋਈ ਮਾੜਾ ਹੈ ਤਾਂ ਉਸ ਨੂੰ ਮਾੜਾ ਵੀ ਕਹਿਣਾ ਹੈ। ਸੋ, ਸਰਕਾਰ ਦਾ ਜਿਹੜਾ ਇਹ ਸਮਾਂ ਲੰਘਿਆ ਹੈ, ਉਸ ਵਿੱਚ ਕੋਈ ਚੰਗੇ ਫੈਸਲੇ ਵੀ ਹੋਏ ਹਨ, ਕੋਈ ਮਾੜੇ ਵੀ ਹੋਏ ਹਨ। ਲਾਅ ਐਂਡ ਆਰਡਰ ਤੇ ਗੱਲ ਬਾਜਵਾ ਸਾਹਿਬ ਨੇ ਵੀ ਕਰ ਲਈ ਹੈ, ਇਸ ਲਈ ਮੈਂ ਜ਼ਿਆਦਾ ਵਿਸਥਾਰ ਵਿੱਚ ਨਹੀਂ ਜਾਣਾ ਹੈ। ਲੇਕਿਨ ਤਿੰਨ ਮਹੀਨੇ ਵਿੱਚ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨਾ ਸਰਕਾਰ ਦੀ ਵੱਡੀ ਜ਼ਿੰਮੇਵਾਰੀ ਹੈ। ਜਿਹੜੇ ਅੱਜ ਹਾਲਾਤ ਬਣੇ ਹੋਏ ਹਨ, ਅੱਜ ਲੋਕਾਂ ਦੇ ਮਨ ਵਿੱਚ ਡਰ ਦਾ ਮਾਹੌਲ ਹੈ। ਸਾਡੀ ਸਰਕਾਰ ਵੇਲੇ ਦੀਆਂ ਗੱਲਾਂ ਕੀਤੀਆਂ ਗਈਆਂ ਹਨ, ਜੇ ਉਸ ਸਮੇਂ ਕੋਈ ਕਮੀਆਂ ਰਹੀਆਂ ਹਨ ਤਾਂ ਹੀ ਅਸੀਂ ਅੱਜ ਤਿੰਨ ਸੀਟਾਂ ਤੇ ਹੀ ਰਹਿ ਗਏ ਹਾਂ। ਸੋ, ਤਿੰਨ ਮਹੀਨੇ ਵਿੱਚ ਜਿਹੜੇ ਕਤਲ ਹੋਏ ਹਨ, ਲੁੱਟਮਾਰ ਹੋਈ ਹੈ, ਸਿੱਧੂ ਮੂਸੇਵਾਲਾ ਦਾ ਜਿਹੜਾ ਕਤਲ ਹੋਇਆ ਹੈ, ਉਸ ਲਈ ਸਰਕਾਰ ਸਿੱਧੇ ਤੌਰ ਤੇ ਜ਼ਿੰਮੇਵਾਰ ਹੈ, ਸਰਕਾਰ ਦੀ ਅਣਗਹਿਲੀ ਕਰਕੇ ਕਤਲ ਹੋਇਆ ਹੈ ਤੇ ਇਸ ਵਿੱਚ ਕੋਈ ਦੂਜੀ ਰਾਏ ਨਹੀਂ ਹੈ। ਸਾਰੀ ਗੱਲ ਹੋ ਚੁੱਕੀ ਹੈ ਤੇ ਮੈਂ ਇਹ ਰਿਪੀਟ ਨਹੀਂ ਕਰਨਾ ਚਾਹੁੰਦਾ ਹਾਂ। ਮੇਰੇ ਹਲਕੇ ਦੇ ਨਾਲ ਪਿੰਡ ਬਾਰਨਹਾਰਾ ਹੈ, ਕੱਲ੍ਹ ਹੀ ਉੱਥੇ ਇੱਕ ਨੌਜਵਾਨ ਆ ਰਿਹਾ ਸੀ ਜੋ ਫਾਈਨਾਂਸ ਦਾ ਕੰਮ ਕਰਦਾ ਹੈ, ਉਸ ਦੇ ਪਿੱਛੇ ਦੋ ਸਕੂਟਰ ਵਾਲੇ ਲੱਗੇ ਤਾਂ ਉਸ ਨੇ ਗੱਡੀ ਭਜਾ ਲਈ ਤਾਂ ਉਨ੍ਹਾਂ ਨੇ ਵੀ ਸਕੂਟਰ ਭਜਾ ਲਿਆ। ਉਸ ਨੇ ਇਕਦਮ ਕੱਟ ਮਾਰਿਆ ਤਾਂ ਉਹ ਕੰਧ ਵਿੱਚ ਜਾ ਕੇ ਲੱਗੇ ਤੇ ਇੱਕ ਮੌਕੇ ਤੇ ਮਰ ਗਿਆ, ਉਨ੍ਹਾਂ ਕੋਲੋਂ ਤਿੰਨ ਪਿਸਤੌਲ ਮਿਲੇ ਹਨ। ਉਹ ਜਲੰਧਰ ਦੇ ਸਨ। ਕਹਿਣ ਦਾ ਭਾਵ ਹੈ ਕਿ ਇਸ ਤਰ੍ਹਾਂ ਦੀਆਂ ਜਿਹੜੀਆਂ ਘਟਨਾਵਾਂ ਵਾਪਰ ਰਹੀਆਂ ਹਨ, ਉਸ ਨਾਲ ਲੋਕਾਂ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਇਸ ਲਈ ਥੋੜੇ ਸਮੇਂ ਵਿੱਚ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਕੰਟਰੋਲ ਕਰਨਾ ਸਰਕਾਰ ਦੀ ਬਹੁਤ ਵੱਡੀ ਜ਼ਿੰਮੇਵਾਰੀ ਬਣਦੀ ਹੈ। ਜੋ ਤੁਸੀਂ ਬੀਜਣਾ ਹੈ, ਉਹੀ ਤੁਹਾਨੂੰ ਵੱਢਣਾ ਪੈਣਾ ਹੈ। ਮੈਂ ਪ੍ਰਮਾਤਮਾ ਨੂੰ ਮੰਨਣ ਵਾਲਾ ਇਨਸਾਨ ਹਾਂ। ਇਹ ਨਹੀਂ ਹੈ ਕਿ ਸਾਰਾ ਕੁਝ ਸਰਕਾਰਾਂ ਨੇ ਕਰਨਾ ਹੈ, ਕੁਦਰਤ ਨੇ ਵੀ ਤੁਹਾਨੂੰ ਬਹੁਤ ਚੀਜ਼ਾਂ ਦੀ ਸਜ਼ਾ ਦੇਣੀ ਹੈ।

**ਮਾਨਯੋਗ ਸਪੀਕਰ:** ਤੁਹਾਡਾ ਇੱਕ ਮਿੰਟ ਹੋਰ ਰਹਿ ਗਿਆ ਹੈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਬਹੁਤ ਗੱਲਾਂ ਦੀ ਸਜ਼ਾ ਕੁਦਰਤ ਹੀ ਦੇ ਦਿੰਦੀ ਹੈ। ਇਸ ਲਈ ਅਸੀਂ ਸਾਰੇ ਚਾਹੁੰਦੇ ਹਾਂ ਕਿ ਜਿਹੜਾ ਪੰਜਾਬ ਹੈ, ਇੱਥੇ ਅਮਨ ਸ਼ਾਂਤੀ ਰਹੇ, ਕਿਉਂਕਿ ਜੇ ਅਮਨ ਸ਼ਾਂਤੀ ਹੈ ਤਾਂ

ਉਸ ਨਾਲ ਹੀ ਪੰਜਾਬ ਦੀ ਤਰੱਕੀ ਹੈ। ਜਿਹੜਾ ਪੰਜਾਬ ਦਾ ਵਪਾਰੀ ਹੈ, ਚਾਹੇ ਬਿਜ਼ਨਸਮੈਨ ਹੈ, ਚਾਹੇ ਇੰਡਸਟ੍ਰੀਅਲਿਸਟ ਹੈ, ਇੰਡਸਟਰੀ ਇੱਥੇ ਤਾਂ ਹੀ ਆਉਣੀ ਹੈ, ਪੰਜਾਬ ਨੇ ਤਾਂ ਹੀ ਕਾਮਯਾਬ ਹੋਣਾ ਹੈ ਜੇ ਇੱਥੇ ਅਮਨ ਸ਼ਾਂਤੀ ਹੈ। ਮੈਂ ਖੇਤੀ ਨਾਲ ਵੀ ਜੁੜਿਆ ਹੋਇਆ ਹਾਂ, ਰੀਅਲ ਅਸਟੇਟ ਨਾਲ ਵੀ ਜੁੜਿਆ ਹੋਇਆ ਹਾਂ। ਥੋੜੀ ਜਿਹੀ ਗੱਲ ਤੇ ਹੀ ਰੀਅਲ ਅਸਟੇਟ ਦੇ ਕੰਮ ਵਿੱਚ ਉਤਰਾਅ ਚੜ੍ਹਾਅ ਬਹੁਤ ਆਉਂਦੇ ਹਨ। ਥੋੜ੍ਹੀ ਜਿਹੀ ਘਟਨਾ ਵਾਪਰਦੀ ਹੈ ਤਾਂ ਲੋਕ ਡਰ ਜਾਂਦੇ ਹਨ ਕਿ ਪੰਜਾਬ ਦੇ ਵਿੱਚ ਹੁਣ ਰਹਿਣ ਵਾਲਾ ਮਾਹੌਲ ਨਹੀਂ ਹੈ, ਇੱਥੋਂ ਬਾਹਰ ਨਿਕਲੋ।

ਸ.ਸ.-ਰ.ਕ./5.10/24.06.2022

ਸੋ, ਇਸ ਲਈ ਇਹ ਸਰਕਾਰ ਦੀ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਹੈ ਕਿ ਲਾਅ ਐਂਡ ਆਰਡਰ ਨੂੰ ਮੇਨਟੇਨ ਰੱਖਿਆ ਜਾਵੇ। ਦੂਸਰਾ ਮਸਲਾ, ਮੈਂ ਖੇਤੀਬਾੜੀ ਦੀ ਗੱਲ ਕਰਨਾ ਚਾਹੁੰਦਾ ਹਾਂ। ਸਾਡਾ ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਸਮੁੱਚੇ ਦੇਸ਼ ਦਾ ਢਿੱਡ ਭਰਨ ਦੇ ਵਿੱਚ ਪੰਜਾਬ ਦਾ ਪਿਛਲੇ ਸਮੇਂ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਅਸੀਂ ਆਪਣਾ ਪਾਣੀ ਖਤਮ ਕਰ ਲਿਆ ਪਰ ਆਉਣ ਵਾਲਾ ਸਮਾਂ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਸਰਕਾਰ ਨੇ ਇੱਕ ਚੰਗਾ ਉਪਰਾਲਾ ਕੀਤਾ ਹੈ, ਜਿਹੜੀ ਸਿੱਧੀ ਬਿਜਾਈ ਦੀ ਗੱਲ ਸ਼ੁਰੂ ਕੀਤੀ ਹੈ। ਅੱਜ ਪਾਣੀ ਨੂੰ ਬਚਾਉਣਾ ਸਮੇਂ ਦੀ ਬਹੁਤ ਵੱਡੀ ਲੋੜ ਹੈ। ਸੋ, ਉਸ ਲਈ ਠੀਕ ਹੈ ਜੋ ਟੀਚਾ ਮਿੱਥਿਆ ਗਿਆ ਸੀ, ਮੈਂ ਪਿਛਲੇ ਤਕਰੀਬਨ ਪੰਜ ਸਾਲਾਂ ਤੋਂ ਸਿੱਧੀ ਬਿਜਾਈ ਕਰਦਾ ਆ ਰਿਹਾ ਹਾਂ। ਅੱਜ ਵੀ ਲੁਧਿਆਣਾ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਸਿੱਧੀ ਬਿਜਾਈ ਮੇਰੇ ਕੋਲ ਹੋਈ ਹੈ ਕਿਉਂਕਿ ਜਿੱਥੇ ਕਣਕ ਸੀ, ਉੱਥੇ ਅਸੀਂ ਸਾਰੀ ਸਿੱਧੀ ਬਿਜਾਈ ਇਸ ਵਾਰ ਵੀ ਕੀਤੀ ਹੈ। ਇਹ ਪਾਣੀ ਨੂੰ ਬਚਾਉਣ ਦਾ ਇੱਕ ਬਹੁਤ ਵੱਡਾ ਹੱਲ ਹੈ। ਇਸ ਦਾ ਕਾਰਨ ਕੀ ਹੈ? ਅਸੀਂ ਕੱਦੂ ਕਰਕੇ ਇੱਕ ਲੇਅਰ ਬਣਾ ਦਿੰਦੇ ਸੀ ਕਿ ਪਾਣੀ ਨੀਚੇ ਨਾ ਜਾਵੇ। ਪਾਣੀ ਕੱਢ ਰਹੇ ਹਾਂ ਲੇਕਿਨ ਜ਼ਮੀਨ ਦੇ ਮੁਸਾਮ ਬੰਦ ਕਰ ਦਿੱਤੇ ਕਿ ਪਾਣੀ ਥੱਲੇ ਨਾ ਜਾਵੇ। ਗਰਮੀ ਹੁੰਦੀ ਹੈ, ਸਾਰਾ ਇਵੈਪੂਰੇਟ ਹੋ ਰਿਹਾ ਹੈ। ਉਸ ਕਰਕੇ ਪਾਣੀ ਥੱਲੇ ਵੀ ਜਾ ਰਿਹਾ ਸੀ, ਸਾਡੀ ਇਸ ਟਾਈਮ ਦੇ ਵਿੱਚ ਹਿਊਮਸ ਦੀ ਪ੍ਰਾਬਲਮ ਆ ਜਾਂਦੀ ਹੈ ਕਿਉਂਕਿ ਖੇਤਾਂ ਵਿੱਚ ਪਾਣੀ ਭਰਿਆ ਹੋਇਆ ਹੈ, ਉਹ ਤਪ ਰਿਹਾ ਹੈ, ਉਧਰੋਂ ਗਰਮੀ ਪੈ ਰਹੀ ਹੈ, ਭਾਫ ਬਣ ਕੇ ਉੱਡ ਰਿਹਾ ਹੈ, ਉਸ ਕਰਕੇ ਹਿਊਮਸ ਹੈ, ਉਸ ਕਰਕੇ ਹੀ ਬਰਸਾਤ ਵੀ ਘੱਟ ਰਹੀ ਹੈ, ਪੰਜਾਬ ਦੇ ਵਿੱਚ ਝੋਨੇ ਕਰਕੇ ਇਹ ਸਭ ਹੋ ਰਿਹਾ ਹੈ। ਮੈਂ ਉੱਤਰ ਪ੍ਰਦੇਸ਼ ਵਿੱਚ ਵੀ ਖੇਤੀ ਬਹੁਤ ਸਾਲਾਂ ਤੋਂ ਕਰਦਾ ਹਾਂ, ਉੱਥੇ ਸਾਡੇ ਗੰਨੇ ਦੀ ਖੇਤੀ 80% ਹੁੰਦੀ ਹੈ। ਉੱਥੇ ਪਾਣੀ ਪਿਛਲੇ 60 ਸਾਲਾਂ ਦੇ ਵਿੱਚ ਇੱਕ ਇੰਚ ਵੀ ਡਾਊਨ ਨਹੀਂ ਗਿਆ, 7 ਫੁੱਟ ਤੇ ਪਾਣੀ ਹੈ। ਇਸ ਦਾ ਕਾਰਨ ਕੀ ਹੈ? ਝੋਨਾ ਬਹੁਤ ਘੱਟ ਲੱਗਦਾ ਹੈ। ਪਾਣੀ ਕੱਢਦੇ ਹਨ ਲੇਕਿਨ ਸਾਰਾ ਰੀਚਾਰਜਿੰਗ ਹੋ ਰਿਹਾ ਹੈ। ਸੋ, ਸਿੱਧੀ ਬਿਜਾਈ ਹੋਵੇਗੀ, ਰੀਚਾਰਜਿੰਗ ਹੋਵੇਗੀ, ਇਸ ਲਈ ਸਰਕਾਰ ਨੂੰ ਸਾਰੀਆਂ ਕਿਸਾਨ ਜਥੇਬੰਦੀਆਂ ਅਤੇ ਅਗਾਂਹਵਧੂ ਫਾਰਮਰਜ਼ ਨਾਲ ਇੱਕ ਮੀਟਿੰਗ ਕਰਨੀ ਚਾਹੀਦੀ ਸੀ। ਉਨ੍ਹਾਂ ਨੂੰ ਭਰੋਸੇ ਵਿੱਚ ਲੈਣਾ

ਚਾਹੀਦਾ ਸੀ ਕਿ ਜਿਹੜੇ ਬੰਦੇ ਪਿਛਲੇ ਸਾਲਾਂ ਤੋਂ ਕੰਮ ਕਰ ਰਹੇ ਹਨ ਕਿਉਂਕਿ ਅਸੀਂ ਜਿੱਥੇ ਇਹ ਖੇਤੀ ਕਰ ਰਹੇ ਹਾਂ, ਸਾਡੀ ਜ਼ਮੀਨ ਰੇਤਲੀ ਹੈ, ਜ਼ਿਆਦਾ ਡਾਕਰ ਨਹੀਂ ਹੈ। ਆਲੂ ਦੀ ਖੇਤੀ ਵੀ ਹੁੰਦੀ ਹੈ।

**ਮਾਨਯੋਗ ਸਪੀਕਰ:** ਮੇਰਾ ਵੀ ਦਿੱਲ ਕਰਦਾ ਹੈ ਕਿ ਤੁਹਾਡੀ ਗੱਲ ਸੁਣਾਂ ਪਰ ਸਮੇਂ ਦੀ ਕਨਸਟਰੇਂਟ ਹੈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਮੈਂ ਸ਼ਾਰਟ ਵਿੱਚ ਗੱਲ ਕਰ ਦਿੰਦਾ ਹਾਂ ਜੀ।

**ਮਾਨਯੋਗ ਸਪੀਕਰ:** ਤੁਹਾਡਾ ਸਮਾਂ ਹੋ ਗਿਆ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਇਸ ਨੂੰ ਕਨਕਲੂਡ ਕਰ ਲੈਣ ਦਿਉ ਜੀ।

**ਮਾਨਯੋਗ ਸਪੀਕਰ:** ਕਨਕਲੂਡ ਹੋ ਗਿਆ ਜੀ। ਤੁਹਾਨੂੰ ਫਿਰ ਮੌਕਾ ਮਿਲੇਗਾ। ਤੁਸੀਂ ਲਿਖ ਕੇ ਦੇ ਦਿਉ, ਵੈਲਿਊਏਬਲ ਹੈ, ਲਿਖ ਕੇ ਦੇ ਦਿਉ। (ਸਰਦਾਰ ਮਨਪ੍ਰੀਤ ਸਿੰਘ ਇਆਲੀ ਵੱਲੋਂ ਵਿਘਨ) ਸਮਾਂ ਨਹੀਂ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਮਨਪ੍ਰੀਤ ਸਿੰਘ ਇਆਲੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਮਾਨਯੋਗ ਮੈਂਬਰ ਸਾਹਿਬ, ਤੁਹਾਡੀਆਂ ਗੱਲਾਂ ਬਹੁਤ ਹੀ ਕੀਮਤੀ ਹਨ, ਮੈਂ ਚਾਹੁੰਦਾ ਹਾਂ ਕਿ ਤੁਸੀਂ ਲਿਖਤੀ ਰੂਪ ਵਿੱਚ ਦੇ ਦਿਉ। ਧੰਨਵਾਦ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ, ਐੱਸ.ਸੀ):** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਪੈਰ੍ਹਾ ਨੰਬਰ ਪੰਜ ਬਾਰੇ ਗੱਲ ਕਰਾਂਗੀ। ਇਹ ਸਾਨੂੰ ਇਸ ਗੱਲ ਦਾ ਮਾਣ ਮਿਲਿਆ ਹੈ ਕਿਉਂਕਿ ਪੰਜਾਬ ਦਾ ਸਦੀਆ ਪੁਰਾਣਾ ਇਤਿਹਾਸ ਰਿਹਾ ਹੈ ਜਿੱਥੇ ਪੰਜਾਬ ਨੇ ਸਾਰਾ ਕੁਝ ਆਪਣੇ ਸਰੀਰ ਤੇ ਝੱਲਿਆ ਤੇ ਬਹੁਤ ਕੁਝ ਖੱਟਿਆ ਵੀ। ਸਮੇਂ ਸਮੇਂ ਤੇ ਧਾੜਵੀਆਂ ਨੇ ਅਤੇ ਹਮਲਾਵਰਾਂ ਨੇ ਸਾਡੇ ਤੇ ਹਮਲੇ ਕੀਤੇ, ਅਸੀਂ ਕਾਬਿਲ ਤੋਂ ਲੈ ਕੇ ਦਿੱਲੀ ਤੱਕ ਜਿੱਤਿਆ ਵੀ। ਅਸੀਂ ਕਈ ਵਾਰੀ ਡੋਲ੍ਹੇ ਵੀ ਪਰ ਦੁੱਗਣੀ ਹਿੰਮਤ ਦੇ ਨਾਲ ਅਸੀਂ ਉੱਠ ਕੇ ਖੜ੍ਹੇ ਹੋਏ। ਮਾਨਯੋਗ ਰਾਜਪਾਲ ਜੀ ਨੇ ਪੰਜਾਬੀਆਂ ਦੇ ਲਈ ਇੱਕੋ ਹੀ ਲਫਜ਼ ਵਰਤਿਆ ਜਿਸ ਦਾ ਸਾਨੂੰ ਮਾਣ ਵੀ ਹੈ, ਉਹ ਹੈ "ਸਮਰੱਥਾ" ਕਿ ਸਾਡੇ ਪੰਜਾਬ ਦੇ ਲੋਕਾਂ ਦੇ ਵਿੱਚ ਸਮੇਂ-ਸਮੇਂ ਤੇ ਜਿਹੜੀ ਸਾਨੂੰ ਸੱਚੇ ਪਾਤਸ਼ਾਹ ਤਾਕਤ ਬਖਸ਼ਦੇ ਹਨ, ਸਮਰੱਥਾ ਦਿੰਦੇ ਹਨ, ਉਸ ਦੇ ਨਾਲ ਅਸੀਂ ਵਾਰ-ਵਾਰ ਆਪਣਿਆਂ ਅਤੇ ਬੇਗਾਨਿਆਂ ਦੇ ਹਮਲੇ ਝੱਲ ਕੇ ਫਿਰ ਤੋਂ ਫਿਰ ਪੰਜਾਬ ਨੂੰ ਦੁਬਾਰਾ ਸੰਜੋਣ ਲਈ ਦੁਬਾਰਾ ਖੜ੍ਹਾ ਕਰਨ ਲਈ ਲੱਗ ਜਾਂਦੇ ਹਾਂ। ਪੰਜਾਬ ਤੇ ਪੰਜਾਬੀਆਂ ਦੀ ਖੁਸ਼ਹਾਲੀ ਦੇ ਝੰਡੇ ਪੂਰੇ ਵਿਸ਼ਵ ਦੇ ਵਿੱਚ ਝੂਲਦੇ ਸੀ ਤੇ ਏਸ਼ੀਆਂ ਤੋਂ ਲੈ ਕੇ ਯੂਰਪ ਦੇ ਲੋਕ ਕਿਸੇ ਸਮੇਂ ਇਹ ਆਸ ਰੱਖਦੇ ਸੀ ਕਿ ਪੰਜਾਬ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਬੱਚਾ ਪੜ੍ਹਨ ਭੇਜੀਏ।

ਗ.ਕੌ./ਰ.ਕ./5.15/24.06.2022

ਸਾਡੇ ਬੱਚੇ ਉੱਥੋਂ ਦੇ ਲੋਕਾਂ ਤੋਂ ਸਿੱਖਿਆ ਲੈ ਕੇ ਆਵੇ। ਸਾਡੇ ਬੱਚੇ ਸਮੇਂ ਸਮੇਂ ਤੇ ਏਨੇ ਕੁ ਸਮਰੱਥ ਹੋਣ ਕਿ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਸਰਦਾਰਾਂ ਤੇ ਪੰਜਾਬੀਆਂ ਦੇ ਨਕਸ਼ੇ ਕਦਮ ਤੱਕ ਚੱਲ ਕੇ ਸਾਡੇ ਲੋਕਾਂ ਲਈ ਰਸਤੇ ਸਵੱਲੇ ਕਰਨ ਪਰ ਦੁੱਖ ਵਾਲੀ ਗੱਲ ਹੈ ਕਿ ਅੱਜ ਸਾਡੇ ਆਪਣੇ ਬੱਚੇ ਨੌਕਰੀ ਨੂੰ ਤਰਸ ਰਹੇ ਹਨ। ਇਹ ਸੇਵਾਦਾਰ ਦੀ ਪੋਸਟ ਦੇ ਲਈ ਅਸੀਂ ਪੀ.ਐਚ.ਡੀ. ਤੱਕ ਦੇ ਬੱਚਿਆਂ ਦੀਆਂ ਐਪਲੀਕੇਸ਼ਨਾਂ ਆ ਜਾਂਦੀਆਂ ਹਨ। ਉਹ ਕਹਿੰਦੇ ਹਨ ਕਿ ਚਾਹੇ ਅਸੀਂ ਪੀ.ਐਚ.ਡੀ. ਕਰ ਲਈ, ਚਾਹੇ MSc Math ਕਰ ਲਿਆ, ਚਾਹੇ M. Tech ਕਰ ਲਈ ਅਤੇ ਚਾਹੇ MBA ਕਰ ਲਈ ਪਰ ਸਾਨੂੰ ਕਿਸੇ ਨਾ ਕਿਸੇ ਤਰ੍ਹਾਂ peon ਹੀ ਰਖਵਾ ਦਿਉ। ਇਹ ਸਾਡੇ ਸਮੇਂ ਸਮੇਂ ਤੇ ਸਾਡੀ ਧਰਤੀ ਤੇ ਧਰਤੀ ਦੇ ਜਾਇਆ ਹਨ ਜਿਨ੍ਹਾਂ ਨੇ ਸਾਨੂੰ ਜੀਵੰਨ ਦੀ ਦਾਤ ਬਖਸ਼ੀ ਸੀ। ਸਾਨੂੰ ਕਿਰਤੀ ਵਾਲੇ ਛੋਟੇ ਛੋਟੇ ਦੁਕਾਨਦਾਰਾਂ ਨੇ ਬਚਪਨ ਤੇ ਜਵਾਨੀ ਦਿਖਾਈ ਹੈ। ਸਾਨੂੰ ਸਾਰਿਆਂ ਨੂੰ ਅੱਜ ਇਹ ਸੋਚਣਾ ਵੀ ਪਵੇਗਾ ਕਿ ਕੀ ਕਾਰਨ ਹੈ ਕਿ ਸਾਡਾ ਬੱਚਾ, ਸਾਡਾ ਪੰਜਾਬੀ ਪੰਜਾਬ ਵਿੱਚ ਹੀ ਨਹੀਂ ਰਹਿਣਾ ਚਾਹੁੰਦਾ। ਅਸੀਂ ਆਪਣੇ ਹੱਥੀਂ ਆਪਣੇ ਪਾਣੀ ਗੰਦਲੇ ਕਰ ਲਏ। ਅਸੀਂ ਆਪਣੇ ਗੁਰੂ ਤੋਂ ਮੁਨਕਰ ਹੋ ਚੁੱਕੇ ਹਾਂ। ਜਿੱਥੇ ਸਾਡੇ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਸਦੀਆਂ ਪਹਿਲਾਂ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਾ ਫਲਸਫਾ ਦਿੱਤਾ ਸੀ। ਅੱਜ ਮੈਂ ਲੀਡਰ ਆਫ ਆਪੋਜ਼ੀਸ਼ਨ ਦੀ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਸਾਨੂੰ ਬੈਠ ਕੇ ਇਸ ਪਵਿੱਤਰ ਸਦਨ ਵਿੱਚ ਸਿਰ ਜੋੜਨਾ ਪੈਣਾ ਹੈ ਕਿ ਅਸੀਂ ਕਿੱਥੇ ਸਾਹ ਲੈਣਾ ਹੈ। ਅਸੀਂ ਕਿੱਥੋਂ ਪਾਣੀ ਪੀਣਾ ਹੈ। ਕਿੱਥੋਂ ਪਾਣੀ ਬਚਾਉਣਾ ਹੈ। ਸਾਡੇ ਬਜ਼ੁਰਗ ਸਾਨੂੰ ਬਹੁਤ ਕੁਝ ਦੇ ਕੇ ਗਏ ਹਨ। ਗੱਲ ਜੇਕਰ ਦਰੱਖਤਾਂ ਦੀ ਚੱਲਦੀ ਹੈ ਤਾਂ ਉੱਥੇ ਵੀ ਅਸੀਂ ਕਹਿ ਦਿੰਦੇ ਹਾਂ ਕਿ ਅਸੀਂ ਮਾੜੇ ਹਾਂ। ਗੱਲ ਸਿਹਤ ਦੀ ਚੱਲੇ ਤਾਂ ਸਾਨੂੰ ਇਹ ਲੱਗਦਾ ਹੈ ਕਿ ਸਾਡੇ ਸਰਕਾਰੀ ਹਸਪਤਾਲਾਂ ਤੋਂ ਵਧੀਆਂ ਬਾਕੀ ਸਾਰੇ ਹਸਪਤਾਲ ਹਨ। ਜਿਹੜੀ ਮੈਡੀਕਲ ਦੀ ਪੜ੍ਹਾਈ ਲੋਕ ਇੱਥੇ ਕਰਨ ਆਉਂਦੇ ਸਨ ਤੇ ਹੁਣ ਸਾਨੂੰ ਲੱਗਦਾ ਹੈ ਕਿ ਆਪਣਾ ਬੱਚਾ ਅਸੀਂ ਬਾਹਰ ਭੇਜ ਦੇਈਏ। ਸਪੀਕਰ ਸਾਹਿਬ, ਅੱਜ ਭਗਵੰਤ ਮਾਨ ਜੀ ਦੀ ਅਗਵਾਈ ਵਿੱਚ ਸਾਰੇ ਪੰਜਾਬੀਆਂ ਨੇ 92 ਸੀਟਾਂ ਦੇ ਕੇ ਇੱਕ ਵਿਸ਼ਵਾਸ ਜਿਤਾਇਆ ਹੈ। ਅੱਜ ਮੈਂ ਇਹ ਗੱਲ ਪੂਰੇ ਮਾਣ ਨਾਲ ਕਹਿ ਸਕਦੀ ਹਾਂ ਕਿ ਚਾਹੇ ਘਰ ਕਿਸੇ ਕਾਂਗਰਸੀ ਵਰਕਰ ਦਾ ਸੀ ਚਾਹੇ ਕਿਸੇ ਅਕਾਲੀ ਵਰਕਰ ਦਾ ਸੀ ਉਸ ਘਰ ਵਿੱਚੋਂ ਵੀ ਇੱਕ ਜਾਂ ਦੋ ਵੋਟਾਂ ਮਾਨ ਸਾਹਿਬ ਦੇ ਹੱਕ ਵਿੱਚ ਜ਼ਰੂਰ ਪਈਆਂ ਹਨ। ਮਾਨ ਸਾਹਿਬ ਦੀ ਸਰਕਾਰ ਦਾ ਆਉਣਾ ਇਸ ਗੱਲ ਦੀ ਗਵਾਹੀ ਹੈ ਕਿ ਪੰਜਾਬ ਦੇ ਲੋਕ ਇੱਕ ਨਵੇਂ ਸੂਰਜ ਦਾ ਆਗਾਜ਼ ਕਰਨਾ ਚਾਹੁੰਦੇ ਹਨ। ਪੰਜਾਬ ਦੇ ਲੋਕ ਇੱਕ ਨਵੀਂ ਤਰ੍ਹਾਂ ਦੀ ਸਿਆਸਤ ਦਾ ਆਗਾਜ਼ ਕਰਨਾ ਚਾਹੁੰਦੇ ਹਨ। ਬਦਲਾਖੋਰੀ ਦੀ ਨੀਤੀ ਵਿੱਚੋਂ ਨਿਕਲਣਾ ਚਾਹੁੰਦੇ ਹਨ। ਜਿਹੜੀਆਂ ਇਹ ਸੰਕਟ ਜਾਂ ਚੁਣੌਤੀਆਂ ਸਿਸਟਮ ਵਿੱਚ ਪੈਦਾ ਕੀਤੀਆਂ ਹੋਈਆਂ ਹਨ ਇਸ ਨਾਲ ਸਾਡੇ ਹੀ ਵਿਦਿਆਰਥੀ ਪੜ੍ਹਾਈ ਤੋਂ ਭੱਜ ਰਹੇ ਹਨ। ਸਾਡੇ ਵਰਕਰ ਕੰਮ ਨਹੀਂ ਕਰਨਾ ਚਾਹੁੰਦੇ। ਪੰਜਾਬ ਦੇ ਇਸ ਸਿਸਟਮ ਵਿੱਚ

ਅਰਵਿੰਦ ਕੇਜਰੀਵਾਲ ਜੀ, ਭਗਵੰਤ ਮਾਨ ਜੀ ਅਤੇ ਸਮੁੱਚੀ ਆਮ ਆਦਮੀ ਪਾਰਟੀ ਦੀ ਟੀਮ ਆਪਣੀ ਵਿਰੋਧੀ ਧਿਰ ਨੂੰ ਨਾਲ ਲੈ ਕੇ ਇਸ ਸਿਸਟਮ ਨੂੰ ਦਰੁਸਤ ਕਰਨ ਦੇ ਲਈ ਪਹਿਲਕਦਮੀ ਕਰ ਰਹੀ ਹੈ। ਅਸੀਂ ਇਸ ਇਤਿਹਾਸਕ ਫੈਸਲੇ ਵੱਲ ਵਧ ਰਹੇ ਹਾਂ। ਇਹ ਪੰਜਾਬ ਵਿਧਾਨ ਸਭਾ ਦਾ ਪਹਿਲਾ ਬਜਟ ਹੋਵੇਗਾ ਜਿਸ ਵਿੱਚ ਵਿੱਤ ਮੰਤਰੀ ਸਾਹਿਬ ਜੀ ਡੀ.ਸੀ. ਸਾਹਿਬ ਤੋਂ, ਅਫਸਰ ਸਾਹਿਬਾਨਾਂ ਤੋਂ ਅਤੇ ਆਮ ਲੋਕਾਂ ਤੋਂ ਪੋਰਟਲ ਰਾਹੀਂ ਸਮੇਂ ਸਮੇਂ ਤੇ ਰਾਏ ਮੰਗ ਰਹੇ ਹਨ ਕਿ ਆਉ ਸਾਨੂੰ ਰਾਏ ਦੇਵੋ। ਸਾਡਾ ਜਿੰਨਾ ਪੈਸਾ ਹੈ ਉਹ ਤੁਹਾਡਾ ਹੈ। ਤੁਹਾਡੇ ਤੇ ਬਿਹਤਰ ਤਰੀਕੇ ਨਾਲ ਕਿਸ ਤਰ੍ਹਾਂ ਖਰਚਿਆ ਜਾਵੇ ਕਿਉਂਕਿ ਮੇਰਾ ਇਸ ਗੱਲ ਦਾ ਮੰਨਣਾ ਹੈ ਕਿ ਜਿਸਦੀਆਂ ਅੱਖਾਂ ਦੁਖਦੀਆਂ ਹਨ ਉਸ ਨੂੰ ਪੱਟੀ ਬੰਨ੍ਹਣ ਦਾ ਖੁਦ ਨੂੰ ਪਤਾ ਲੱਗਦਾ ਹੈ। ਕੱਲ੍ਹ ਜਦੋਂ ਬਜਟ ਆਵੇਗਾ ਤਾਂ ਉਹ ਲੋਕਾਂ ਦੀਆਂ ਆਸਾਂ ਤੇ ਖਰਾ ਉਤਰੇਗਾ। ਇਸ ਗੱਲ ਲਈ ਸਾਡੇ ਮੁੱਖ ਮੰਤਰੀ ਸਾਹਿਬ ਦੂਰ ਅੰਦੇਸ਼ੀ ਨਾਲ ਦ੍ਰਿੜ੍ਹ ਹੈ ਕਿ ਚਾਹੇ ਸਾਡਾ ਕੋਈ ਆਪਣਾ ਹੋਵੇ ਜਾਂ ਕੋਈ ਬੇਗਾਨਾ ਹੋਵੇ ਇੱਕ ਵੀ ਬੰਦਾ ਬਖਸ਼ਿਆ ਨਹੀਂ ਜਾਵੇਗਾ। 3 ਮਹੀਨਿਆਂ ਦੀ ਕਾਰਵਾਈ ਵਿੱਚ ਅਸੀਂ ਇਸ ਗੱਲ ਦੀ ਗਵਾਹੀ ਦੇ ਚੁੱਕੇ ਹਾਂ। ਅੱਜ ਸਾਰੇ ਸਦਨ ਨੂੰ ਇੱਕ ਸੱਦਾ ਹੈ ਕਿ ਸਾਨੂੰ ਰਲ ਮਿਲ ਕੇ ਰਾਜਪਾਲ ਜੀ ਦੇ ਭਾਸ਼ਣ ਵਿੱਚ ਪੰਜਾਬ ਨੂੰ ਲੈ ਕੇ ਅੱਗੇ ਵਧਣਾ ਹੋਵੇਗਾ ਜਿਸ ਵਿੱਚ ਸਭ ਦਾ ਸਤਿਕਾਰ ਹੋਵੇ। ਜਿੱਥੇ ਸਭ ਦਾ ਸਤਿਕਾਰ ਹੋਵੇ। ਅਜਿਹੇ ਪੰਜਾਬ ਵੱਲ ਅੱਗੇ ਵਧਣਾ ਪਵੇਗਾ ਜਿੱਥੇ ਹਰ ਲਈ ਰੁਜ਼ਗਾਰ ਹੋਵੇ।

ਕ੍ਰ.ਕ/ਮ.ਸ./5.20/24.06.2022

ਪਰ ਸਾਧਨ ਆਪਾਂ ਸਾਰਿਆਂ ਨੂੰ ਰਲ ਕੇ ਪੈਦਾ ਕਰਨੇ ਪੈਣਗੇ। ਜਿੱਥੇ ਤਰੱਕੀ ਦੇ ਵਿੱਚ ਲੋਕਾਂ ਦੀ ਭਾਗੀਦਾਰੀ ਹੋਵੇਗੀ। ਆਪਣੇ ਪਰਿਵਾਰਵਾਦ ਆਪਣੇ ਭਾਈ ਭਤੀਜਿਆਂ ਨੂੰ ਅਸੀਂ ਪਿੱਛੇ ਰੱਖਾਂਗੇ। ਜਿੱਥੇ ਹਰ ਕੋਈ ਅੱਗੇ ਵਧੇ। ਪੰਜਾਬ ਦਾ ਕਿਸਾਨ ਖੁਸ਼ਹਾਲ ਹੋਵੇ ਤੇ ਅਸੀਂ ਉਸ ਦਾ ਸਤਿਕਾਰ ਕਰੀਏ। ਅੱਜ ਅਸੀਂ ਰਲ-ਮਿਲ ਦੇ ਬਹੁਤ ਹੀ ਸਤਿਕਾਰਯੋਗ ਆਪੋਜ਼ੀਸ਼ਨ ਹੈ। ਬੜੇ ਇੰਟੈਲੀਜੈਂਟ ਮਾਈਂਡਜ਼ ਇੱਧਰ ਵੀ ਬੈਠਦੇ ਹਨ, ਮੀਡੀਆ ਵੀ ਸਾਨੂੰ ਸੁਣ ਰਿਹਾ ਹੈ। ਅੱਜ ਸਾਨੂੰ ਇੱਕ ਵਾਰ ਪੰਜਾਬ ਨੂੰ ਨੰਬਰ ਇੱਕ ਦਾ ਸੂਬਾ ਬਣਾਉਣ ਲਈ ਫਿਰ ਹੰਭਲਾ ਮਾਰਨਾ ਪਵੇਗਾ। ਸਭ ਤੋਂ ਪਹਿਲਾਂ ਤਾਂ ਸਾਨੂੰ ਇਹ ਸੋਚਣਾ ਪਵੇਗਾ ਕਿ ਅਸੀਂ ਪਛੜੇ ਕਿਉਂ? ਦੂਜਾ, ਇਹ ਸੋਚਣਾ ਪਵੇਗਾ ਜੇ ਆਪਾਂ ਪਛੜੇ ਹਾਂ ਤਾਂ ਕਮੀਆਂ ਨੂੰ ਦੂਰ ਕਰਕੇ ਇੱਕ ਵਾਰ ਫਿਰ ਪੰਜਾਬ ਨੂੰ ਨੰਬਰ ਇੱਕ ਦਾ ਸੂਬਾ ਬਣਾਈਏ। ਸਾਡਾ ਪੰਜਾਬ ਨਿਰਭੈ ਅਤੇ ਅਣਖ ਨਾਲ ਜਿਉ ਸਕੇ। ਮੈਂ ਤੁਹਾਡੇ ਸਾਰਿਆਂ ਦੇ ਅੱਗੇ ਹੱਥ ਜੋੜ ਕੇ ਬੇਨਤੀ ਕਰਦੀ ਹਾਂ ਕਿ ਪੰਜਾਬ ਦਾ ਹਰ ਵਸਨੀਕ ਆਪਣੀ ਸਾਰਿਆਂ ਦੀ ਵਿਧਾਨ ਸਭਾ ਦੀ ਜਿੰਦ-ਜਾਨ ਹੈ, ਜਿਨ੍ਹਾਂ ਦੇ ਸਿਰਾਂ ਤੇ ਜਿਨ੍ਹਾਂ ਦੇ ਅਸ਼ੀਰਵਾਦ ਦੇ ਨਾਲ ਆਪਾਂ ਇੱਥੇ ਪਹੁੰਚਦੇ ਹਾਂ। ਜੇ ਆਪਾਂ ਇੱਕ ਦੂਜੇ ਦੇ ਨਾਲ ਰਲ ਕੇ ਪੰਜਾਬ ਦੀ ਬਿਹਤਰੀ ਲਈ ਕੰਮ ਕਰਾਂਗੇ। ਜਿਸ ਤਰ੍ਹਾਂ ਸਾਡੇ ਰਾਜਪਾਲ ਜੀ ਨੇ ਆਪਣੇ ਭਾਸ਼ਣ ਦੇ ਵਿੱਚ ਕਿਹਾ ਹੈ, ਮੈਨੂੰ ਲਗਦਾ ਹੈ ਕਿ ਆਉਣ ਵਾਲੇ ਸਮੇਂ ਦੇ ਵਿੱਚ ਜਦੋਂ ਅਸੀਂ

ਨਹੀਂ ਰਹੇ ਤਾਂ ਲੋਕ ਗੱਲਾਂ ਕਰਿਆ ਕਰਨਗੇ ਕਿ ਇੱਕ ਐਸੀ ਵਿਧਾਨ ਸਭਾ ਵੀ ਆਈ ਸੀ ਜਿਨ੍ਹਾਂ ਨੇ ਪੰਜਾਬੀ ਸੂਬੇ ਨੂੰ ਉੱਪਰ ਚੁੱਕਣ ਦੇ ਲਈ ਬਹੁਤ ਯੋਗਦਾਨ ਕੀਤਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ।

## ANNOUNCEMENT BY THE SPEAKER

**ਮਾਨਯੋਗ ਸਪੀਕਰ:** ਮੈਂ ਇੱਕ ਅਨਾਊਂਸਮੈਂਟ ਕਰਨਾ ਚਾਹੁੰਦਾ ਹਾਂ ਕਿ ਮਾਨਯੋਗ ਲੀਡਰ ਆਫ ਆਪੋਜ਼ੀਸ਼ਨ ਸਾਹਿਬ ਨੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਦੇ ਵਿੱਚ ਇੱਕ ਰਿਪਰੈਜ਼ੈਂਟੇਸ਼ਨ ਦਿੱਤੀ ਸੀ। ਚੇਅਰ ਉਸ ਬਾਰੇ ਬਹੁਤ ਸੀਰੀਅਸ ਹੈ। ਸਾਰੇ ਮੈਂਬਰ ਸਾਹਿਬਾਨ ਦੇ ਮਾਣ ਇੱਜ਼ਤ ਦਾ ਖਿਆਲ ਰੱਖਣਾ ਸਾਡਾ ਫਰਜ਼ ਹੈ। ਜਿਸ ਦਿਨ ਇਨ੍ਹਾਂ ਨੇ ਸ਼ਿਕਾਇਤ ਦਿੱਤੀ ਸੀ, ਉਸ ਤੋਂ ਬਾਅਦ ਇਨ੍ਹਾਂ ਦੀ ਸ਼ਿਕਾਇਤ ਮੁੱਖ ਸਕੱਤਰ ਨੂੰ ਕਮੈਂਟਸ ਵਾਸਤੇ ਭੇਜ ਦਿੱਤੀ ਗਈ ਹੈ। ਉਸ ਤੋਂ ਬਾਅਦ ਜੋ ਵੀ ਕਾਰਵਾਈ ਬਣਦੀ ਹੋਈ, ਬਿਲਕੁਲ ਕੀਤੀ ਜਾਵੇਗੀ। ਤੁਹਾਡੇ ਜਿਹੜੇ ਪ੍ਰੀਵੇਲਿਜ ਹਨ, ਉਹ ਪੰਜਾਬ ਦੇ ਲੋਕਾਂ ਦੁਆਰਾ ਬਖਸ਼ੇ ਹੋਏ ਹਨ। ਸੋ, ਉਨ੍ਹਾਂ ਦੇ ਸੇਫ-ਗਾਰਡ ਲਈ ਹਮੇਸ਼ਾ ਇਹ ਚੇਅਰ ਹਾਜ਼ਰ ਰਹੇਗੀ।

ਹੁਣ ਮੈਂ ਬੇਨਤੀ ਕਰਦਾ ਹਾਂ ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਜੀ ਨੂੰ। ਉਹ ਹਾਊਸ ਵਿੱਚ ਨਹੀਂ ਹਨ। ਸਰਦਾਰ ਸੁਖਪਾਲ ਸਿੰਘ ਜੀ ਖਹਿਰਾ ਸਾਹਿਬ।

## MOTION OF THANKS AND DISCUSSION ON GOVERNOR'S ADDRESS *(Resumption)*

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਬਹੁਤ ਬਹੁਤ ਸ਼ੁਕਰੀਆ ਜੀ। ਜਿਸ ਤਰ੍ਹਾਂ ਕਿ ਸਾਡੀ ਸਤਿਕਾਰਯੋਗ ਭੈਣ ਜੀ ਬੋਲ ਰਹੇ ਸਨ ਕਿ ਅੱਜ ਪੰਜਾਬ ਇਸ ਵਕਤ ਜਿਸ ਮੁਕਾਮ ਤੇ ਖੜ੍ਹਾ ਹੈ, ਜੇ ਆਪਾਂ ਕਰਜ਼ੇ ਦੀ ਗੱਲ ਕਰ ਲਈਏ ਤਾਂ ਬਹੁਤ ਜ਼ਿਆਦਾ ਹੈ। ਜੇ ਗੌਰਮਿੰਟ ਬਹੁਤ ਇਮਾਨਦਾਰੀ ਨਾਲ ਵੀ ਚੰਗੇ ਕੰਮ ਕਰਨਾ ਚਾਹੇਗੀ ਤਾਂ ਉਹ ਕਰਜ਼ਾ ਇਨ੍ਹਾਂ ਦਾ ਹੱਥ ਬੰਨ੍ਹਦਾ ਹੈ। ਇਸ ਕਰਕੇ ਅੱਜ ਜ਼ਿਆਦਾ ਲੋੜ ਇਸ ਗੱਲ ਦੀ ਹੈ ਕਿ ਆਪਾਂ ਸਾਰੇ unite ਹੋਈਏ। ਮੈਨੂੰ ਪਤਾ ਹੈ ਕਿ ਕਈ ਵਾਰੀ ਇੱਕ ਦੂਜੇ ਤੋਂ ਕੁੱਝ ਗੱਲਾਂ ਕਹੀਆਂ ਜਾਂਦੀਆਂ ਹੈ, ਕਈ ਵਾਰੀ heat of the moment ਹੋ ਜਾਂਦੀਆਂ ਹਨ ਪਰ ਸਪੀਕਰ ਸਾਹਿਬ, ਤੁਸੀਂ ਯਕੀਨ ਕਰਨਾ ਕਿ ਇਧਰਲੇ ਪਾਸੇ ਵੀ ਮਨਸ਼ਾ ਇਹੀ ਹੈ ਕਿ ਅਸੀਂ ਸਰਕਾਰ ਦੇ ਨਾਲ ਪੂਰਾ ਕੋਆਪਰੇਟ ਕਰੀਏ। ਘੱਟੋ-ਘੱਟ ਜਿਹੜੇ ਸਭ ਦੇ ਸਾਂਝੇ ਮਸਲੇ ਹਨ, ਆਪਾਂ ਉਨ੍ਹਾਂ ਦਾ ਕੋਈ ਨਾ ਕੋਈ ਹੱਲ ਕੱਢ ਸਕੀਏ। ਜੇ ਪੂਰਾ ਹੱਲ ਨਹੀਂ ਕੱਢ ਸਕਦੇ ਤਾਂ ਪੰਜਾਬ ਦੇ ਉੱਤੇ ਜਿਹੜਾ ਬੋਝ ਹੈ ਕਮ-ਜ਼-ਕਮ ਉਸ ਨੂੰ ਘਟਾਇਆ ਜਾ ਸਕੇ। ਕਿਉਂਕਿ ਸਮੇਂ ਦੀ ਵੀ ਘਾਟ ਰਹਿਣੀ ਹੈ, ਤਾਂ ਮੈਂ ਚੰਦ ਮਸਲੇ ਜਿਹੜੇ ਕਿ ਬੜੇ

easily ਡਿਸਕਸ ਕੀਤੇ ਜਾ ਸਕਦੇ ਹਨ, ਜਿਨ੍ਹਾਂ ਦੇ financll implication ਨਹੀਂ ਆਉਂਦੀ, ਮੈਂ ਉਹ ਮਸਲੇ ਤੁਹਾਡੇ ਧਿਆਨ ਵਿੱਚ ਰੱਖਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਤੁਹਾਡੇ ਸਮੇਤ ਔਰ ਸਮੇਤ ਸਾਰੇ ਮੈਂਬਰਜ਼ ਦੇ ਜਦੋਂ ਤੁਸੀਂ ਵਿਰੋਧੀ ਧਿਰ ਵਿੱਚ ਸੀ, ਇਨ੍ਹਾਂ ਸਾਰੇ ਮਸਲਿਆਂ ਤੇ ਤਕਰੀਬਨ ਤਕਰੀਬਨ ਤੁਸੀਂ ਵੀ ਸਾਰੇ ਪਹਿਰਾ ਦਿੰਦੇ ਰਹੇ ਹੋ। ਸਭ ਤੋਂ ਪਹਿਲਾਂ ਮੈਂ ਗੱਲ ਸ਼ੁਰੂ ਕਰਦਾ ਹਾਂ, ਉਹ ਹੈ ਪੰਜਾਬ ਯੂਨੀਵਰਸਿਟੀ ਦੀ। ਜਿਸ ਤਰ੍ਹਾਂ ਬੀ.ਬੀ.ਐਮ.ਬੀ., ਉਸ ਤੋਂ ਪਹਿਲਾਂ ਬੀ.ਐਸ.ਐਫ ਦਾ ਦਾਇਰਾ ਵਧਾਉਣਾ ਔਰ ਉਸ ਤੋਂ ਬਾਅਦ ਚੰਡੀਗੜ੍ਹ ਦੇ ਇੰਪਲਾਈਜ਼ ਦੇ ਉੱਤੇ ਬੀ.ਜੇ.ਪੀ. ਨੇ unilateral ਨੋਟੀਫਿਕੇਸ਼ਨ ਇਸ਼ੂ ਕਰਕੇ ਚੰਡੀਗੜ੍ਹ ਦੇ ਉੱਤੇ ਜਿਹੜੇ ਸਾਡੇ ਅਧਿਕਾਰ ਹਨ, ਉਨ੍ਹਾਂ ਦੇ ਉੱਤੇ ਡਾਕਾ ਮਾਰਿਆ। ਬਿਲਕੁਲ ਉਸ ਤਰਜ਼ ਦੇ ਉੱਤੇ ਅੱਜ ਪੰਜਾਬ ਯੂਨੀਵਰਸਿਟੀ ਤੇ ਡਾਕਾ ਵੱਜਣ ਜਾ ਰਿਹਾ ਹੈ। ਹਾਈ ਕੋਰਟ ਵਿੱਚ ਕੇਸ ਚੱਲਦਾ ਸੀ। ਹਾਈ ਕੋਰਟ ਦੇ ਜੱਜ ਸਾਹਿਬ ਨੇ ਬੀ.ਜੇ.ਪੀ. ਨੂੰ ਇੱਕ ਰਾਹ ਦਿੱਤਾ ਹੋਇਆ ਹੈ, ਕਿ ਜਿਸ ਤਰ੍ਹਾਂ ਬਾਕੀ ਚੰਡੀਗੜ੍ਹ ਦੇ ਤੁਸੀਂ ਇੰਪਲਾਈਜ਼ ਟੇਕ ਆਵਰ ਕਰ ਲਏ ਹਨ, ਯੂਨੀਵਰਸਿਟੀ ਵੀ ਟੇਕ ਆਵਰ ਕਰ ਲਵੋ। Unfortunately I should not be discussing this. ਇਹ ਬਿਆਨ ਆਉਂਦੇ ਹੀ ਸਾਡੇ ਜਿਹੜੇ ਬੱਚੇ ਹਨ, ਹਾਲੇ ਪੁਲੀਟਿਕਲ ਪਾਰਟੀਆਂ ਤਾਂ ਉੱਥੇ ਪਹੁੰਚੀਆਂ ਨਹੀਂ।ਯੂਨੀਵਰਸਿਟੀ ਦੀ ਇੱਕ ਸਟੂਡੈਂਟ ਆਰਗੇਨਾਈਜ਼ੇਸ਼ਨ ਹੈ SATH. SATH ਵਿਦਿਆਰਥੀ ਜਥੇਬੰਦੀ ਨੇ ਬਣਾਈ ਹੈ ਸਟੂਡੈਂਟਸ ਯੂਨੀਅਨ ਲਲਕਾਰ। ਉਨ੍ਹਾਂ ਨੇ ਆਪਣੇ ਪ੍ਰੋਟੈਸਟ ਸ਼ੁਰੂ ਕੀਤੇ। ਉਹ ਤਕਰੀਬਨ ਸਾਰਿਆਂ ਕੋਲ ਗਏ। ਸਪੀਕਰ ਸਾਹਿਬ, ਤੁਹਾਡੇ ਕੋਲ ਵੀ ਗਏ। ਤੁਸੀਂ ਉਨ੍ਹਾਂ ਦਾ ਜੋ ਮਤਾ/ਚਿੱਠੀ ਹੈ, ਉਹ ਚੀਫ ਮਨਿਸਟਰ ਸਾਹਿਬ ਨੂੰ ਫਾਰਵਰਡ ਕੀਤੀ ਹੈ। ਇਹ ਬਹੁਤ ਹੀ premier institution ਹੈ। ਇਹ 1882 ਵਿੱਚ ਲਾਹੌਰ ਵਿੱਚ ਬਣੀ ਸੀ। ਪਾਰਟੀਸ਼ਨ ਵਿੱਚ ਚੰਡੀਗੜ੍ਹ ਵਿੱਚ ਆ ਗਈ। ਇਸ ਵਿੱਚ ਬਹੁਤ ਵੱਡਾ ਹਿੱਸਾ ਪੰਜਾਬ ਦਿੰਦਾ ਹੈ। ਹਰਿਆਣਾ ਕੋਈ ਵੀ ਪੈਸਾ ਨਹੀਂ ਦਿੰਦਾ, ਉਨ੍ਹਾਂ ਨੇ ਪੈਰ ਖਿੱਚ ਲਏ ਹਨ। It is no more inter state university. ਇਸ ਦੇ ਉੱਤੇ ਜਾਂ ਪੰਜਾਬ ਪੈਸਾ ਖਰਚਦਾ ਹੈ ਜਾਂ Government of India ਗ੍ਰਾਂਟ ਦਿੰਦੀ ਹੈ। ਹੁਣ ਜੇ ਆਪਾਂ ਸਾਰੇ ਇਕੱਠੇ ਹੋ ਕੇ ਇਸ ਦੇ ਉੱਤੇ ਪੂਰਨ ਤੌਰ ਤੇ ਇੱਕ ਰੈਜ਼ੋਲਿਊਸ਼ਨ ਵਿਧਾਨ ਸਭਾ ਵਿੱਚ ਲੈ ਕੇ ਆਈਏ। ਇਸ ਤੇ ਸਿਰਫ ਰੈਜ਼ੋਲਿਊਸ਼ਨ ਹੀ ਨਹੀਂ ਕਿਉਂਕਿ ਆਪਣੀ ਪਹਿਲੀ ਅਪ੍ਰੈਲ ਵਾਲਾ ਰੈਜ਼ੋਲਿਊਸ਼ਨ ਅਜੇ ਗਵਰਨਰ ਕੋਲ ਹੀ ਪਿਆ ਹੈ। ਸਪੀਕਰ ਸਾਹਿਬ, ਤੁਸੀਂ ਪਲੀਜ਼ ਇਸ ਤੇ ਉੱਤੇ ਚੀਫ ਮਨਿਸਟਰ ਸਾਹਿਬ, ਲੀਡਰ ਆਫ ਆਪੋਜ਼ੀਸ਼ਨ ਨੂੰ ਬਿਠਾ ਕੇ ਕੋਈ ਫੈਸਲਾ ਲਈਏ। ਇਹ ਬਹੁਤ ਇੰਪਾਰਟੈਂਟ ਹੈ। ਇਹ ਸਾਡਾ ਵਿਰਸਾ ਹੈ।

ਪ.ਸ./ਮ.ਸ਼./5.25/24.06.2022

ਇਹ ਸਾਡੀ ਹੋਂਦ ਹੈ। ਤੁਸੀਂ ਉੱਥੇ ਜਾ ਕੇ ਵੇਖੋਗੇ ਕਿ ਜਿਹੜਾ ਉਥੇ ਨਾਨ ਟੀਚਿੰਗ ਸਟਾਫ ਹੈ, ਓਸ ਵਿੱਚ ਸਾਰੇ ਗੈਰ ਪੰਜਾਬੀ ਹਨ। ਕੋਈ ਹਿਮਾਚਲ ਤੋਂ ਹੈ, ਕੋਈ ਹਰਿਆਣੇ ਤੋਂ ਹੈ ਕਿਉਂਕਿ ਕੋਈ ਸ਼ਰਤ ਹੀ ਨਹੀਂ ਹੈ। ਪੈਸੇ ਅਸੀਂ ਦੇ ਰਹੇ ਹਾਂ। ਪੰਜਾਬ ਯੂਨੀਵਰਸਿਟੀ ਦੇ ਨਾਲ 200 constituent colleges ਚਲ ਰਹੇ ਹਨ ਔਰ ਜਿਹੜਾ ਵਾਈਸ ਚਾਂਸਲਰ ਹੈ, he is an outsider. ਇਹ ਪਹਿਲੀ ਵਾਰ ਹੋਇਆ ਹੈ ਕਿ ਬਨਾਰਸ ਯੂਨੀਵਰਸਿਟੀ ਤੋਂ ਬੰਦਾ ਲਿਆ ਕੇ ਪੰਜਾਬ ਯੂਨੀਵਰਸਿਟੀ ਦਾ ਚਾਂਸਲਰ ਥੋਪ ਦਿੱਤਾ। ਮੇਰੇ ਖਿਆਲ ਵਿੱਚ ਉਸ ਨੂੰ ਬੀ.ਜੇ.ਪੀ. ਵਾਲੇ ਐਕਸਟੈਂਸ਼ਨ ਵੀ ਦੇਣ ਜਾ ਰਹੇ ਹਨ ਕਿਉਂਕਿ ਉਹ ਉਨ੍ਹਾਂ ਦਾ ਬੰਦਾ ਹੈ। It is pure attempt to saffronise the university. ਜਿਸ ਦੇ ਭਗਵਾਂਕਰਨ ਕਰਨ ਦੇ ਨਾਲ ਸਾਡੇ ਬੱਚਿਆਂ ਦੀ ਪੜ੍ਹਾਈ ਅਤੇ ਭਵਿੱਖ ਤੇ ਅਸਰ ਪਵੇਗਾ। ਮੈਨੂੰ ਉਮੀਦ ਹੈ ਕਿ ਇਹ ਮੁੱਦਾ ਸਿਰਫ ਗੱਲਾਂ ਦੇ ਵਿੱਚ ਹੀ ਨਹੀਂ ਰਹਿ ਜਾਵੇਗਾ। ਜਿਸ ਤਰ੍ਹਾਂ ਤੁਸੀਂ ਕਿਹਾ ਹੈ ਕਿ ਪ੍ਰੀਵਿਲੇਜਿਜ ਦੇ ਉੱਤੇ ਤੁਸੀਂ ਇਸ ਗੱਲ ਦਾ ਨੋਟਿਸ ਲੈ ਰਹੇ ਹੋ। ਇਹ ਬਹੁਤ ਹੀ ਇੰਪਾਰਟੈਂਟ ਮਸਲਾ ਹੈ। ਸਪੀਕਰ ਸਾਹਿਬ, ਇਸ ਸੈਸ਼ਨ ਦੇ ਵਿੱਚ ਹੀ ਇਸ ਯੂਨੀਵਰਸਿਟੀ ਦੇ ਮੁਤੱਲਕ ਸਾਰੀਆਂ ਹੀ ਪਾਰਟੀਆਂ ਇੱਕ ਸਾਂਝੀ ਆਵਾਜ਼ ਉਠਾਓ। ਕੋਈ ਡੈਲੀਗੇਸ਼ਨ, ਡੈਪੂਟੇਸ਼ਨ ਜਿੱਥੇ ਸਾਡੇ ਜਾਣ ਦੀ ਲੋੜ ਹੈ ਅਸੀਂ ਤੁਹਾਡੇ ਨਾਲ ਇਸ ਗੱਲ ਲਈ ਚਲਾਂਗੇ। ਗੁਰਬਾਣੀ ਵਿੱਚ ਅਕਸਰ ਅਨੰਦ ਸਾਹਿਬ ਦੇ ਸਲੋਕਾਂ ਦੇ ਵਿੱਚ ਆਉਂਦਾ ਹੈ ਕਿ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਇਹ ਪਹਿਲਾਂ ਵੀ ਕੋਟ ਹੋਇਆ ਸੀ।

**ਮਾਨਯੋਗ ਸਪੀਕਰ:** ਜਪੁਜੀ ਸਾਹਿਬ ਵਿਚ ਆਉਂਦਾ ਹੈ, ਖਹਿਰਾ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਮੈਂ ਮੱਤੇਵਾੜੇ ਦੇ ਜੰਗਲਾਂ ਸਬੰਧੀ ਗੱਲ ਕਰਨਾ ਚਾਹੁੰਦਾ ਹਾਂ। unfortunately, ਪਿਛਲੀ ਸਰਕਾਰ ਨੇ ਪਿੰਡ ਮੱਤੇਵਾੜਾ ਅਤੇ ਸੇਖੋਵਾਲ ਨੇੜੇ ਇੱਕ ਇੰਡਸਟਰੀਅਲ ਪਾਰਕ ਪਲਾਨ ਕੀਤਾ। ਇਹ ਸਤਲੁਜ ਦੇ ਕੰਢੇ ਲੁਧਿਆਣੇ ਜ਼ਿਲ੍ਹੇ ਵਿੱਚ ਹਨ। ਇਸ ਦੇ ਨਾਲ ਤਿੰਨ ਜੰਗਲ ਜਸਪਾਲ ਕਾਦਰ, ਮਤੇਵਾੜਾ ਫਾਰੈਸਟ, ਅਤੇ ਹੈਦਰ ਨਗਰ ਲੱਗਦੇ ਹਨ। ਜਿਹੜੀ 400 ਕਿੱਲਾ ਦੀ ਜ਼ਮੀਨ ਪਿੰਡ ਸੇਖੋਵਾਲ ਵਿੱਚ ਐਕੁਆਇਰ ਕੀਤੀ ਹੈ ਮੇਰੇ ਖਿਆਲ ਦੇ ਵਿੱਚ ਤੁਸੀਂ ਵੀ ਅਤੇ ਸਾਰਿਆਂ ਨੇ ਪਿਛਲੀ ਸਰਕਾਰ ਵੇਲੇ visit ਕੀਤਾ ਹੋਣਾ ਹੈ। ਇਸ ਜਗ੍ਹਾ ਤੇ ਸਰਕਾਰ ਧੱਕੇ ਦੇ ਨਾਲ ਇੰਡਸਟਰੀਅਲ ਪਾਰਕ, ਟੈਕਸਟਾਈਲ ਪਾਰਕ ਲਗਾ ਰਹੀ ਹੈ। ਇੱਕ ਪਾਸੇ ਅਸੀਂ ਕਹਿੰਦੇ ਹਾਂ ਕਿ ਸਾਨੂੰ ਆਬੋ ਹਵਾ ਪਾਣੀ ਠੀਕ ਚਾਹੀਦਾ ਹੈ ਅਤੇ ਦੂਜੇ ਪਾਸੇ ਅਸੀਂ ਸਤਲੁਜ ਦੇ ਕੰਢੇ ਤੇ ਇੰਡਸਟਰੀਅਲ ਪਾਰਕ ਬਣਾ ਦੇਵਾਂਗੇ, ਫੈਕਟਰੀਆਂ ਲੱਗਾ ਦੇਵਾਂਗੇ ਤਾਂ ਸਾਰਾ ਵੇਸਟੇਜ ਪਾਣੀ ਦੇ ਵਿੱਚ ਜਾਵੇਗਾ ਅਤੇ ਜਿਵੇਂ ਬੁੱਢੇ ਨਾਲੇ ਦਾ ਪਾਣੀ ਪੀ ਕੇ ਲੋਕ

ਬੀਮਾਰ ਹੋ ਰਹੇ ਹਨ, ਕੈਂਸਰ ਫੈਲ ਰਿਹਾ ਹੈ। ਇਹ ਵੀ ਇੱਕ ਇੰਪਾਰਟੈਂਟ activist ਦਾ ਇਸ਼ੂ ਹੈ। ਜਿਹੜੇ ਲੋਕ ਇਸ ਗੱਲ ਨਾਲ ਜੁੜੇ ਹੋਏ ਹਨ, worldwide ਦੇ ਜਿਹੜੇ enviornmentalists ਹਨ, ਉਨ੍ਹਾਂ ਦਾ ਧਿਆਨ ਇਸ ਇਸ਼ੂ ਦੇ ਉੱਤੇ ਹੈ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਤੁਸੀਂ ਵੀ ਇਸ ਇਸ਼ੂ ਤੇ ਜ਼ਰੂਰ ਧਿਆਨ ਦੇਵੋਗੇ।

ਸਪੀਕਰ ਸਾਹਿਬ, ਲੀਡਰ ਆਫ ਆਪੋਜੀਸ਼ਨ ਨੇ ਬੇਅਦਬੀ ਦੀ ਗੱਲ ਕੀਤੀ ਹੈ that is common, social and religious matter. ਇਹ ਕੋਈ ਇੱਕ ਧਰਮ ਜਾਂ ਇੱਕ ਵਿਅਕਤੀ ਨਾਲ ਸਬੰਧਿਤ ਨਹੀਂ ਹੈ। ਜਿੰਨੇ ਵੀ ਗੁਰੂ ਨਾਮ ਲੇਵਾ ਨਾਲ ਤੁਅੱਲਕ ਰੱਖਦੇ ਹਨ, ਉਹ ਸਾਰੇ ਇਸ ਸਬੰਧੀ ਚਿੰਤਤ ਹਨ ਕਿ ਗੁਰੂ ਸਾਹਿਬ ਦੀ ਬੇਅਦਬੀ ਹੋਏ ਨੂੰ 7/8 ਸਾਲ ਹੋ ਗਏ ਹਨ ਅਤੇ ਕੁਝ ਨਹੀਂ ਹੋ ਰਿਹਾ। ਪਿਛਲੀਆਂ ਸਰਕਾਰਾਂ ਨੇ ਜੇਕਰ ਕੁਝ ਗਲਤ ਕੀਤਾ ਹੈ ਤਾਂ ਉਨ੍ਹਾਂ ਨੂੰ ਸਜ਼ਾ ਮਿਲ ਗਈ ਹੈ। ਆਪਾਂ ਜੇ ਇਹ ਹੀ ਕਹੀ ਜਾਈਏ ਕਿ ਤੂੰ ਗਲਤ ਕੀਤਾ, ਤੂੰ ਗਲਤ ਕੀਤਾ ਤਾਂ ਕੋਈ ਫਾਇਦਾ ਨਹੀਂ। Two wrongs don't make a right. ਇਹ responsibility ਹੁਣ ਤੁਹਾਡੇ ਕੋਲ ਆ ਗਈ ਹੈ। ਇੱਕ ਤੁਹਾਡੇ ਐਮ.ਐਲ.ਏ. ਬੈਠੇ ਹਨ ਜੋ ਅੰਮ੍ਰਿਤਸਰ ਤੋਂ ਹਨ, ਜਿਨ੍ਹਾਂ ਨੇ SIT ਹੈੱਡ ਕੀਤੀ। (ਘੰਟੀ) । ਸਪੀਕਰ ਸਾਹਿਬ ਇਹ ਤਾਂ ਕੁਝ ਨਹੀਂ। 2/3 ਮਿੰਟ ਵੀ ਨਹੀਂ ਮਿਲੇ ।

**ਮਾਨਯੋਗ ਸਪੀਕਰ:** ਅਜੇ ਟਾਈਮ ਹੈਗਾ ਹੈ ਜੀ। ਇੱਕ ਮਿੰਟ ਹੈ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਸਪੀਕਰ ਸਾਹਿਬ, ਜਿਹੜੀ ਪਿਛਲੀ ਸਰਕਾਰ ਸਮੇਂ SIT ਬਣੀ ਸੀ. He was not heading the SIT. ਜਿਹੜੇ ਬੰਦਿਆਂ ਨੇ ਐਸ.ਆਈ.ਟੀ ਬਣਾਈ ਸੀ, ਉਨ੍ਹਾਂ ਨੇ ਤਾਂ ਜਵਾਬ ਦੇ ਦਿੱਤਾ ਕਿ ਅਸੀਂ ਤਾਂ ਤਹਿਕੀਕਾਤ ਕਰਨੀ ਹੀ ਨਹੀਂ। ਉਸ ਐਸ.ਆਈ.ਟੀ ਤੋਂ ਤਾਂ ਤਿੰਨ ਅਫਸਰ ਪਲਾ ਛੁਡਾ ਕੇ ਹੀ ਭੱਜ ਗਏ। ਇਕੱਲੇ ਕੁੰਵਰ ਵਿਜੇ ਪ੍ਰਤਾਪ ਜੀ ਨੇ ਹੀ ਐਸ.ਆਈ.ਟੀ ਦੇ ਵਿੱਚ ਪੰਜ ਜਾਂ ਛੇ ਚਲਾਨ ਪੇਸ਼ ਕੀਤੇ ਔਰ ਉਸ ਤੋਂ ਬਾਅਦ ਜੋ ਤੁਹਾਡੀ ਪਾਰਟੀ ਦੇ ਪ੍ਰੈਜ਼ੀਡੈਂਟ ਨੇ, ਦਿੱਲੀ ਵਾਲੇ ਪ੍ਰਧਾਨ ਸਾਹਿਬ ਨੇ ਕਿਹਾ ਕਿ 24 ਘੰਟਿਆਂ ਦੇ ਵਿੱਚ, ਚਲੋ 24 ਘੰਟੇ ਤਾਂ ਛੱਡੋ, It is a quote. ਅਸੀਂ ਇਹ ਕਹਿ ਦਿੰਦੇ ਹਾਂ ਕਿ ਛੇਤੀ ਇਹ ਕਰ ਦਿਆਂਗੇ 24 ਘੰਟੇ ਵੀ ਛੱਡੋ, 6 ਮਹੀਨੇ ਵੀ ਛੱਡੋ ਹੋਰ ਜਿਨ੍ਹਾਂ ਸਮਾਂ ਤੁਹਾਨੂੰ ਚਾਹੀਦਾ ਹੈ ਲੈ ਲਓ, ਬੇਅਦਬੀ ਦਾ ਮਸਲਾ ਹੱਲ ਹੋਣਾ ਚਾਹੀਦਾ ਹੈ। ਬਹਿਬਲ ਕਲਾਂ ਦੇ ਵਿੱਚ 2 ਬੱਚੇ ਮਰੇ ਹਨ ਔਰ ਜਿਹੜੇ ਲੋਕਾਂ ਨੇ ਐਸ.ਆਈ.ਟੀ ਦਰਕਿਨਾਰ ਕੀਤੀ, ਜਿਨ੍ਹਾਂ ਨੇ ਜਵਾਬ ਦੇ ਦਿੱਤਾ ਕਿ ਅਸੀਂ ਕਰਨਾ ਹੀ ਕੁਝ ਨਹੀਂ।

**24.6.22/ਜਸਪਾਲ/5.30/ਜੈਨ**

ਉਨ੍ਹਾਂ ਨੂੰ ਬਹੁਤ ਵੱਡੀਆਂ ਟਾਪ ਪੁਜ਼ੀਸ਼ਨਜ਼ ਦਿੱਤੀਆਂ, ਕਮਿਸ਼ਨਰ ਇਕ ਸ਼ਹਿਰ ਦਾ ਲਗਾਇਆ ਔਰ ਇਕ ਨੂੰ ਇੰਟੈਲੀਜੈਂਸ ਦਾ ਹੈੱਡ ਬਣਾਇਆ ਹੈ ਜਿਨ੍ਹਾਂ ਬੰਦਿਆਂ ਨੇ ਐਸ.ਆਈ.ਟੀ. ਵਿਚ ਕੋਆਪਰੇਟ ਨਹੀਂ ਕੀਤਾ, ਜਿਨ੍ਹਾਂ ਨੇ ਕਿਹਾ ਕਿ ਅਸੀਂ ਬੇਅਦਬੀਆਂ ਦੇ ਮਸਲੇ ਉਤੇ ਇੰਟਰਸਟਿਡ ਹੀ ਨਹੀਂ ਹਾਂ। ਸੋ, ਇਸ ਵਿਚ ਤੁਹਾਡੀ ਸਰਕਾਰ ਦੀ ਜਿਹੜੀ ਸੀਰੀਅਸਨੈਸ ਹੈ, ਉਹ ਬਹੁਤ ਇੰਪਾਰਟੈਂਟ ਹੈ, ਇਸ ਬਾਰੇ ਲੋਕ ਉਡੀਕ ਰਹੇ ਹਨ। ਪੰਜਗਰਾਈਂ ਕਲਾਂ ਦੇ ਜਸਵਿੰਦਰ ਤੇ ਰੁਪਿੰਦਰ ਦੋ ਭਰਾ ਜਿਨ੍ਹਾਂ ਦੇ ਪਿਛਲੀ ਸਰਕਾਰਾਂ ਨੇ ਚੱਢੇ ਫਾੜ ਦਿੱਤੇ ਸੀ ਔਰ ਉਸ ਵੇਲੇ ਦੇ ਡਿਪਟੀ ਚੀਫ ਮਨਿਸਟਰ, ਸੁਖਬੀਰ ਸਿੰਘ ਬਾਦਲ ਨੇ ਫੇਕ, ਥਰਡ ਡਿਗਰੀ ਟਾਰਚਰ ਕਰ ਕਰਕੇ ਉਨ੍ਹਾਂ ਨੂੰ ਧੱਕੇ ਨਾਲ ਮਨਾ ਲਿਆ ਕਿ ਹਾਂ ਅਸੀਂ ਬੇਅਦਬੀਆਂ ਕੀਤੀਆਂ ਹਨ, ਐਲਾਨ ਕਰ ਦਿੱਤਾ ਕਿ ਅਸੀਂ ਗੁਰਦੁਆਰਾ ਨਾਢਾ ਸਾਹਿਬ ਮੱਥਾ ਟੇਕਣ ਚਲੇ ਸੀ, ਉਸ ਤੋਂ ਬਾਅਦ ਦੁਨੀਆਂ ਭਰ ਦੇ ਲੋਕਾਂ ਨੇ ਕਿਹਾ ਕਿ ਇਹ ਤਾਂ ਆਪ ਅੰਮ੍ਰਿਤਧਾਰੀ ਹਨ, ਤੁਸੀਂ ਤਾਂ ਇਨ੍ਹਾਂ ਦੇ ਮਗਰ ਹੀ ਪੈ ਗਏ ਹਨ। ਸੋ, ਬੇਅਦਬੀਆਂ ਅੱਜ ਵੀ ਮਸਲਾ ਹੈ, ਇਹ ਮਸਲਾ ਪੁਲੀਟੀਕਲ ਨਹੀਂ ਹੈ, ਕੁਝ ਲੋਕ ਕਹਿੰਦੇ ਹਨ ਕਿ ਤੁਸੀਂ ਰਾਜਨੀਤੀ ਕਰਦੇ ਹੋ, ਜਦੋਂ ਤੱਕ ਅਸੀਂ ਬੋਲਾਂਗੇ ਨਹੀਂ ਤਾਂ ਕੌਣ ਬੋਲੇਗਾ । ਮੂਸੇਵਾਲਾ ਬਾਰੇ ਕਹਿੰਦੇ ਹਨ ਕਿ ਤੁਸੀਂ ਰਾਜਨੀਤੀ ਕਰਦੇ ਹੋ, ਇੱਕ ਬੰਦਾ ਮਾਰਿਆ ਗਿਆ, ਉਸ ਦੇ 25 ਗੋਲੀਆਂ ਮਾਰ ਦਿੱਤੀਆਂ, ਦੁਨੀਆ ਭਰ ਦੇ ਸਭ ਤੋਂ ਬਿਹਤਰੀਨ ਕਲਾਕਾਰ, ਸਾਡੇ ਵਿਚੋਂ ਕਿੰਨੇ ਕੁ ਬੱਚੇ ਹਨ ਜਿਹੜੇ 28-29 ਸਾਲ ਦੀ ਉਮਰ ਵਿੱਚ ਇਥੇ ਪਹੁੰਚ ਸਕਦੇ ਹਨ, it is not about politics, ਹਾਂ ਕਹਿਣ ਵਾਸਤੇ ਹੈ ਕਿ ਤੁਸੀਂ ਕਿਸੇ ਨੂੰ ਟੋਕਣਾ ਹੈ, ਪਰ ਇਨਸਾਫ ਦੀ ਲੜਾਈ ਵਿਚ ਸਪੀਕਰ ਸਾਹਿਬ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਦਾ ਮਸਲਾ ਬਹੁਤ ਅਹਿਮ ਔਰ ਉਪਰ ਹੈ। ਕਿਸਾਨਾਂ ਦੀ ਆਤਮ ਹੱਤਿਆ...(ਘੰਟੀ) ਫਿਰ ਸਾਂਝਾ ਮਸਲਾ, ਇਥੇ ਜਿੰਨੇ ਬੈਠੇ ਹਨ, ਸਾਰੇ ਕਿਸਾਨ ਬੈਠੇ ਹਨ...

**ਮਾਨਯੋਗ ਸਪੀਕਰ :** ਸਰਦਾਰ ਬਰਿੰਦਰਮੀਤ ਸਿੰਘ ਪਾਹੜਾ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇਸ ਤਰ੍ਹਾਂ ਨਾ ਕਰੋ। (ਵਿਘਨ) ਇੱਕ ਮਿੰਟ ਮੇਰਾ ਮਾਈਕ ਆਨ ਕਰੋ।

**ਮਾਨਯੋਗ ਸਪੀਕਰ :** ਸਮਾਂ ਨਹੀਂ ਹੈ, ਤੁਹਾਡਾ ਸਮਾਂ ਹੋ ਗਿਆ ਹੈ। ਬੱਸ ਜੀ। ਸਮਾਂ ਹੋ ਗਿਆ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇੱਕ ਮਿੰਟ ਲਈ ਮਾਈਕ ਆਨ ਕਰਿਉ। ਤੁਹਾਡੀ ਤਾਰੀਫ ਹੀ ਕਰਨੀ ਹੈ।

**ਮਾਨਯੋਗ ਸਪੀਕਰ:** ਸਮਾਂ ਹੋ ਗਿਆ ਜੀ, ਬੈਠੋ ਜੀ। ਹੋ ਗਿਆ ਜੀ, ਪਲੀਜ਼ ਬਹਿ ਜਾਉ। ਤੁਸੀਂ ਉਨ੍ਹਾਂ ਦਾ ਟਾਈਮ ਲੈ ਰਹੇ ਹੋ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਬੈਠੇ ਬੈਠੇ) :** ਦੇ ਦਿਉ, ਦੇ ਦਿਉ, ਮੇਰਾ ਇੱਕ ਮਿੰਟ ਇਨ੍ਹਾਂ ਨੂੰ ਦੇ ਦਿਉ।

**ਮਾਨਯੋਗ ਸਪੀਕਰ:** ਤੁਹਾਡਾ ਟਾਈਮ ਦੇ ਦੇਈਏ?(ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਨੂੰ ਪੁੱਛਦੇ ਹੋਏ।)

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਬੈਠੇ ਬੈਠੇ) :** ਸਪੀਕਰ ਸਾਹਿਬ, ਮੇਰਾ ਇੱਕ ਮਿੰਟ ਘਟਾ ਦਿਉ।

**ਮਾਨਯੋਗ ਸਪੀਕਰ:** ਠੀਕ ਹੈ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਫਿਰ ਆਪਾਂ ਸਦਨ ਦਾ ਜ਼ਿਆਦਾ ਟਾਈਮ ਕਿਉਂ ਮੰਗਦੇ ਸੀ ਪਿਛਲੀ ਵਾਰੀ, then come out and say ਕਿ ਅਸੀਂ ਗਲਤ ਸੀ। ਅਸੀਂ ਬਿਲਕੁਲ ਨਹੀਂ ਚਾਹੁੰਦੇ ਕਿ ਇਸ ਸਦਨ ਵਿਚ ਕੋਈ ਗੱਲ ਹੋਵੇ। ਸਪੀਕਰ ਸਾਹਿਬ, ਤੁਸੀਂ ਜ਼ੀਰੋ ਆਵਰ ਹੀ ਖਤਮ ਕਰ ਦਿੱਤਾ। ਮੈਂ ਤੁਹਾਡੀ ਬਹੁਤ ਰਿਸਪੈਕਟ ਕਰਦਾ ਹਾਂ you are very honest and a good person ਪਰ ਤੁਸੀਂ ਜ਼ੀਰੋ ਆਵਰ ਤਾਂ ਨਾ ਖੋਹਵੋ, ਇਸ ਬਹਾਨੇ ਕਿ ਰੌਲਾ ਪੈ ਰਿਹਾ ਹੈ, ਪਹਿਲਾਂ ਇਥੇ ਕਿੰਨਾ ਰੌਲਾ ਪੈਂਦਾ ਸੀ, ਕਈ ਕਈ ਘੰਟੇ ਇੱਥੇ ਜਾਮ ਰਿਹਾ ਸੀ, ਉਥੇ ਵੀ ਉਤੇ ਨੂੰ ਜਾ ਕੇ ਵੀ ਚੜ੍ਹੇ ਹਨ। ਭੈਣ ਜੀ, ਇਸ ਤਰ੍ਹਾਂ ਕਰੋ। (ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਵੱਲ ਇਸ਼ਾਰਾ) let me speak. ਸਪੀਕਰ ਸਾਹਿਬ, ਮੇਰੀ ਤੁਹਾਨੂੰ ਬੇਨਤੀ ਹੈ ਕਿ ਜਿਹੜੇ ਪ੍ਰੈਸੀਡੈਂਟ ਬਣੇ ਹੋਏ ਹਨ, ਬੜੀ ਮੁਸ਼ਕਲ ਦੇ ਨਾਲ ਆਪੋਜ਼ੀਸ਼ਨ ਦੇ ਕੋਲ ਥੋੜ੍ਹੇ ਸਮੇਂ ਮਿਲਦੇ ਹਨ, ਕੁਐਸਚਨ ਆਵਰ ਵਗੈਰਾ ਨੂੰ ਮਿਲਦੇ ਹਨ, ਪਲੀਜ਼ ਤੁਸੀਂ ਉਨ੍ਹਾਂ ਨੂੰ don't take it away from us, that's our right.

**Mr. Speaker:** Trust me, Trust me.

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਰ, ਲਾਸਟ ਗੱਲ ਕਹਿਣ ਲੱਗਾ ਹਾਂ। ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੀ ਗੱਲ ਕਹਿਣਾ ਲੱਗਾ ਹਾਂ। ਪਹਿਲਾਂ ਤਾਂ ਮੈਂ ਸਮਝਦਾ ਸੀ ਕਿ ਇੱਕ ਲੱਖ ਕਰੋੜ ਰੁਪਿਆ ਇੰਸਟੀਚਿਊਸ਼ਨਲ ਅਤੇ ਆੜ੍ਹਤੀਆਂ ਦਾ ਕਰਜ਼ਾ ਹੈ, ਮਤਲਬ ਬੈਂਕਾਂ ਤੇ ਆੜ੍ਹਤੀਆਂ ਦਾ ਹੈ। ਹੁਣ ਲੇਟੈਸਟ ਰਿਸਰਚ ਨਾਲ ਪਤਾ ਲੱਗਿਆ ਹੈ ਕਿ ਇੱਕ ਲੱਖ ਕਰੋੜ ਰੁਪਿਆ ਇਕੱਲਾ ਬੈਂਕਾਂ ਦਾ ਕਰਜ਼ਾ ਕਿਸਾਨਾਂ ਉਤੇ ਚੜ੍ਹ ਗਿਆ ਹੈ ਔਰ ਇਸ ਨਾਲ ਕਿਹੜੇ ਜ਼ਿਲ੍ਹੇ ਪੀੜ੍ਹਤ ਹਨ, ਉਨ੍ਹਾਂ ਵਿਚ ਸੰਗਰੂਰ, ਮਾਨਸਾ, ਬਰਨਾਲਾ, ਬਠਿੰਡਾ, ਸਭ ਤੋਂ ਜ਼ਿਆਦਾ ਇਥੇ ਹਨ। ਮੇਰਾ ਖਿਆਲ ਹੈ ਕਿ ਇਸ ਸਰਕਾਰ ਦੇ ਸਮੇਂ ਵਿਚ ਵੀ ਕੋਈ 42 ਜਾਂ 43 ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਅਸੀਂ ਜਵਾਨਾਂ ਨੂੰ ਤਾਂ ਤਰਜੀਹ ਦਿੰਦੇ ਹਾਂ, ਦੇਣੀ ਚਾਹੀਦੀ ਹੈ, ਬਾਰਡਰਾਂ ਉਤੇ ਰਾਖੀ ਕਰਦੇ ਹਨ, ਕਰੋੜ ਰੁਪਿਆ ਦੇਣਾ, ਡੈਫੀਨੇਟਲੀ ਦੇਣਾ ਚਾਹੀਦਾ ਹੈ ਪਰ ਇਨ੍ਹਾਂ ਦੇ ਪੁੱਤ ਹੀ ਬਾਰਡਰਾਂ ਉਤੇ ਬੈਠਦੇ ਹਨ ਲੇਕਿਨ ਬੀ.ਜੇ.ਪੀ. ਦੇ ਵਪਾਰੀ ਆਦਮੀ ਦਾ ਬੱਚਾ ਬਾਰਡਰਾਂ ਦੇ

ਉਤੇ ਰਾਖੀ ਕਰਦਾ ਹੈ? ਦੱਸਿਉ, ਮੈਨੂੰ ਜ਼ਰਾ। ਇਹ ਪੇਂਡੂ ਲੋਕ ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਪੰਜਾਬ ਦੇ ਹਨ, ਸਪੀਕਰ ਸਾਹਿਬ, ਜਦੋਂ ਇਨ੍ਹਾਂ ਦਾ ਕੁਝ ਹੁੰਦਾ ਹੈ ਤਾਂ ਉਸ ਵਾਸਤੇ ਕੋਈ ਨੀਤੀ ਬਣਾਉ, ਇਨ੍ਹਾਂ ਵਿਚਾਰਿਆਂ ਦਾ ਮਸਲਾ ਹੱਲ ਕਰੋ, ਚਲੋ ਕੋਈ ਜੇ ਆਪਣੀ ਜਾਨ ਗਵਾ ਹੀ ਬੈਠੇ ਹਨ ਤਾਂ ਫਿਰ there has got to be some compensation in some form and some security of life should be given to them.

ਨਸ਼ੇ, ਨਸ਼ਾ ਫਿਰ ਕਾਮਨ ਫੈਕਟਰ ਹੈ, ਮੈਂ ਕਿਸੇ ਨੂੰ ਇਲਜ਼ਾਮ ਨਹੀਂ ਦੇਣ ਲੱਗਿਆ, mind you ਅਰੋੜਾ ਜੀ, ਤੁਸੀਂ ਪੜ੍ਹ ਰਹੇ ਸੀ about these figures. N.D.P.S. ਦੇ ਤਹਿਤ ਪਰਚੇ ਦਰਜ ਕਰਨ ਨਾਲ ਨਸ਼ਾ ਖਤਮ ਨਹੀਂ ਹੁੰਦਾ। ਮੈਂ 78 ਦਿਨ ਪਟਿਆਲਾ ਵਿਖੇ ਜੇਲ੍ਹ ਵਿਚ ਰਿਹਾ ਹਾਂ, ਉਸ ਵਿਚ ਸਭ ਤੋਂ ਜ਼ਿਆਦਾ ਲੋਕ ਐਨ ਡੀ.ਪੀ.ਐਸ. ਤੋਂ ਪੀੜ੍ਹਤ ਹਨ ਔਰ ਅੱਧੇ ਪਚੱਧੇ ਬੇਗੁਨਾਹ ਹਨ, ਜਿਹੜੇ ਕਨਜ਼ਿਊਮਰ ਹਨ, ਛੋਟੇ ਪੱਧਰ ਦੇ ਬੰਦੇ ਹਨ, ਜਿਹੜੇ ਵਿਚਾਰੇ ਕੋਈ ਆਦੀ ਹੋ ਗਏ, ਜਿਹੜੇ ਨਹੀਂ ਰਹਿ ਸਕਦੇ, ਕਿਸੇ ਨੂੰ ਗਰਾਮ ਪਾ ਦਿੱਤੀ, ਪੁਲਿਸ ਨੇ ਪਰਚੇ ਦਰਜ ਕਰਕੇ ਦਿਖਾ ਦਿੱਤਾ ਕਿ ਕੰਮ ਬਹੁਤ ਚੁੱਕ ਦਿੱਤਾ ਪਰ ਸਪੀਕਰ ਸਾਹਿਬ, ਪੰਜਾਬ ਵਿਚ ਨਸ਼ੇ ਹਾਲੇ ਵੀ ਹਨ, ਹਾਲੇ ਵੀ ਬੱਚੇ ਮਰ ਰਹੇ ਹਨ, again ਉਨ੍ਹਾਂ ਦੀ ਫਿਗਰ ਵੀ ਪਿਛਲੇ ਦਿਨਾਂ ਵਿਚ ਤੁਹਾਡੇ ਸਾਹਮਣੇ ਨਜ਼ਰ ਆਈ ਹੈ।

ਸਪੀਕਰ ਸਾਹਿਬ, ਲਾਸਟ ਵਿਚ ਮੇਰੀ ਪੰਚਾਇਤ ਮੰਤਰੀ ਸਾਹਿਬ ਨੂੰ ਇੱਕ ਬੇਨਤੀ ਹੈ, ਤੁਹਾਡਾ ਏਜੰਡਾ ਬਹੁਤ ਅੱਛਾ ਹੈ। ਜਸਟਿਸ ਕੁਲਦੀਪ ਸਿੰਘ ਰਿਪੋਰਟ ਨੇ ਇਕੱਲੇ ਮੋਹਾਲੀ ਜ਼ਿਲ੍ਹੇ ਵਿੱਚ 50000 ਏਕੜ ਲੈਂਡ ਆਈਡੈਂਟੀਫਾਈ ਕੀਤੀ ਹੋਈ ਹੈ, ਇਹ ਜ਼ਮੀਨ ਪਾਵਰਫੁੱਲ ਲੋਕਾਂ ਦੀ ਹੈ, ਉਨ੍ਹਾਂ ਲੋਕਾਂ ਦੇ ਕੋਲ 1000-1000, 1200-1200 ਕਨਾਲ ਹਨ। ਅਨਫਾਰਚੂਨੇਟਲੀ ਕੀ ਹੋ ਰਿਹਾ ਹੈ ਕਿ ਆਪਾਂ ਸ਼ੁਰੂਆਤ ਥੱਲੇ ਤੋਂ ਕਰ ਦਿੱਤੀ ਹੈ। ਆਹ ਚਲਹੇੜੀ ਕਲਾਂ ਪਿੰਡ ਵਿਚ ਕਹਿੰਦੇ ਕਿ ਅਸੀਂ 100 ਸਾਲ ਤੋਂ ਜ਼ਮੀਨ ਵਾਹੁੰਦੇ ਹਾਂ, ਤੁਸੀਂ ਉਥੇ ਜਿਹੜੇ 417 ਏਕੜ ਜ਼ਮੀਨ ਛੁਡਵਾਈ ਹੈ, ਉਹ ਉਸ ਨੇ ਦੁਬਾਰਾ ਵਾਹ ਲਈ ਹੈ, ਇਕ ਤੁਸੀਂ ਸਿਸਵਾਂ ਜਮੀਨ ਛੁਡਵਾਈ, ਉਸ ਨੇ ਜਾ ਕੇ ਕੋਰਟ ਵਿਚੋਂ ਸਟੇਅ ਕਰਵਾ ਕੇ ਤੁਹਾਨੂੰ ਹੀ ਕੰਟੈਪਟ ਨੋਟਿਸ ਦੇ ਦਿੱਤਾ । ਮੇਰੀ ਇੱਕ ਗੱਲ ਸੁਣ ਲਵੋ, ਮੇਰੀ ਤੁਹਾਨੂੰ ਬੇਨਤੀ ਹੈ ਕਿ ਇਸ ਦਾ ਹੱਲ ਹੈ, ਜਿਹੜੇ ਵਿਚਾਰੇ ਗਰੀਬ, ਗੁਰਬੇ ਹਨ ਜਿਨ੍ਹਾਂ ਨੇ ਕਿੱਲਾ ਕਿੱਲਾ ਸਾਂਭੀ, ਮੈਂ ਜ਼ਿਆਦਾ ਨਹੀਂ ਕਹਿੰਦਾ, ਕਿੱਲਾ ਕਿੱਲਾ, ਦੋ ਦੋ ਕਿੱਲੇ ਦੇ ਉਤੇ ਜਿਹੜੇ ਲੋਕ 50 ਸਾਲ ਤੋਂ, 60 ਸਾਲ ਤੋਂ ਜਿਨ੍ਹਾਂ ਲੋਕਾਂ ਨੇ ਜ਼ਮੀਨਾਂ ਅਬਾਦ ਕੀਤੀਆਂ, ਉਸ ਵਿਚ ਉਹ ਮਾੜੀ ਮੋਟੀ ਰੋਟੀ ਖਾਂਦੇ ਹਨ ਤਾਂ ਇੱਕ The Punjab (Welfare and Settlement of Landless, Marginal and Small Occupant Farmers) Allotment of Panchayati Land, 2022 ਇਹ 2021 ਜਾਂ 2022 ਹੈ, ਇਹ ਹੁਣੇ ਹੀ ਪਾਸ ਹੋਇਆ, ਤਾਜ਼ਾ ਹੀ ਪਾਸ ਹੋਇਆ ਹੈ।

ਬ.ਕ./ਸ਼ੁਭਮ/24.6.22/5.35

ਜਿਹੜੀਆਂ ਪ੍ਰੋਵਿੰਸ਼ੀਅਲ ਗੌਰਮਿੰਟ ਦੀਆਂ ਜ਼ਮੀਨਾਂ ਹਨ, ਜੇਕਰ ਗਰੀਬ ਬੰਦੇ ਦਾ 10 ਸਾਲ ਦਾ ਕਬਜ਼ਾ ਹੈ ਤਾਂ ਕੁਲੈਕਟਰ ਰੇਟ ਤੇ ਰਿਬੇਟ ਦੇ ਕੇ ਜਿਵੇਂ 10 ਲੱਖ ਕੁਲੈਕਟਰ ਰੇਟ ਹੈ ਤਾਂ 6 ਲੱਖ ਰੁਪਿਆ ਰਿਬੇਟ ਦੇ ਕੇ ਉਨ੍ਹਾਂ ਗਰੀਬਾਂ ਨੂੰ ਜਿਹੜੇ ਰੋਟੀ ਖਾ ਰਹੇ ਹਨ, ਮਾਲਕ ਬਣਾਓ। ਵੱਡਿਆਂ ਤੋਂ ਜ਼ਮੀਨ ਖੋਹੋ, ਅਸੀਂ ਤੁਹਾਡੇ ਨਾਲ ਹਾਂ। ਦੱਸੋ ਕਿਸ ਦੀ ਖੋਹਣੀ ਹੈ? ਅਸੀਂ ਹਾਲੇ ਤੱਕ ਕਿਸੇ ਵੱਡੇ ਨੂੰ ਹੱਥ ਹੀ ਨਹੀਂ ਪਾਇਆ। ਉਹ ਤਾਂ ਸਾਰੇ ਮਹਿਫੂਜ਼ ਆਪਣੇ ਚੰਡੀਗੜ੍ਹ ਦੇ ਫਾਰਮ ਹਾਊਸਿਜ਼ ਵਿੱਚ ਬੈਠੇ ਹਨ। ਚੰਡੀਗੜ੍ਹ ਵਿੱਚ ਜਿਹੜਾ ਸਭ ਤੋਂ ਪਾਵਰਫੁਲ ਬਿਊਰੋਕ੍ਰੇਟ ਅਤੇ ਪਾਲੀਟੀਸ਼ਨ ਦਾ ਨੈਕਸਸ ਹੈ, that is around the capital of Chandigarh. ਸਾਰੇ ਮੁਹਾਲੀ ਜ਼ਿਲ੍ਹੇ ਵਿੱਚ ਕਿਸੇ ਕੋਲ 50 ਏਕੜ ਹੈ, ਕਿਸੇ ਕੋਲ 100 ਏਕੜ ਹੈ ਅਤੇ ਕਿਸੇ ਕੋਲ 200 ਏਕੜ ਹੈ, ਬਹੁਤ ਜ਼ਿਆਦਾ ਜ਼ਮੀਨਾਂ ਇਨ੍ਹਾਂ ਕੋਲ ਹਨ। ਸਪੀਕਰ ਸਾਹਿਬ, ਮੈਨੂੰ ਪੂਰਨ ਆਸ ਹੈ ਕਿ ਧਾਲੀਵਾਲ ਸਾਹਿਬ ਬੜੀ ਸੰਜੀਦਗੀ ਨਾਲ ਇਹ ਕਰਨਾ ਚਾਹੁੰਦੇ ਹਨ ਪਰ ਜਿਹੜੇ ਅਫਸਰਾਂ ਤੋਂ ਤੁਸੀਂ ਕਰਵਾ ਰਹੇ ਹੋ, ਜੋ ਡਿਪਟੀ ਡਾਇਰੈਕਟਰ ਹਨ, ਉਨ੍ਹਾਂ ਨੇ ਵੀ ਮੁਸ਼ਤਰਕਾ ਮਾਲਕਾਨਾ ਦੇ ਫੈਸਲੇ ਗਲਤ ਕੀਤੇ ਹੋਏ ਹਨ। ਇਸ ਕਰਕੇ ਮੇਰੀ ਬੇਨਤੀ ਹੈ ਕਿ ਤੁਸੀਂ ਜ਼ਰੂਰ ਕਰੋ, ਅਸੀਂ ਤੁਹਾਡੇ ਨਾਲ ਹਾਂ।

ਸਪੀਕਰ ਸਾਹਿਬ, ਮਲਟੀਪਲ ਪੈਨਸ਼ਨਜ਼ ਦੀ ਗੱਲ ਹੋਈ ਹੈ, ਜਿਸ ਦਾ ਸਭ ਤੋਂ ਪਹਿਲਾਂ ਮੈਂ ਸਵਾਗਤ ਕੀਤਾ ਹੈ। (ਘੰਟੀ) ਤੁਸੀਂ ਪੁਲੀਟੀਕਲ ਬੰਦਿਆਂ ਦੀ ਸਿਕਿਓਰਟੀ ਵਿਦਡ੍ਰਾਅ ਕੀਤੀ, ਅਸੀਂ ਇਸ ਦਾ ਸਵਾਗਤ ਕੀਤਾ। (ਘੰਟੀ) ਸਪੀਕਰ ਸਾਹਿਬ, ਮਲਟੀਪਲ ਪੈਨਸ਼ਨਾਂ ਨਹੀਂ ਮਿਲਣੀਆਂ ਚਾਹੀਦੀਆਂ, absolutely not. ਅਸੀਂ ਸਾਰੇ ਉਸ ਦੇ ਖਿਲਾਫ ਹਾਂ ਪਰ ਇਸ ਨੂੰ ਬੰਦ ਕਰਨ ਨਾਲ ਖਜ਼ਾਨੇ ਵਿੱਚ ਕਿੰਨੀ ਬਚਤ ਹੋਈ ਹੈ, ਅਮਨ ਜੀ, ਤੁਸੀਂ ਦੱਸਣਾ? I think annually not more than about 8 crore rupees. ਹੋ ਸਕਦਾ ਹੈ ਜ਼ਿਆਦਾ ਹੋਵੇ। ਇਸ ਦੇ ਮੁਕਾਬਲੇ ਵਿੱਚ ਪੰਜਾਬ ਸਰਕਾਰ ਨੇ ਪਿਛਲੇ ਦਿਨਾਂ ਵਿੱਚ 250 ਕਰੋੜ ਰੁਪਿਆ ਪਬਲੀਸਿਟੀ ਵਾਸਤੇ ਗੁਜਰਾਤ ਦੇ ਪੇਪਰਜ਼ ਵਿੱਚ, ਰਾਜਸਥਾਨ, ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼ where there is nothing to do at all. Full page ads, ਟੈਲੀਵਿਜ਼ਨ ਅਤੇ ਇਲੈਕਟ੍ਰੋਨਿਕ ਮੀਡੀਆ, ਪ੍ਰਿੰਟ ਮੀਡੀਆ ਤੇ ਬਹੁਤ ਜ਼ਿਆਦਾ ਪ੍ਰਚਾਰ ਚੱਲ ਰਿਹਾ ਹੈ। ਜਿਵੇਂ ਅੰਗਰੇਜ਼ੀ ਵਿੱਚ ਕਹਿੰਦੇ ਹਨ penny wise and pound foolish. ਛੋਟੀ ਕਿਰਤ ਨੂੰ ਬਹੁਤ ਸਿਆਣੇ ਹਨ ਅਤੇ ਵੱਡੇ ਨੂੰ ਆਪਾਂ ਲੁਟਾ ਰਹੇ ਹਾਂ, ਜਿਸ ਵੱਲ ਆਪਾਂ ਕੋਈ ਧਿਆਨ ਨਹੀਂ ਦੇ ਰਹੇ।(ਘੰਟੀ) ਧੰਨਵਾਦ।

**ਮਾਨਯੋਗ ਸਪੀਕਰ** : ਮੰਤਰੀ ਜੀ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ? ਇਸ ਦੇ ਨਾਲ ਹੀ ਮੇਰੀ ਵੀ ਇਕ ਗੁਜਾਰਿਸ਼ ਹੈ। ਸਾਡੇ ਦੋ ਪਿੰਡ ਹਨ ਜਿੱਥੇ ਜ਼ਮੀਨਾਂ ਦਾ ਮਸਲਾ ਹੈ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ)**: ਸਪੀਕਰ ਸਾਹਿਬ, ਖਹਿਰਾ ਸਾਹਿਬ ਨੇ ਕਿਹਾ ਹੈ ਕਿ ਅਸੀਂ ਗਰੀਬ ਲੋਕਾਂ ਜਾਂ ਥੱਲੜੇ ਲੈਵਲ ਦੇ ਲੋਕਾਂ ਤੋਂ ਇਹ ਕੰਮ ਸ਼ੁਰੂ ਕੀਤਾ ਹੈ। ਸਪੀਕਰ ਸਾਹਿਬ, ਅਸੀਂ ਕਿਸੇ ਗਰੀਬ ਬੰਦੇ ਨੂੰ ਨਹੀਂ ਉਜਾੜਿਆ ਅਤੇ ਨਾ ਹੀ ਕਿਸੇ ਗਰੀਬ ਬੰਦੇ ਦੀ ਪੈਲ਼ੀ ਖੋਹੀ ਹੈ। ਜਿੱਥੇ ਪੈਲ਼ੀ ਲਈ, ਉਥੇ ਹੀ ਉਸੇ ਬੰਦੇ ਨੂੰ ਦਿੱਤੀ ਗਈ, ਸਿਰਫ ਉਸ ਨੂੰ ਇਹ ਕਿਹਾ ਹੈ ਕਿ ਪੰਚਾਇਤ ਦੀ ਰਸੀਦ ਕਟਵਾ ਲੈ, ਲੀਗਲ ਹੋ ਜਾਹ। ਖਹਿਰਾ ਸਾਹਿਬ ਨੇ ਜਿਹੜਾ ਕੁਲੈਕਟਰ ਰੇਟ ਬਾਰੇ ਕਿਹਾ ਹੈ, ਅਸੀਂ ਕਿਹਾ ਹੈ ਕਿ ਕੁਲੈਕਟਰ ਰੇਟ ਤੇ ਜ਼ਮੀਨਾਂ ਲੈਣੀਆਂ ਹਨ, ਇਸ ਵਾਸਤੇ ਪਾਲਿਸੀ ਬਣਾ ਕੇ ਤੁਹਾਨੂੰ ਦੇ ਦੇਵਾਂਗੇ। ਅਸੀਂ ਇਸ ਪਾਸੇ ਲੱਗੇ ਹੋਏ ਹਾਂ।(ਥੰਪਿੰਗ) ਅਸੀਂ ਕਿਸੇ ਵੀ ਗਰੀਬ ਬੰਦੇ ਨੂੰ ਨਹੀਂ ਉਜਾੜਿਆ ਅਤੇ ਜਿਹੜੀ ਤੁਹਾਡੀ ਦਿਲੀ ਇੱਛਾ ਹੈ, ਇਸ ਬਾਰੇ ਮੈਂ ਪਹਿਲਾਂ ਵੀ 2-3 ਵਾਰ ਕਿਹਾ ਹੈ ਕਿ ਅਸੀਂ ਉਥੇ ਪਹੁੰਚ ਰਹੇ ਹਾਂ (ਥੰਪਿੰਗ) ਪਰ ਤੁਹਾਡੇ ਲਈ ਸਾਡੇ ਨਾਲ ਤੁਰਨਾ ਔਖਾ ਹੋ ਜਾਣਾ ਹੈ। ਤੁਹਾਡੇ ਲਾਗੇ ਅਜਿਹੇ ਕਈ ਬੈਠੇ ਹਨ, ਜਿਨ੍ਹਾਂ ਦੀਆਂ ਫਾਈਲਾਂ ਸਾਡੇ ਕੋਲ ਹਨ।(ਥੰਪਿੰਗ) ਕੀ ਤੁਸੀਂ ਸਾਡੇ ਨਾਲ ਵਾਅਦਾ ਕਰਦੇ ਹੋ ਕਿ ਸਾਡੇ ਨਾਲ ਤੁਰੋਗੇ?

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਆਪਾਂ ਇੰਨੀ ਅੱਛੀ ਬਹਿਸ ਕਰ ਰਹੇ ਹਾਂ। ਜਿਸ ਕਿਸੇ ਨੇ ਕਾਨੂੰਨ ਤੋੜਿਆ ਹੈ, irrespective of party affilltion, whether ਉਹ ਬੀ.ਜੇ.ਪੀ ਦਾ ਹੈ, ਅਕਾਲੀ ਦਲ ਦਾ ਹੈ, ਉਹ ਭੁਗਤੇ। ਜੇਕਰ ਆਉਣ ਵਾਲੇ ਸਮੇਂ ਵਿੱਚ ਤੁਹਾਡੇ ਵਿਚੋਂ ਕੋਈ ਗਲਤ ਕੰਮ ਕਰੇਗਾ ਤਾਂ ਤੁਸੀਂ ਭੁਗਤੋਗੇ। ਮੈਂ ਕਿਸੇ ਦੀ ਡਿਫੈਂਸ ਵਿੱਚ ਨਹੀਂ ਹਾਂ।

**ਮਾਨਯੋਗ ਸਪੀਕਰ** : ਸੁਖਪਾਲ ਸਿੰਘ ਖਹਿਰਾ ਜੀ, ਬੈਠੋ। ਮੰਤਰੀ ਜੀ, ਤੁਸੀਂ ਵੀ ਬੈਠੋ। ਸ਼੍ਰੀ ਬੁੱਧ ਰਾਮ ਜੀ, ਤੁਸੀਂ ਬੋਲੋ।

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.)** : ਸਪੀਕਰ ਸਾਹਿਬ, ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਮਿਲਿਆ ਹੈ। ਮੈਂ ਬੇਨਤੀ ਕਰਦਾ ਹਾਂ ਅਤੇ ਸੁਝਾਅ ਵੀ ਦਿੰਦਾ ਹਾਂ ਕਿ ਸਾਰੇ ਮਾਨਯੋਗ ਮੈਂਬਰਾਂ ਨੇ ਜਦੋਂ ਗਵਰਨਰ ਐਡਰੈਸ ਤੇ ਬੋਲਣਾ ਹੈ ਤਾਂ ਇਸ ਵਾਸਤੇ ਹਰੇਕ ਬੰਦੇ ਨੂੰ ਟਾਈਮ ਦਿੱਤਾ ਜਾਵੇ। ਜਦੋਂ ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ ਬੋਲ ਰਹੇ ਸਨ ਉਦੋਂ ਮੈਂ ਪੁਆਇੰਟ ਆਊਟ ਕੀਤਾ ਹੈ। ਜਿਹੜਾ ਪਾਰਟੀ ਨੂੰ ਟਾਈਮ ਮਿਲਦਾ ਹੈ ਜਾਂ ਮੈਨੂੰ ਮਿਲਦਾ ਹੈ, ਇਹ ਠੀਕ ਹੈ ਪਰ ਜਦੋਂ ਕਿਸੇ ਨੂੰ ਟਾਈਮ ਮਿਲਦਾ ਹੈ ਤਾਂ ਆਪਣੇ ਪੁਆਇੰਟ ਤੱਕ ਸੀਮਤ ਰੱਖੋ। ਇਹ ਬੇਨਤੀ ਹੈ ਕਿ ਪੁਆਇੰਟ ਆਫ ਆਰਡਰ 1-2 ਮਿੰਟ ਦਾ ਹੁੰਦਾ ਹੈ ਨਾ ਕਿ 15-20 ਮਿੰਟ ਦਾ।

ਸਪੀਕਰ ਸਾਹਿਬ, ਮਾਨਯੋਗ ਰਾਜਪਾਲ ਜੀ ਨੇ ਜਿਹੜਾ ਐਡਰੈਸ ਕੀਤਾ ਸੀ, ਮੈਂ ਉਸ ਦੇ ਹੱਕ ਵਿੱਚ ਬੋਲਣ ਵਾਸਤੇ ਖੜ੍ਹਾ ਹੋਇਆ ਹਾਂ।

24.6.2022 ਕਰਮਜੀਤ ਕੌਰ/ਅਭਿਸ਼ੇਕ ਗੌਤਮ 5.40

ਸਪੀਕਰ ਸਾਹਿਬ, ਜਦੋਂ 20 ਨਵੰਬਰ, 2021 ਨੂੰ 700 ਕਿਸਾਨਾਂ ਦੀ ਸ਼ਹੀਦੀ ਤੋਂ ਬਾਅਦ, ਦਿੱਲੀ ਦੇ ਵਿੱਚ ਕਿਸਾਨਾਂ ਦਾ ਅੰਦੋਲਨ ਸਫਲ ਹੋਇਆ ਅਤੇ ਤਿੰਨ ਕਾਲੇ ਕਾਨੂੰਨ ਵਾਪਸ ਹੋਏ ਤਾਂ ਸਾਡੇ ਸਾਰਿਆਂ ਵਾਸਤੇ, ਖਾਸ ਤੌਰ ਤੇ ਪੰਜਾਬ ਵਾਸਤੇ ਬਹੁਤ ਖੁਸ਼ੀ ਹੋਈ। ਇਸੇ ਤਰ੍ਹਾਂ ਜਿਹੜਾ 10 ਮਾਰਚ, 2022 ਦਾ ਦਿਨ ਹੈ, ਉਸ ਦਿਨ ਵੀ ਸਾਡੇ ਵਾਸਤੇ ਜਸ਼ਨ ਦਾ ਦਿਨ ਰਿਹਾ ਸੀ। ਕਿਉਂਕਿ ਜਦੋਂ 10 ਮਾਰਚ ਨੂੰ ਰਿਜਲਟ ਨਿਕਲਿਆ, ਰਿਜ਼ਲਟ ਨਿਕਲਣ ਤੋਂ ਪਹਿਲਾਂ ਹਰੇਕ ਨੂੰ ਖਦਸ਼ਾ ਸੀ, ਕੋਈ ਕਹਿੰਦਾ ਸੀ ਕਿ ਹੰਗ ਸਰਕਾਰ ਆਵੇਗੀ, ਕੋਈ ਕਹਿੰਦਾ ਸੀ ਗਵਰਨਰੀ ਰਾਜ ਆਵੇਗਾ, ਕੋਈ ਕਿਸੇ ਹੋਰ ਰਾਜ ਦੀ ਗੱਲ ਕਰਦਾ ਸੀ। ਪਰ ਜਿਉਂ ਜਿਉਂ ਸੂਰਜ ਚੜਦਾ ਗਿਆ, ਪੰਜਾਬ ਦੇ ਲੋਕਾਂ ਤੇ ਫੁੱਲ ਪੈਣੇ ਸ਼ੁਰੂ ਹੋ ਗਏ। ਦੇਖਦਿਆਂ-ਦੇਖਦਿਆਂ 12 ਵਜੇ ਤੱਕ ਪੰਜਾਬ ਬਸੰਤੀ ਫੁੱਲਾਂ ਨਾਲ ਭਰ ਗਿਆ ਸੀ।

ਸੋ, ਸਪੀਕਰ ਸਾਹਿਬ, ਦੇਖਣਾ ਇਹੀ ਹੈ ਕਿ ਪਿਛਲੇ ਸਾਲਾਂ ਵਿੱਚ ਕੀ ਹੋਇਆ ਸੀ। ਕਿਉਂਕਿ ਅਸੀਂ ਤਾਂ ਸੱਤਾ ਦੇ ਵਿੱਚ ਪਹਿਲੀ ਵਾਰੀ ਆਏ ਹਾਂ, ਜਦੋਂ ਅਸੀਂ ਕੋਈ ਗੱਲ ਕਰਾਂਗੇ, ਜਦੋਂ ਕੋਈ ਮਸਲਾ ਉਠਾਵਾਂਗੇ, ਜਦੋਂ ਅਸੀਂ ਗਵਰਨਰ ਐਡਰੈਸ ਦੇ ਕਿਸੇ ਪੁਆਇੰਟ ਤੇ ਗੱਲ ਕਰਾਂਗੇ ਤਾਂ ਸਾਡਾ ਜਿਹੜਾ ਇੱਕ ਦੂਜੇ ਨਾਲ ਮੁਕਾਬਲਾ ਹੁੰਦਾ ਹੈ, ਸਾਡਾ ਮੁਕਾਬਲਾ ਪਿਛਲੀ ਸਰਕਾਰ ਨਾਲ ਵੀ ਹੁੰਦਾ ਹੈ ਕਿ ਪਹਿਲਾਂ ਕੀ ਸੀ ਤੇ ਹੁਣ ਅਸੀਂ ਕੀ ਕੁਝ ਕਰ ਰਹੇ ਹਾਂ। ਸਾਡੇ ਗਵਰਨਰ ਐਡਰੈਸ ਦੇ ਵਿੱਚ ਮਾਨਯੋਗ ਗਵਰਨਰ ਸਾਹਿਬ ਵੱਲੋਂ ਵੱਖ-ਵੱਖ ਵਿਸ਼ੇ ਛੋਹੇ ਗਏ ਹਨ, ਜੋ ਕਿ ਸਰਕਾਰ ਦਾ ਮੁੱਦਾ ਹੁੰਦਾ ਹੈ। ਪ੍ਰੰਤੂ ਇਨ੍ਹਾਂ ਸਾਲਾਂ ਦੌਰਾਨ ਧਰਤੀ ਤੇ ਬਹੁਤ ਸਾਰੇ ਬੰਦੇ ਗਰਜੇ, ਬਹੁਤ ਸਾਰੇ ਬੰਦੇ ਲਿਸ਼ਕੇ ਪਰ ਪੰਜਾਬ ਦੇ ਵਿੱਚ ਵਰ੍ਹਿਆ ਕੋਈ ਵੀ ਨਹੀਂ। ਇਸ ਕਰਕੇ ਅਸੀਂ ਪਿਛਲੇ 75 ਸਾਲਾਂ ਤੋਂ ਦੇਖਦੇ ਹਾਂ ਕਿ ਹੁਣ ਪਿਛਲੇ 30-35 ਸਾਲਾਂ ਦੌਰਾਨ ਤਾਂ ਪੰਜਾਬ ਦਾ ਬੁਰਾ ਹਾਲ ਹੋਇਆ ਹੈ। ਜਿਵੇਂ ਕਿ ਕਿਹਾ ਗਿਆ ਹੈ ਕਿ ਰਾਜੇ ਸੀਂਹ ਮੁਕਦਮ ਕੁੱਤੇ। ਇੱਥੇ ਰੱਬ ਵਰਗੇ ਬੰਦਿਆਂ ਦਾ ਖੂਨ ਪੀਂਦੇ ਰਹੇ ਹਨ। ਪੰਜਾਬ ਦੀ ਧਰਤੀ ਪੂਰਨ ਦੀ ਮਾਂ ਇੱਛਰਾਂ ਵਾਂਗੂੰ ਗਲ਼ੀਆਂ ਤੇ ਬਜ਼ਾਰਾਂ ਦੇ ਵਿੱਚ ਰੋਂਦੀ ਕੁਰਲਾਂਦੀ ਰਹੀ । ਆਪਾਂ ਸਾਲ 1984 ਦਾ ਬਹੁਤ ਵੱਡਾ ਸਾਕਾ ਵੀ ਦੇਖਿਆ ਹੈ, ਆਪਾਂ ਬਲਿਊ ਸਟਾਰ ਤੇ ਦੂਜੇ ਉਪਰੇਸ਼ਨ ਵੀ ਦੇਖੇ ਹਨ, ਸਾਲ 1975 ਦੀ ਐਮਰਜੰਸੀ ਵੀ ਵੇਖੀ ਹੈ। ਸੁਰਜੀਤ ਪਾਤਰ ਜੀ ਸਾਡੇ ਬਹੁਤ ਵੱਡੇ ਕਵੀ ਹਨ, ਉਨ੍ਹਾਂ ਨੇ ਕਿਹਾ ਹੈ:

ਪੰਛੀ ਤਾਂ ਉਡ ਗਏ ਹਨ, ਰੁੱਖ ਵੀ ਸਲਾਹਾਂ ਕਰਨ, ਚਲੋ ਇੱਥੋਂ ਉਠ ਚੱਲੀਏ।

ਘਰ ਘਰ ਪੁੱਤ ਕਹਿਣ, ਛੱਡ ਬਾਪੂ ਹੁਣ ਕੀ ਰੱਖਿਆ ਜ਼ਮੀਨ ਵਿੱਚ, ਵੇਚ ਕੇ ਸਿਆੜ ਚਾਰ,

ਕਰਕੇ ਜੁਗਾੜ ਕੋਈ, ਚੱਲ ਇੱਥੋਂ ਚੱਲੀਏ।

ਇਹ ਹਾਲਤ ਬਣ ਗਈ ਸੀ, ਇਹ ਹਾਲਤ ਬਣ ਰਹੀ ਹੈ। ਸਾਡੇ ਤਿੰਨ ਮਹੀਨਿਆਂ ਦੀ ਸਰਕਾਰ ਦਾ ਅਜੇ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ ਅਸੀਂ ਆਉਣ ਵਾਲੇ ਪੌਣੇ ਪੰਜ ਸਾਲਾਂ ਦੇ ਵਿੱਚ ਕੀ ਕੁਝ ਕਰਨਾ ਹੈ। ਸਾਡੇ ਕੋਲ ਅਜੇ ਅੱਗੇ ਬਹੁਤ ਸਮਾਂ ਹੈ। ਤਿੰਨ ਮਹੀਨੇ ਕਿਸੇ ਵੀ ਸਰਕਾਰ ਦੀ ਸਫਲਤਾ ਜਾਂ ਅਸਫਲਤਾ ਦਾ ਕੋਈ ਚਿੰਨ੍ਹ ਨਹੀਂ ਹੁੰਦੇ। ਪਹਿਲੇ ਸਾਲ ਤਾਂ ਪੁਰਾਣੇ ਮਸਲੇ ਹੀ ਦੇਖੇ ਜਾਂਦੇ ਹਨ। ਆਪਾਂ ਪੰਜਾਬੀ ਸਾਹਿਤ ਪੜ੍ਹਦੇ ਹਾਂ। ਕਾਦਰ ਯਾਰ ਦਾ ਇੱਕ ਕਿੱਸਾ ਪੂਰਨ ਭਗਤ ਵਾਲਾ ਹੈ, ਉਸ ਦੀਆਂ ਦੋ ਚਾਰ ਲਾਈਨਾਂ ਮੈਂ ਕਹਿਣ ਲੱਗਾ ਹਾਂ:

ਕਹਿੰਦਾ ਮੀਮ, ਆਪਾਂ ਨੂੰ ਪਤਾ ਹੈ ਕਿ ਉਰਦੂ ਦੇ ਮਮੇ (ਮ) ਲਫਜ਼ ਨੂੰ ਮੀਮ ਕਹਿੰਦੇ ਹਨ:

ਮੀਮ ਮਿਲਣ ਆਈ ਰਾਣੀ ਇੱਛਰਾਂ ਸੀ, ਲੋਕਾਂ ਆਖਿਆ ਕਿ ਆਇਆ ਹੈ ਸਾਧ ਕੋਈ,

ਮੇਰੇ ਪੁੱਤ ਦਾ ਬਾਗ ਵਿਰਾਨ ਹੋਇਆ, ਆਇਆ ਕਰਨ ਹੈ ਫੇਰ ਆਬਾਦ ਕੋਈ।

ਅੱਜ ਉਸ ਵੀਰਾਨ ਬਾਗ ਦੇ ਕੰਡੇ ਚੁਗਣ ਦੇ ਲਈ ਅੱਜ ਸ਼੍ਰੀ ਭਗਵੰਤ ਮਾਨ ਜੀ ਦੇ ਰੂਪ ਵਿੱਚ ਫੇਰ ਕੋਈ ਬੰਦਾ ਆਇਆ ਹੈ। ਬਾਗ ਨੂੰ ਆਬਾਦ ਕਰਨ ਆਇਆ ਹੈ। (ਥੰਪਿੰਗ)

24.06.2022/05.45/ਹਰਪ੍ਰੀਤ ਸਿੰਘ/ਅਭਿਸ਼ੇਕ ਗੌਤਮ

ਉਸ ਬੰਦੇ ਦੀ ਸੋਚ, ਐਡੀ ਇਮਾਨਦਾਰੀ, ਉਸ ਬੰਦੇ ਦੀ ਭ੍ਰਿਸ਼ਟਾਚਾਰ ਵਿਰੋਧੀ ਨੀਤੀ ਤੇ ਇਹ ਗੱਲ ਸ਼ਰ੍ਹੇਆਮ ਬਜ਼ਾਰ ਵਿਚ ਕਹਿਣਾ ਕਿ ਜੇਕਰ ਮੈਂ ਇਕ ਰੁਪਿਆ ਵੀ ਖਾਧਾ ਹੈ ਤਾਂ ਇਸ ਦਾ ਮਤਲਬ ਮੈਂ ਸਲਫਾਸ ਦੀ ਗੋਲੀ ਖਾਧੀ ਹੈ। ਆਪਾਂ ਪਹਿਲੇ ਵੀ ਕਈ ਮੁੱਖ ਮੰਤਰੀ ਦੇਖੇ ਹਨ। 1970 ਤੋਂ ਲੈ ਕੇ ਆਪਾਂ ਦੇਖਦੇ ਰਹੇ ਹਾਂ ਪਰ ਘੱਟੋ ਘੱਟ ਮੈਂ ਇਹ ਨਹੀਂ ਵੇਖਿਆ ਕਿ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਖਤਮ ਕਰਨ ਦੀ ਐਨੀ ਦ੍ਰਿੜ੍ਹ ਇੱਛਾ ਕਿਸੇ ਮੁੱਖ ਮੰਤਰੀ ਵਿੱਚ ਹੋਵੇ। ਜਿਵੇਂ ਸ਼ੂਗਰ ਦਾ ਰੋਗ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੁੰਦਾ ਹੈ, ਉਸੇ ਤਰ੍ਹਾਂ ਭ੍ਰਿਸ਼ਟਾਚਾਰ ਸਭ ਬਿਮਾਰੀਆਂ ਦੀ ਜੜ੍ਹ ਹੈ। ਭ੍ਰਿਸ਼ਟਾਚਾਰ ਵਿਰੋਧੀ ਐਨੀ ਕਮਿਟਮੈਂਟ ਕੇਵਲ ਤੇ ਕੇਵਲ ਸਰਦਾਰ ਭਗਵੰਤ ਮਾਨ ਜੀ ਦੇ ਹਿੱਸੇ ਆਈ ਹੈ। ਅੱਜ ਪੰਜਾਬ ਦੇ ਵਿਚ ਨਾਇਬ ਤਹਿਸੀਲਦਾਰ ਅਤੇ ਤਹਿਸੀਲਦਾਰ ਵੇਖੋ, ਜੋ ਪਹਿਲਾਂ ਕੇਵਲ 4-5 ਰਜਿਸਟਰੀਆਂ ਕਰਦਾ ਸੀ, ਫੈਸਲੇ ਹੁੰਦੇ ਰਹਿੰਦੇ, ਸੌਦੇ ਹੁੰਦੇ ਰਹਿੰਦੇ, ਕੋਈ 10 ਹਜ਼ਾਰ ਤੇ ਕੋਈ 20 ਹਜ਼ਾਰ ਤੇ। ਪਰ ਅੱਜ 9 ਵਜੇ ਤਹਿਸੀਲਦਾਰ ਆ ਜਾਂਦਾ ਹੈ ਅਤੇ 12 ਵਜਦੇ ਨੂੰ ਰਜਿਸਟਰੀਆਂ ਕਰਕੇ ਵਿਹਲਾ ਹੋ ਜਾਂਦਾ ਹੈ। ਉਹ ਮਹਿਕਮਾ, ਜਿਹੜਾ ਰਿਸ਼ਵਤ ਵਾਸਤੇ ਮੰਨਿਆ ਪ੍ਰਮੰਨਿਆ ਸੀ, ਉਹ ਬਦਲ ਗਿਆ। ਬਾਕੀ ਮਹਿਕਮਿਆਂ ਵਿਚ ਵੀ ਹਰ ਬੰਦਾ ਰਿਸ਼ਵਤ ਲੈਣ ਲੱਗਿਆ ਡਰਦਾ ਹੈ, ਅੰਦਰ ਖਾਤੇ ਕੋਈ ਲਈ ਜਾਵੇ ਉਹ ਵੱਖਰੀ ਗੱਲ ਹੈ। ਰਿਸ਼ਵਤ ਤਾਂ ਬਹੁਤ ਪੁਰਾਣੀ ਗੱਲ ਹੈ, ਇਸ ਬਾਰੇ ਤਾਂ ਵੇਦਾਂ ਵਿਚ ਵੀ ਜ਼ਿਕਰ ਮਿਲਦਾ ਹੈ।ਦਲਾਲ ਉਸ ਸਮੇਂ ਵੀ ਸੀ, ਦਲਾਲ ਹੁਣ ਵੀ ਹਨ। ਪਰ ਸਾਡੀ ਪਾਰਟੀ ਦੀ ਕਮਿੱਟਮੈਂਟ ਹੈ। ਸਾਡਾ ਮੁੱਖ ਮੰਤਰੀ ਇਮਾਨਦਾਰ ਹੈ, ਸਾਡੇ ਮੰਤਰੀ ਅਤੇ

ਐਮ.ਐਲ.ਏ. ਇਮਾਨਦਾਰ ਹਨ। ਜੇਕਰ ਇਕ ਮੰਤਰੀ ਨੇ ਗਲਤੀ ਕੀਤੀ ਹੈ ਤਾਂ ਅੱਜ ਉਹ ਜੇਲ੍ਹ ਵਿਚ ਬੈਠਾ ਹੈ। ਮੁੱਖ ਮੰਤਰੀ ਜੀ ਨੇ ਪਹਿਲਾਂ ਕਿਸੇ ਹੋਰ ਨੂੰ ਹੱਥ ਨਹੀਂ ਪਾਇਆ, ਪਹਿਲਾਂ ਆਪਣੇ ਬੰਦੇ ਨੂੰ ਹੱਥ ਪਾਇਆ ਤੇ ਦੱਸਿਆ ਕਿ ਮੈਂ ਕਿਸੇ ਵੀ ਦੋਸ਼ੀ ਨੂੰ ਬਖਸ਼ਾਂਗਾ ਨਹੀਂ। ਹੁਣੇ ਇਆਲੀ ਸਾਹਿਬ ਨੇ ਗੱਲ ਕੀਤੀ ਹੈ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਸਾਡੇ ਵਾਸਤੇ ਖੇਤੀ ਮੁੱਖ ਕਿੱਤਾ ਹੈ ਪਰ ਅਸੀਂ ਵਿਕਾਸ ਕਿਉਂ ਨਹੀਂ ਕਰ ਸਕੇ। ਅਸੀਂ ਖੇਤੀ ਵਿਚ ਐਡਵਾਂਸ ਕਿਉਂ ਨਹੀਂ ਹੋ ਸਕੇ। ਆਪਾਂ ਨੇ ਹੁਣੇ ਗੱਲ ਕੀਤੀ ਸੀ ਕਿ :

ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ ॥

ਅੱਜ ਸਾਡੀ ਪਵਣ ਵੀ ਦੂਸ਼ਿਤ ਹੋ ਗਈ ਹੈ, ਸਾਡਾ ਪਿਤਾ ਬਰਾਬਰ ਪਾਣੀ ਵੀ ਦੂਸ਼ਿਤ ਹੈ, ਧਰਤੀ ਮਾਤਾ ਵੀ ਜ਼ਹਿਰੀਲੀ ਹੋ ਚੁੱਕੀ ਹੈ। ਪਿਛਲੀਆਂ ਸਰਕਾਰਾਂ ਨੇ ਧਰਤੀ ਬਾਰੇ, ਪਾਣੀ ਬਾਰੇ ਕੋਈ ਚੰਗੀ ਨੀਤੀ ਨਹੀਂ ਬਣਾਈ, ਜਿਸ ਨਾਲ ਸਾਡੇ ਲੋਕਾਂ ਨੂੰ ਸੇਧ ਮਿਲ ਸਕੇ। ਸਾਡੇ ਮੁੱਖ ਮੰਤਰੀ ਜੀ ਹੁਣ ਪਾਣੀ ਬਾਰੇ ਵੀ ਗੱਲ ਕਰ ਰਹੇ ਹਨ, ਧਰਤੀ ਬਚਾਉਣ ਦੀ ਵੀ ਗੱਲ ਕਰ ਰਹੇ ਹਨ। ਆਪਾਂ ਪੜ੍ਹਦੇ ਹਾਂ ਕਿ ਇਕਨਾਮਿਕਸ ਦੇ ਤਿੰਨ ਸੈਕਟਰ ਹਨ, ਪਹਿਲਾ ਖੇਤੀਬਾੜੀ, ਦੂਜਾ ਉਦਯੋਗਿਕ ਅਤੇ ਤੀਜਾ ਸੇਵਾਵਾਂ ਵਾਲਾ ਖੇਤਰ ਹੈ। ਜਿੰਨੇ ਵੀ ਵਿਕਸਤ ਦੇਸ਼ ਹਨ, ਉਹ ਉਦਯੋਗਿਕ ਅਤੇ ਸੇਵਾਵਾਂ ਵਾਲੇ ਖੇਤਰ ਵਿਚ ਵਿਕਸਤ ਹੋਏ ਹਨ। ਕਿਉਂਕਿ ਖੇਤੀਬਾੜੀ ਕੇਵਲ 5-10 ਫੀਸਦੀ ਲੋਕ ਕਰਦੇ ਹਨ ਅਤੇ ਖੇਤੀਬਾੜੀ ਖੇਤਰ ਵਿਚ ਮੰਗ ਸੀਮਤ ਹੁੰਦੀ ਹੈ। ਜੇਕਰ ਖੇਤੀਬਾੜੀ ਨਾਲ ਸਬੰਧਿਤ ਚੀਜ਼ ਸਸਤੀ ਵੀ ਹੋ ਜਾਂਦੀ ਹੈ, ਤਾਂ ਵੀ ਉਸ ਦੀ ਮੰਗ ਨਹੀਂ ਵੱਧਦੀ। ਜਿਵੇਂ ਅੰਬ ਹਨ, ਜੇਕਰ ਉਹ ਸਸਤੇ ਵੀ ਹੋ ਜਾਣ ਤਾਂ ਵੀ ਆਪਾਂ ਕਿੱਲੋ ਦੋ ਕਿੱਲੋ ਹੀ ਲੈਂਦੇ ਹਾਂ, ਕੋਈ 10-15 ਕਿੱਲੋਂ ਨਹੀਂ ਲੈਂਦੇ। ਇਸ ਦੇ ਉਲਟ ਜਿਹੜੇ ਉਦਯੋਗ ਹਨ, ਉਨ੍ਹਾਂ ਵਿਚ ਮੰਗ ਅਸੀਮਤ ਹੁੰਦੀ ਹੈ। ਜਿਵੇਂ ਪਹਿਲਾਂ ਪੱਖਾ ਬਣਦਾ ਸੀ, ਫਿਰ ਕੂਲਰ ਬਣਦਾ ਹੈ, ਏ.ਸੀ. ਬਣਦਾ ਹੈ, ਇਹ ਵੱਧਦਾ ਹੀ ਜਾਂਦਾ ਹੈ, ਇਸ ਦੇ ਵੱਧਣ ਨਾਲ ਨਵੇਂ ਯੂਨਿਟ ਲੱਗਦੇ ਹਨ, ਜਿਸ ਨਾਲ ਕਾਰੀਗਰ ਵੱਧਦੇ ਹਨ , ਇਸ ਨਾਲ ਰੁਜ਼ਗਾਰ ਵੀ ਵੱਧਦਾ ਹੈ। ਇਕਨਾਮਿਕਸ ਸਿਧਾਂਤ ਮੁਤਾਬਿਕ ਕਿਰਤੀਆਂ ਦੇ ਵੱਧਣ ਨਾਲ ਜ਼ਿਆਦਾ ਵਿਕਾਸ ਹੁੰਦਾ ਹੈ ਪਰ ਉਸ ਹਿਸਾਬ ਨਾਲ ਸਾਡਾ ਵਿਕਾਸ ਨਹੀਂ ਹੋਇਆ। ਨਾ ਅਕਾਲੀ ਸਰਕਾਰ ਸਮੇਂ ਅਤੇ ਨਾ ਕਾਂਗਰਸ ਸਰਕਾਰ ਸਮੇਂ ਅਜਿਹਾ ਕੁੱਝ ਨਹੀਂ ਹੋਇਆ। ਅਸੀਂ ਕਹਿੰਦੇ ਸੀ ਕਿ ਜੇਕਰ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣਾ ਹੈ ਤਾਂ ਪ੍ਰਾਸੈਸਿੰਗ ਯੂਨਿਟ ਲਗਾਉਣੇ ਪੈਣੇ ਹਨ। ਸਾਡੇ ਹਲਕੇ ਦੇ ਸਾਬਕਾ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਜੀ 7-8 ਸਾਲ ਮੰਤਰੀ ਰਹੇ ਹਨ ਅਤੇ ਫੂਡ ਐਂਡ ਪ੍ਰੋਸੈਸਿੰਗ ਮੰਤਰੀ ਵੀ ਰਹੇ ਹਨ ਪ੍ਰੰਤੂ ਉਨ੍ਹਾਂ ਨੇ ਇਕ ਵੀ ਯੂਨਿਟ ਸਾਡੇ ਇਲਾਕੇ ਵਿਚ ਨਹੀਂ ਲਾਇਆ। ਪੰਜਾਬ ਵਿਚ ਫੂਡ ਪ੍ਰੋਸੈਸਿੰਗ ਦੇ ਬਹੁਤ ਘੱਟ ਯੂਨਿਟ ਲੱਗੇ ਹਨ। ਜੇਕਰ ਖੇਤੀ ਦੀ ਉਪਜ ਨੂੰ ਲਾਹੇਵੰਦ ਕਿੱਤਾ ਬਣਾਉਣਾ ਹੈ ਤਾਂ ਉਸ ਦਾ ਸਿਰਫ ਇਕੋ ਤਰੀਕਾ ਹੈ ਕਿ ਉਸ ਵਿਚ ਫੂਡ ਪ੍ਰੋਸੈਸਿੰਗ ਦਾ ਕੰਮ ਕੀਤਾ ਜਾਂਦਾ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਸਪੀਕਰ ਸਾਹਿਬ, ਬੀਬਾ ਜੀ ਦੇ ਸਮੇਂ ਫੂਡ ਪ੍ਰੋਸੈਸਿੰਗ ਦਾ ਬਹੁਤ ਕੰਮ ਹੋਇਆ ਹੈ। ਤੁਸੀਂ ਲਾਡੋਵਾਲ ਜਾ ਕੇ ਵੇਖੋ ਉਥੇ ਫੂਡ ਪਾਰਕ ਬਣਿਆ ਹੈ।

**ਸ਼੍ਰੀ ਬੁੱਧ ਰਾਮ:** ਮੈਂ ਤਾਂ ਆਪਣੇ ਹਲਕੇ ਦੀ ਗੱਲ ਕਰਦਾ ਹਾਂ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਤੁਸੀਂ ਕਿਹਾ ਪੰਜਾਬ ਵਿਚ ਨਹੀਂ ਲਗਾਇਆ।ਮੈਂ ਇਹੀ ਦੱਸ ਰਿਹਾ ਹਾਂ ਕਿ ਜੇਕਰ ਕਿਸੇ ਨੇ ਕੰਮ ਕੀਤਾ ਹੈ ਤਾਂ ਕੀਤਾ ਹੈ। ਤੁਸੀਂ ਲਾਡੋਵਾਲ ਜਾ ਕੇ ਦੇਖੋ ਕਿੰਨੀ ਇੰਡਸਟਰੀ ਫੂਡ ਪ੍ਰੋਸੈਸਿੰਗ ਕਰ ਰਹੀ ਹੈ। ਉਥੇ ਆਲੂ ਦਾ ਪਲਾਂਟ ਲੱਗ ਰਿਹਾ ਹੈ, ਉਥੇ ਬਹੁਤ ਡਿਮਾਂਡ ਹੈ।

**ਸ਼੍ਰੀ ਬੁੱਧ ਰਾਮ:** ਇਹ ਕੰਮ ਬਹੁਤ ਵੱਡੇ ਪੱਧਰ ਤੇ ਹੋਣੇ ਚਾਹੀਦੇ ਸੀ। ਮੈਂ ਤਾਂ ਕਹਿੰਦਾ ਹਾਂ ਕਿ ਜਿਸ ਹਲਕੇ ਦਾ ਐਮ.ਪੀ. ਹੋਵੇ ਅਤੇ ਫਿਰ ਮੰਤਰੀ ਵੀ ਬਣ ਜਾਵੇ, ਉਸ ਹਲਕੇ ਵਿਚ ਕੋਈ ਯੂਨਿਟ ਲੱਗ ਜਾਂਦਾ ਤਾਂ ਸਾਡੇ ਹਲਕੇ ਵਿਚ ਬੇਰੁਜ਼ਗਾਰੀ ਦਾ ਬਹੁਤ ਫਰਕ ਪੈਣਾ ਸੀ। ਸੋ, ਪੰਜਾਬ ਆਪਣੀਆਂ ਵਸਤੂਆਂ ਪੈਦਾ ਨਹੀਂ ਕਰ ਸਕਿਆ, ਸਾਨੂੰ ਬਾਹਰੋਂ ਵਸਤੂਆਂ ਮੰਗਵਾਉਣੀਆਂ ਪੈਂਦੀਆਂ ਹਨ, ਜਿਸ ਨਾਲ ਬੇਰੁਜ਼ਗਾਰੀ ਪੈਦਾ ਹੁੰਦੀ ਹੈ। ਅੱਜ ਪੰਜਾਬ ਵਿਚ ਉਦਯੋਗ ਖਤਮ ਹੋ ਗਏ, ਮੰਡੀ ਗੋਬਿੰਦਗੜ੍ਹ ਸੀ, ਖੰਨਾ ਸੀ। ਉੱਥੇ ਕਾਰਖਾਨਿਆਂ ਨੂੰ ਜੰਗਾਲ ਲੱਗਿਆ ਪਿਆ ਹੈ। ਇਸ ਤਰ੍ਹਾਂ ਕਿਉਂ ਹੋ ਗਿਆ। 1967 ਵਿਚ ਅੰਮ੍ਰਿਤਸਰ ਵਿਚ ਨਕਲੀ ਰੇਸ਼ਮ ਦੇ 1200 ਤੋਂ ਵੱਧ ਕਾਰਖਾਨੇ ਸੀ, ਜਿਸ ਵਿਚ 60 ਹਜ਼ਾਰ ਤੋਂ ਵੱਧ ਕਾਰੀਗਰ ਕੰਮ ਕਰਦੇ ਸੀ ਪਰ ਅੱਜ ਇਕ ਵੀ ਕਾਰਖਾਨਾ ਨਹੀਂ ਹੈ। ਆਮਦਨ ਬੰਦ ਹੋ ਗਈ, ਜਿਸ ਕਾਰਨ ਗਰੀਬੀ ਪੈਦਾ ਹੁੰਦੀ ਹੈ। ਉੱਥੇ 19 ਕਾਰਖਾਨੇ ਕੱਪੜੇ ਦੇ ਸੀ, ਉਹ ਬੰਦ ਹੋ ਗਏ। ਮੰਡੀ ਗੋਬਿੰਦਗੜ੍ਹ, ਗੋਰਾਇਆ, ਬਟਾਲਾ ਵਿਚ ਮਸ਼ੀਨਾਂ ਦੇ, ਲੋਹੇ ਦੇ ਵੱਡੇ ਕਾਰਖਾਨੇ ਸੀ, ਉਹ ਬੰਦ ਹੋ ਗਏ। ਇਸ ਤਰ੍ਹਾਂ ਕਿਉਂ ਹੋਇਆ। ਇਸ ਦਾ ਵੱਡਾ ਕਾਰਨ ਲੱਭਣਾ ਪਵੇਗਾ, ਜਿਸ ਕਾਰਨ ਸਾਡੇ ਪੰਜਾਬ ਦੀ ਬਰਬਾਦੀ ਹੋਈ।

ਅ.ਕ./ਅ.ਕ 24.06.2022/5.50

ਅਸੀਂ ਇੰਨੇ ਜ਼ਿਆਦਾ ਪਿੱਛੇ ਹੋ ਗਏ ਕਿ ਜਿਹੜੀ ਆਮਦਨ/ਆਰਥਿਕਤਾ ਸੀ, ਆਰਥਿਕਤਾ ਦੇ ਵਿਕਾਸ ਵਾਸਤੇ ਅਸੀਂ 17ਵੇਂ ਨੰਬਰ ਆ ਗਏ। ਸਾਲ 1970 ਤੋਂ ਲੈ ਕੇ ਸਾਲ 1996 ਤੱਕ 22 ਸਾਲ ਪੰਜਾਬ ਦਾ ਆਰਥਿਕ ਵਿਕਾਸ ਸਭ ਨਾਲੋਂ ਉਪਰ ਰਿਹਾ। ਸਾਲ 1992-1997 ਤੱਕ ਅਸੀਂ 13ਵੇਂ ਰੈਂਕ ਤੇ ਰਹੇ। ਸਾਲ 2002-2007 ਤੱਕ ਅਸੀਂ 17ਵੇਂ ਰੈਂਕ ਤੇ ਰਹੇ ਹਾਂ। ਉਸ ਤੋਂ ਬਾਅਦ ਆਰਥਿਕ ਵਿਕਾਸ ਦੇ ਦਰ ਤੇ ਪੰਜਾਬ 28 ਰਾਜਾਂ ਦੇ ਵਿੱਚ ਅੱਜ 24th ਨੰਬਰ ਤੇ ਹੈ। ਕਰਜ਼ਾ ਬਹੁਤ ਵੱਧ ਗਿਆ। ਕਿਉਂਕਿ ਜਿੱਥੇ production ਹੁੰਦੀ ਹੈ, ਜਿੱਥੋਂ employment ਮਿਲਦੀ ਹੈ। Employment ਕੋਈ ਸਰਕਾਰੀ ਨੌਕਰੀਆਂ ਨੂੰ ਨਹੀਂ ਕਹਿੰਦੇ, ਸਰਕਾਰੀ ਨੌਕਰੀਆਂ ਤਾਂ ਸਿਰਫ 3-4 ਲੱਖ ਹੀ ਹਨ। ਉਸ ਤੋਂ ਵੱਧ ਕਿਸ ਤਰ੍ਹਾਂ ਦੇ ਦਿਆਂਗੇ।

ਅਸੀਂ ਸਾਲ 1976 ਤੋਂ 1996 ਤੱਕ ਪ੍ਰਤੀ ਵਿਅਕਤੀ ਆਮਦਨ ਦੇ ਦਰ ਤੇ ਅਸੀਂ ਇੱਕ ਨੰਬਰ ਤੇ ਰਹੇ ਹਾਂ। ਸਾਲ 1996 ਤੋਂ ਸਾਲ 2011 ਤੱਕ ਅਸੀਂ 11ਵੇਂ ਨੰਬਰ ਤੇ ਆ ਗਏ। ਸਾਲ 2018-19 ਵਿੱਚ ਅਸੀਂ 12ਵੇਂ ਨੰਬਰ ਤੋਂ ਵੀ ਥੱਲੇ ਆ ਗਏ। ਅੱਜ ਅਸੀਂ per capita income ਦੇ ਵਿੱਚ 19ਵੇਂ ਨੰਬਰ ਤੇ ਹਾਂ। ਇਹ ਕਿਸ ਤਰ੍ਹਾਂ ਹੋਇਆ? ਇਸ ਦੇ ਵਿੱਚ ਵੱਡਾ ਕਾਰਨ ਇਹ ਹੈ ਕਿ ਸਾਡੇ ਪੰਜਾਬ ਬਾਰੇ ਕਿਸੇ ਨੇ ਅੱਜ ਤੱਕ ਸੋਚਿਆ ਤੱਕ ਨਹੀਂ ਹੈ। ਜੇਕਰ ਅੱਜ ਅਸੀਂ ਸੋਚਦੇ ਹਾਂ, ਅੱਜ ਜੇਕਰ ਅਸੀਂ ਪਾਲਿਸੀ ਬਣਾਉਦੇ ਹਾਂ ਤਾਂ ਮੈਂ ਧੰਨਵਾਦ ਕਰਦਾ ਹਾਂ ਸਰਦਾਰ ਭਗਵੰਤ ਮਾਨ ਜੀ ਦਾ ਕਿ ਉਨ੍ਹਾਂ ਨੇ ਬਕਾਇਦਾ ਇਸ ਸਬੰਧ ਦੇ ਵਿੱਚ ਇੱਕ ਵੱਡੀ ਗੱਲ ਕੀਤੀ ਹੈ। ਗਵਰਨਰ ਐਡਰੈੱਸ ਵਿੱਚ ਇਹ ਲੜੀ ਨੰ. 50 ਵਿੱਚ ਦਰਸਾਇਆ ਗਿਆ ਹੈ, ਵਾਤਾਵਰਨ ਦਾ ਮੁੱਦਾ ਹੈ। ਸਾਡੇ ਕੋਲ ਕੋਠੀਆਂ ਹਨ, ਕਾਰਾਂ ਹਨ, ਸਾਡੇ ਕੋਲ ਜ਼ਮੀਨ-ਜਾਇਦਾਦ ਹੈ ਪਰ ਜੇਕਰ ਸਾਡਾ ਵਾਤਾਵਰਨ ਹੀ ਖਰਾਬ ਹੋ ਗਿਆ ਤਾਂ ਇਹ ਸਭ ਕਿਸੇ ਕੰਮ ਦਾ ਨਹੀਂ ਹੈ। ਇਸ ਵਾਤਾਵਰਨ ਸਬੰਧੀ ਮਾਨ ਸਾਹਿਬ ਨੇ ਇੱਕ ਵੱਡੀ ਗੱਲ ਇਹ ਕੀਤੀ ਹੈ ਕਿ ਰਾਜ ਸਭਾ ਦਾ ਜਿਹੜਾ ਐਮ.ਪੀ. ਬਣਾਇਆ ਗਿਆ ਹੈ ਉਹ ਸੰਤ ਸੀਚੇਵਾਲ ਜੀ ਨੂੰ ਬਣਾਇਆ ਗਿਆ ਹੈ ਜਿਹੜੇ ਕੇ ਬਹੁਤ ਵੱਡੇ ਵਾਤਾਵਰਨ ਪ੍ਰੇਮੀ ਹਨ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)।(Interruption). ਇਸ ਵਿੱਚ ਕੋਈ ਮਾੜੀ ਗੱਲ ਤਾਂ ਨਹੀਂ ਕੀਤੀ।

ਇਸ ਦਾ ਮਤਲਬ ਇਹ ਹੈ ਕਿ ਸਾਡੀ sincerity, ਮਾਨ ਸਾਹਿਬ ਦੀ sincerity ਹੈ ਕਿ ਉਨ੍ਹਾਂ ਨੂੰ ਰਾਜ ਸਭਾ ਦਾ ਐਮ.ਪੀ ਬਣਾਇਆ ਹੈ, ਸਾਨੂੰ ਉਨ੍ਹਾਂ ਨੂੰ ਸ਼ਾਬਾਸ਼ੀ ਦੇਣੀ ਚਾਹੀਦੀ ਹੈ। ਉਹ ਬਹੁਤ ਵੱਡੇ ਸੰਤ ਹਨ। ਸੋ, ਮੌਸਮੀ ਤਬਦੀਲੀਆਂ ਦੇ ਬਾਰੇ ਗੱਲ ਕਰਦਿਆਂ 19 ਸਾਲ ਦੀ ਕੁੜੀ ਗਰੇਟਾ ਥਨਬਰਗ ਨੇ ਇੱਕ ਗੱਲ ਇੱਕ ਸੰਮੇਲਨ ਵਿੱਚ ਬੋਲਦਿਆਂ ਲੀਡਰਾਂ ਨੂੰ ਕਿਹਾ ਹੈ ਕਿ ਸਾਡਾ ਘਰ ਜਲ ਰਿਹਾ ਹੈ, ਤੁਸੀਂ ਕੋਈ ਠੋਸ ਉਪਰਾਲੇ ਕਰੋ, ਤੁਸੀਂ ਕਹਿੰਦੇ ਹੋ ਕਿ ਅਸੀਂ ਤੁਹਾਡੇ ਵੱਡੇ ਹਾਂ, ਤੁਹਾਡੇ ਹਿਤਾਂ ਦਾ ਖਿਆਲ ਰੱਖਾਂਗੇ, ਤੁਸੀਂ ਸਾਡਾ ਭਵਿੱਖ ਖਰਾਬ ਕਰ ਰਹੇ ਹੋ, ਮੈਂ ਤੁਹਾਨੂੰ ਪੁੱਛ ਰਹੀ ਹਾਂ ਕਿ ਤੁਸੀਂ ਆਪਣੇ ਬੱਚਿਆਂ ਦੀ ਦੁਨੀਆਂ ਵਿੱਚ ਕੁਝ ਛੱਡੋਗੇ ਵੀ ਨਹੀਂ। ਇੰਨੀ ਵੱਡੀ ਗੱਲ ਇੱਕ 19 ਸਾਲ ਦੀ ਕੁੜੀ ਗਰੇਟਾ ਥਨਬਰਗ ਨੇ ਕਹੀ ਸੀ। ਵਾਤਾਵਰਨ ਬਹੁਤ ਵੱਡਾ ਮੁੱਦਾ ਹੈ, ਪਾਣੀ ਅਤੇ ਹਵਾ ਬਚਾਉਣ ਦੀ ਲੋੜ ਹੈ। ਮੈਂ ਤਾਂ ਹੀ ਕਹਿੰਦਾ ਹਾਂ ਕਿ ਸਾਡੇ ਪੰਜਾਬ ਦੇ ਵਿੱਚ ਜਦੋਂ ਪਾਣੀ ਬਚਾਉਣ ਦੀ ਗੱਲ ਕੀਤੀ ਜਾਂਦੀ ਹੈ ਤਾਂ ਪਹਿਲਾ ਕੋਈ ਮੁੱਖ ਮੰਤਰੀ ਹੈ ਜਿਸ ਨੇ 1500 ਕਿਹਾ ਹੈ, ਮੂੰਗੀ ਦੇ ਉੱਤੇ ਐਮ.ਐਸ.ਪੀ ਦੇਣ ਦੀ ਗੱਲ ਕੀਤੀ ਹੈ, ਜੇ ਕੋਈ ਘਾਟ ਰਹਿ ਗਈ ਤਾਂ ਪੂਰੀ ਹੋ ਜਾਵੇਗੀ। ਸਿਨਸੀਅਰਟੀ ਤਾਂ ਬੰਦੇ ਦੇ ਵਿੱਚ ਹੈ। ਜਿਹੜੀ 55000 ਹੈਕਟੇਅਰ ਮੂੰਗੀ ਹੁੰਦੀ ਸੀ ਅੱਜ ਸਵਾ ਲੱਖ ਹੈਕਟੇਅਰ ਮੂੰਗੀ ਬੀਜੀ ਗਈ ਹੈ। ਮਾਨਸਾ ਇਸ ਦੇ ਵਿੱਚ ਇੱਕ ਨੰਬਰ ਤੇ ਹੈ। ਲੋਕਾਂ ਦੀ ਇਸ ਦੇ ਨਾਲ ਆਮਦਨ ਵੀ ਵਧੇਗੀ। ਅੱਜ ਦਾਲਾਂ , ਸਬਜ਼ੀਆਂ ਮਹਿੰਗੀਆਂ ਹੋ ਗਈਆਂ ਹਨ। ਮੈਂ ਆਮ ਤੌਰ ਤੇ ਜਦੋਂ ਵੀ ਕਿਸੇ ਪਿੰਡ ਵਿੱਚ ਜਾਂਦਾ ਹਾਂ, ਮੀਟਿੰਗ ਕਰਦਾ ਹਾਂ, ਮੈਂ ਘੱਟੋ ਘੱਟ ਹਰੇਕ ਜ਼ਿੰਮੀਂਦਾਰ ਨੂੰ ਜਿਹੜਾ ਵੀ ਖੇਤੀ ਕਰਦਾ ਹੈ, ਉਸ ਨੂੰ ਇਹ ਬੇਨਤੀ ਕਰਦਾ ਹਾਂ ਕਿ ਤੁਹਾਡੇ Tubewell ਲੱਗੇ

ਹਨ, ਤੁਸੀਂ ਘੱਟੋ ਘੱਟ ਇੱਕ ਕਿਆਰਾ ਤਾਂ ਸਬਜ਼ੀ ਦਾ ਲਗਾ ਲਓ। ਜਿਹੜਾ ਜ਼ਿੰਮੀਂਦਾਰ ਹੈ ਉਹ ਤਾਂ ਆਪਣੀ ਸਬਜ਼ੀ ਆਪ ਉਗਾਵੇ ਤੇ ਖਾਵੇ, ਇਸ ਤਰ੍ਹਾਂ ਮੰਡੀ ਦੇ ਵਿੱਚ ਫਰਕ ਪੈ ਜਾਵੇਗਾ। ਸਪਲਾਈ ਵੱਧ ਜਾਵੇਗੀ, ਰੇਟ ਘੱਟ ਜਾਣਗੇ। ਅਸੀਂ ਜਿਹੜੇ ਸ਼ਹਿਰਾਂ ਦੇ ਲੋਕ ਹਨ ਜਿਹੜੇ ਮੁੱਲ ਸਬਜ਼ੀ ਲੈ ਕੇ ਖਾਂਦੇ ਹਾਂ ਸਾਨੂੰ ਸਸਤੀ ਤੇ ਵਧੀਆ ਮਿਲਣ ਦੀ ਸੰਭਾਵਨਾ ਵੱਧ ਜਾਵੇਗੀ। ਇਹ ਆਪਾਂ ਨੂੰ ਸੋਚਣਾ ਪਵੇਗਾ। ਅਸੀਂ ਆਪਣੇ ਬੱਚਿਆਂ ਲਈ ਵਧੀਆ ਪਾਣੀ, ਧਰਤੀ ਤੇ ਹਵਾ ਨਹੀਂ ਦੇ ਸਕੇ। ਮੈਂ ਇੱਕ ਵਿਦਵਾਨ ਦੀ ਗੱਲ ਸੁਣੀ ਸੀ। ਪੰਜਾਬੀ ਯੂਨੀਵਰਸਿਟੀ ਦੇ ਵਿੱਚ ਇੱਕ ਬਹੁਤ ਵੱਡਾ ਸੰਮੇਲਨ ਹੋਇਆ, ਉੱਥੇ ਇੱਕ ਵਿਦਵਾਨ ਨੇ ਕਿਹਾ ਕਿ ਅਸੀਂ ਆਪਣੇ ਬੱਚਿਆਂ ਨੂੰ ਵਧੀਆ ਧਰਤੀ ਤੇ ਹਵਾ ਨਹੀਂ ਦੇ ਰਹੇ, ਜਿਸ ਕਰਕੇ ਸਾਡੇ ਤੇ ਇਲਜ਼ਾਮ ਰਹੇਗਾ, ਅਸੀਂ ਚੰਗੇ ਮਾਂ-ਪਿਓ ਤੇ ਨੇਤਾ ਤਾਂ ਹੀ ਕਹਾ ਸਕਦੇ ਹਾਂ ਜੇਕਰ ਬਿਨਾਂ ਦੇਰੀ ਕੀਤੇ ਧਰਤੀ ਤੇ ਵਾਤਾਵਰਨ ਨੂੰ ਬਚਾਉਣ ਲਈ ਰਾਜ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਉਪਰਾਲੇ ਕਰਨੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਸੋ, ਮਾਨ ਸਾਹਿਬ ਦੀ ਸਰਕਾਰ ਪਾਣੀ ਤੇ ਹਵਾ ਨੂੰ ਬਚਾਉਣ ਵਾਸਤੇ ਦ੍ਰਿੜ੍ਹ ਨਿਸ਼ਚਾ ਕਰਦੀ ਹੈ।

5.55 / 24.06.2022 ਤਰਲੋਚਨ ਸਿੰਘ / ਹਰਜਿੰਦਰ ਸਿੰਘ ਟਿਵਾਣਾ

ਜਿਹੜਾ ਪਾਣੀ ਹੈ, ਹਵਾ ਹੈ, ਅਸੀਂ ਧਰਤੀ ਨੂੰ ਬਚਾਉਣ ਵਾਸਤੇ ਉਪਰਾਲੇ ਕਰਾਂਗੇ।

ਐਸ.ਸੀ. ਭਾਈਚਾਰੇ ਦੀ ਗੱਲ ਕਰੀਏ। ਸਰਕਾਰ ਨੂੰ ਹਾਲੇ ਤਿੰਨ ਮਹੀਨੇ ਹੀ ਹੋਏ ਹਨ। ਸਕੀਮਾਂ ਬਣ ਰਹੀਆਂ ਹਨ। ਪਹਿਲਾ ਬਜਟ 27 ਤਾਰੀਖ ਨੂੰ ਹੈ। ਬਜਟ ਤੋਂ ਪਹਿਲਾਂ ਤਾਂ ਅਸੀਂ ਕੁਝ ਕਰ ਵੀ ਨਹੀਂ ਸਕਦੇ। ਬਜਟ ਤੋਂ ਬਾਅਦ ਸਕੀਮਾਂ ਬਣਨਗੀਆਂ। ਸਾਨੂੰ ਪਤਾ ਹੈ ਕਿ ਇੱਕ ਸਾਲ ਵਿੱਚ ਸਾਡੇ ਹਸਪਤਾਲਾਂ ਵਿੱਚ ਦਵਾਈਆਂ ਫਰੀ ਹੋ ਜਾਣਗੀਆਂ। ਮੈਨੂੰ ਇਸ ਗੱਲ ਦਾ ਪੱਕਾ ਪਤਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅੱਜ ਅਮੀਰ ਬੰਦਾ ਜਾਂ ਆਪਾਂ ਸਾਰੇ ਚਾਰ ਪੈਸੇ ਕਮਾ ਸਕਦੇ ਹਾਂ। ਆਪਾਂ ਇਲਾਜ ਤੇ ਲੋੜ ਪੈਣ ਤੇ ਦੋ ਲੱਖ ਰੁਪਿਆ ਜਾਂ ਡੇਢ ਲੱਖ ਰੁਪਿਆ ਲਗਾ ਸਕਦੇ ਹਾਂ। ਪਰੰਤੂ ਦਵਾਈ ਦੀ ਲੋੜ ਕਿਸ ਨੂੰ ਹੈ? ਦਵਾਈ ਦੀ ਲੋੜ ਗਰੀਬ ਨੂੰ ਹੈ। ਜਿਹੜਾ ਦੋ ਸੌ ਰੁਪਿਆ ਦਿਹਾੜੀ ਕਮਾਉਂਦਾ ਹੈ, ਉਹ ਸੌ ਰੁਪਿਆ ਡਾਕਟਰ ਦੀ ਫੀਸ ਦਿੰਦਾ ਹੈ ਅਤੇ ਡਾਕਟਰ ਤਿੰਨ ਸੌ ਦੀਆਂ ਦਵਾਈਆਂ ਲਿਖਦਾ ਹੈ, ਇਹ ਅਸੀਂ ਨਹੀਂ ਕਰ ਸਕਦੇ। ਜੇਕਰ ਕਿਸੇ ਸ਼ਹਿਰ ਵਿੱਚ ਦਵਾਈ ਫਰੀ ਹੋ ਜਾਂਦੀ ਹੈ ਤਾਂ ਸਭ ਤੋਂ ਵੱਧ ਫਾਇਦਾ ਗਰੀਬ ਦਾ ਹੋਣਾ ਹੈ।

ਸਾਡੀ ਸਰਕਾਰ ਸਿੱਖਿਆ ਅਤੇ ਸਿਹਤ ਇਨ੍ਹਾਂ ਦੋ ਮੁੱਦਿਆਂ ਤੇ ਖੜ੍ਹੀ ਹੈ। ਪੂਰੇ ਮੁੱਦੇ ਲੈ ਕੇ ਅਸੀਂ ਚੋਣਾਂ ਵੀ ਲੜੀਆਂ ਹਨ। ਦਿੱਲੀ ਵਿੱਚ ਸਾਡੀ ਸਰਕਾਰ ਦੇ ਸੁਪਰੀਮੋ ਨੇ ਇਨ੍ਹਾਂ ਦੋਨਾਂ ਮੁੱਦਿਆਂ ਤੇ ਕੰਮ ਵੀ ਕੀਤਾ ਹੈ। ਜੇਕਰ ਅਮਰੀਕਾ ਦੇ ਰਾਸ਼ਟਰਪਤੀ ਦੀ ਘਰਵਾਲੀ ਮੇਲੇਨੀਆ ਟਰੰਪ ਆਈ ਹੈ ਤਾਂ ਉਸ ਨੇ ਮੋਦੀ ਦੇ ਸਕੂਲ ਨਹੀਂ ਦੇਖੇ, ਉਸ ਨੇ ਕੇਜਰੀਵਾਲ ਦੇ ਸਕੂਲ ਦੇਖੇ ਸਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜੇਕਰ ਕੋਈ ਅਮੀਰ ਆਦਮੀ ਹੈ ਤਾਂ ਉਹ ਆਪਣਾ ਬੱਚਾ ਪੜ੍ਹਾ ਸਕਦਾ ਹੈ। ਉਹ ਲੱਖ ਰੁਪਿਆ ਫੀਸ ਵੀ ਦੇ

ਸਕਦਾ ਹੈ, 50 ਹਜ਼ਾਰ ਜਾਂ 25 ਹਜ਼ਾਰ ਫੀਸ ਵੀ ਦੇ ਸਕਦਾ ਹੈ। ਪਰੰਤੂ ਜੇ ਫੀਸ ਨਾ ਦੇ ਸਕਣ ਵਾਲਿਆਂ ਦੀ ਗੱਲ ਕਰੀਏ ਤਾਂ ਉਹ ਗਰੀਬ ਬੰਦਾ ਹੈ, ਜਿਹੜਾ ਫੀਸ ਨਹੀਂ ਦੇ ਸਕਦਾ। ਅਸੀਂ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਵਧੀਆ ਕਰ ਦਿਆਂਗੇ, ਇਨਫਰਾਸਟਰੱਕਚਰ, ਡਿਵੈਲਪਮੈਂਟ ਵਧੀਆ ਕਰ ਦਿਆਂਗੇ। ਮੰਤਰੀ ਜੀ ਵੀ ਬੈਠੇ ਹਨ, ਇਹ ਇਕੱਲੇ ਇਕੱਲੇ ਸਕੂਲ ਵੀ ਜਾ ਕੇ ਆਏ ਹਨ।

ਇਸ ਤਰ੍ਹਾਂ ਜੇਕਰ ਹਸਪਤਾਲਾਂ ਵਿੱਚ ਦਵਾਈ ਅਤੇ ਸਕੂਲਾਂ ਵਿੱਚ ਸਿੱਖਿਆ ਵਧੀਆ ਮਿਲ ਜਾਵੇਗਾ ਤਾਂ ਗਰੀਬ ਲੋਕਾਂ ਵਾਸਤੇ ਸਭ ਤੋਂ ਵਧੀਆ ਅਤੇ ਵੱਡੀ ਗੱਲ ਹੋਵੇਗੀ।

ਸੋ, ਮੈਂ ਲਾਸਟ ਵਿੱਚ ਮਾਫੀਆ ਦੀ ਗੱਲ ਕਰਦਾ ਹਾਂ। ਜਿਵੇਂ ਕਿ ਰੇਤਾ ਹੈ, ਹੁਣ ਘਰ ਪਾਉਣਾ ਬਹੁਤ ਮਹਿੰਗਾ ਹੋ ਗਿਆ ਹੈ। ਸੀਮਿੰਟ, ਬਜਰੀ ਅਤੇ ਰੇਤਾ ਬਹੁਤ ਮਹਿੰਗਾ ਹੋ ਗਿਆ ਹੈ। ਮੈਂ ਮੰਤਰੀ ਜੀ ਨੂੰ ਸ਼ਾਬਾਸ਼ ਦਿੰਦਾ ਹਾਂ। ਮੈਂ ਇੱਕ ਵਾਰ ਕ੍ਰਿਸ਼ਨ ਕੁਮਾਰ, ਆਈ.ਏ.ਐਸ. ਦੇ ਦਫ਼ਤਰ ਸਾਢੇ ਨੌਂ ਵਜੇ ਗਿਆ। ਉਨ੍ਹਾਂ ਨੇ 9 ਵਜੇ ਆ ਕੇ ਲੈਪਟਾਪ ਤੇ ਮਾਈਨਿੰਗ ਨਾਲ ਸਬੰਧਿਤ ਅਫ਼ਸਰ, ਇਕੱਲੇ ਇਕੱਲੇ ਐਕਸੀਅਨ ਨਾਲ ਠੋਕ ਵਜਾ ਕੇ ਗੱਲ ਕਰ ਰਿਹਾ ਸੀ। ਰੇਤਾ ਵਿੱਚ ਸ਼ਾਇਦ ਇੱਕ ਦੋ ਪ੍ਰਸੈਂਟ ਰਹਿ ਗਿਆ ਹੋਵੇਗਾ, ਪੂਰੀ ਮਾਈਨਿੰਗ ਵਿੱਚੋਂ ਮਾਫੀਆ ਖਤਮ ਹੋ ਚੁੱਕਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਮੇਰੇ ਹਲਕੇ ਬੁਢਲਾਡਾ ਵਿੱਚ 50-55 ਰੁਪਏ ਕੁਇੰਟਲ ਰੇਤਾ ਹੈ ਜੋ ਕਿ ਪਹਿਲਾਂ 80 ਰੁਪਏ ਸੀ। ਇਸ ਤੋਂ ਬਾਅਦ ਜਲਦੀ ਹੀ ਹੋਰ ਸਸਤਾ ਹੋ ਜਾਵੇਗਾ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ** : ਪੰਜਾਬ ਦੇ ਲੋਕਾਂ ਨੂੰ ਪੁੱਛੋ।

**ਸ਼੍ਰੀ ਬੁੱਧ ਰਾਮ** : ਮੈਂ ਕਿੱਥੇ ਰਹਿੰਦਾ ਹਾਂ? ਮੈਂ ਪੰਜਾਬ ਦਾ ਆਮ ਲੋਕ ਹੀ ਹਾਂ। ਸਾਡੇ ਕੋਲ ਜ਼ਮੀਨ ਜਾਇਦਾਦ ਨਹੀਂ ਹੈ। ਅਸੀਂ ਆਮ ਲੋਕ ਹੀ ਹਾਂ।ਇਹੀ ਸਮਾਂ ਸੀ ਜਦੋਂ ਹਰੇਕ ਬੰਦੇ ਦੇ ਘਰ ਟਿੱਪਰ ਲੱਗਾ ਹੁੰਦਾ ਸੀ। ਸਾਰਿਆਂ ਨੇ ਟਿੱਪਰ ਲਗਾਏ ਹੋਏ ਸਨ। ਜਿੰਨਾ ਵਾਤਾਵਰਣ ਖਰਾਬ ਕੀਤਾ ਹੈ, ਕਾਂਗਰਸ ਸਮੇਂ ਹੋਇਆ ਹੈ। ਮੰਨਣਾ ਪਵੇਗਾ ਕਿ ਤੁਸੀਂ ਵਿੱਚ ਹੀ ਸੀ, ਤੁਸੀਂ ਸਾਰੇ ਹੀ ਵਿੱਚ ਸੀ, ਹਰੇਕ ਮੰਤਰੀ ਦੇ ਘਰ ਟਿੱਪਰ ਸੀ। (ਵਿਘਨ) (ਸ਼ੋਰ) ਪੈਸੇ ਕਮਾਏ ਜਾ ਰਹੇ ਸਨ।

**ਇੱਕ ਆਵਾਜ਼** : ਤੁਸੀਂ ਸਾਰਿਆਂ ਬਾਰੇ ਨਹੀਂ ਕਹਿ ਸਕਦੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ)

**ਸ਼੍ਰੀ ਬੁੱਧ ਰਾਮ** : ਮੈਂ ਸਾਰਿਆਂ ਦੀ ਗੱਲ ਨਹੀਂ ਕਰਦਾ। (ਵਿਘਨ) (ਸ਼ੋਰ) ਮੈਂ ਸਾਰਿਆਂ ਦੀ ਗੱਲ ਨਹੀਂ ਕਰਦਾ, ਇਹ ਜੰਗੀ ਪੱਧਰ ਤੇ ਹੋ ਰਿਹਾ ਸੀ। (ਸ਼ੋਰ)

**ਮਾਨਯੋਗ ਸਪੀਕਰ** : ਬੁੱਧ ਰਾਮ ਜੀ, ਇੱਕ ਮਿੰਟ। ਲੀਡਰ ਆਫ ਦਿ ਆਪੋਜ਼ੀਸ਼ਨ ਖੜ੍ਹੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਬੁੱਧ ਰਾਮ ਜੀ, ਤੁਸੀਂ ਤਾਂ ਬਹੁਤ ਪੜ੍ਹੇ ਲਿਖੇ ਹੋ। ਇਹ ਜਿਹੜੀ ਸਵੀਪਿੰਗ ਸਟੇਟਮੈਂਟ ਹੈ, ਇਹ ਚੰਗੀ ਨਹੀਂ ਲੱਗਦੀ।

**ਮਾਨਯੋਗ ਸਪੀਕਰ** : ਬਾਜਵਾ ਸਾਹਿਬ, ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਹਾਂ ਜੀ, ਸੌਰੀ ਸਰ। ਇਹ ਨਾ ਕਰੋ। ਜੇਕਰ ਅਸੀਂ ਨਾਂ ਲੈਣੇ ਸ਼ੁਰੂ ਕਰ ਦਿੱਤੇ ਤਾਂ ਤੁਹਾਨੂੰ ਤਕਲੀਫ ਹੋਣੀ ਸ਼ੁਰੂ ਹੋ ਜਾਣੀ ਹੈ।

**(ਕਈ ਆਵਾਜ਼ਾਂ** : ਨਾਂ ਲਉ, ਨਾਂ ਲਉ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਇਸ ਤਰ੍ਹਾਂ ਨਾ ਕਰੋ। ਇਸ ਦਾ ਕੋਈ ਫਾਇਦਾ ਨਹੀਂ ਹੈ। ਅਸੀਂ ਇਸੇ ਗੱਲ ਕਾਰਨ ਬੇਨਤੀ ਕਰਦੇ ਹਾਂ ਕਿ ਆਪਾਂ ਥੋੜ੍ਹਾ ਜਿਹਾ decorum of the House ਮੇਨਟੇਨ ਕਰੀਏ। Sweeping statement ਨਾ ਦਿੱਤੀ ਜਾਵੇ।(ਵਿਘਨ)

**ਮਾਨਯੋਗ ਸਪੀਕਰ** : ਬੁੱਧ ਰਾਮ ਜੀ, ਤੁਸੀਂ ਗੱਲ ਸੁਣ ਲਉ, ਫਿਰ ਜਵਾਬ ਦੇ ਦਿਉ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਬੁੱਧ ਰਾਮ ਜੀ, ਤੁਸੀਂ ਤਾਂ ਪ੍ਰੋਫੈਸਰ ਹੋ। ਕੋਈ ਅਨਪੜ੍ਹ ਬੰਦਾ ਇਹੋ ਜਿਹੀ ਸਟੇਟਮੈਂਟ ਦੇਵੇ ਤਾਂ ਫੱਬਦਾ ਹੈ। ਸਵੀਪਿੰਗ ਸਟੇਟਮੈਂਟ ਨਾ ਦਿਉ। ਜੇਕਰ ਕਿਸੇ ਦਾ ਨਾਂ ਹੈ ਤਾਂ ਨਾਂ ਦੱਸੋ।

**ਮਾਨਯੋਗ ਸਪੀਕਰ** : ਬਾਜਵਾ ਸਾਹਿਬ, ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਤੁਹਾਨੂੰ ਪੂਰਨ ਛੁੱਟੀ ਹੈ, ਜਿਸ ਦੇ ਮਰਜ਼ੀ ਦੁਆਲੇ ਹੋ ਜਾਵੋ, ਉਸ ਨੂੰ ਫੜੋ। ਕਿਸ ਨੇ ਰੋਕਿਆ ਹੈ? ਪਰੰਤੂ ਸਾਰੇ ਹਾਊਸ ਨੂੰ ਇੱਕੋ ਬਰਸ਼ ਦੇ ਨਾਲ ਬਰਸ਼ ਕਰਨਾ ਚੰਗੀ ਗੱਲ ਨਹੀਂ ਹੈ। (ਵਿਘਨ) (ਸ਼ੋਰ)

**ਸ਼੍ਰੀ ਬੁੱਧ ਰਾਮ** : ਸਰ, ਦੋ ਮਿੰਟ ਜੀ।

**ਮਾਨਯੋਗ ਸਪੀਕਰ** : ਖਹਿਰਾ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਇਹ ਜਿਹੜਾ ਸਦਨ ਹੈ, ਇਹ ਫਰਜ਼ੀ ਗੱਲਾਂ ਕਰਨ ਲਈ ਨਹੀਂ ਹੈ ਯਾਂ Fictitious claim ਬਣਾਉਣ ਨਾਲ ਇੱਥੇ ਕੁਝ ਨਹੀਂ ਵਾਪਰਨਾ। Yes efforts are going on. Efforts to control illegal mining ਹੋ ਰਹੇ ਹਨ ਲੇਕਿਨ ਸ੍ਰੀ ਅਨੰਦਪੁਰ ਸਾਹਿਬ ਦੇ ਹਲਕੇ ਵਿੱਚ Taraf Majari and Shansowali villages ਵਿੱਚ 31 ਫੁੱਟ ਡੂੰਘੀ ਮਾਈਨਿੰਗ recently ਫੜੀ ਗਈ ਹੈ। Speaker Sahib, the videos are viral on Twitter, on Facebook.

N.R.

ਮ/ ਬ.ਸ./ 6.00/ 24.06.2022

ਲੇਕਿਨ ਸ੍ਰੀ ਅਨੰਦਪੁਰ ਸਾਹਿਬ ਦੇ ਹਲਕੇ ਵਿੱਚ ਥੋੜ੍ਹੇ ਦਿਨ ਪਿੱਛੇ ਤਰਖ ਮਜਾਰੀ ਪਿੰਡ, ਸੈਂਸੋਵਾਲੀ ਪਿੰਡ ਵਿੱਚ 31 ਫੁੱਟ ਡੂੰਘੀ ਮਾਈਨਿੰਗ ਫੜੀ ਗਈ ਹੈ ਜਿਸ ਦੀਆਂ ਟਵਿੱਟਰ, ਫੇਸਬੁੱਕ ਤੇ ਵੀਡੀਓਜ਼ ਵਾਇਰਲ ਹੋ ਰਹੀਆਂ ਹਨ। (ਵਿਘਨ) ਦੇਖੋ, ਹੁਣ ਬੁਰਾ ਲੱਗ ਰਿਹਾ ਹੈ, ਧਾਲੀਵਾਲ ਜੀ ਹਰ ਇੱਕ ਗੱਲ ਦਾ ਬੁਰਾ ਨਾ ਮਨਾਓ। ਤੁਸੀਂ ਕਹੋ ਕਿ ਅਸੀਂ ਕੋਸ਼ਿਸ਼ ਕਰ ਰਹੇ ਹਾਂ, ਅਸੀਂ ਮੰਨਾਂਗੇ।

**ਸ਼੍ਰੀ ਬੁੱਧ ਰਾਮ :** ਸਪੀਕਰ ਸਾਹਿਬ, ਮੈਂ ਇਹ ਗੱਲ ਕਹੀ ਹੈ ਕਿ 5-10% ਰਹਿ ਸਕਦੇ ਹਨ, ਅਜੇ ਥੋੜ੍ਹਾ ਸਮਾਂ ਹੀ ਹੋਇਆ ਹੈ। ਬਹੁਤ ਵਧੀਆ ਕੰਮ ਚੱਲ ਰਿਹਾ ਹੈ ਤੇ ਮਾਫੀਆ ਵੀ ਵੱਡੀ ਪੱਧਰ ਤੇ ਕੰਟਰੋਲ ਵਿੱਚ ਆਇਆ ਹੈ। ਪੰਜਾਬ ਯੂਨੀਵਰਸਿਟੀ ਦੀ ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਅਸੀਂ ਪੰਜਾਬ ਯੂਨੀਵਰਸਿਟੀ ਦੇ ਬਿਲਕੁਲ ਹੱਕ ਵਿੱਚ ਹਾਂ, ਸਾਡੇ ਸਿੱਖਿਆ ਮੰਤਰੀ ਸਾਹਿਬ ਦਾ ਵੀ ਬਿਆਨ ਆਇਆ ਸੀ ਤੇ ਮੁੱਖ ਮੰਤਰੀ ਸਾਹਿਬ ਦਾ ਵੀ ਬਿਆਨ ਆਇਆ ਸੀ ਕਿ ਪੰਜਾਬ ਪੰਜਾਬੀਆਂ ਦਾ ਹੈ। ਇਹ ਸਾਡਾ ਵਿਰਸਾ ਹੈ। ਸਾਡੇ ਪੰਜਾਬ ਦੇ ਲਗਭਗ ਜਿੰਨੇ ਵੀ ਵੱਡੇ ਕਾਲਜ ਹਨ, ਉਹ ਪੰਜਾਬ ਨਾਲ ਐਫੀਲੀਏਟਿਡ ਹਨ। ਅੱਜ ਵੀ ਅਸੀਂ ਸਦਨ ਵਿੱਚ ਆਮ ਆਦਮੀ ਪਾਰਟੀ ਵੱਲੋਂ ਕਹਿੰਦੇ ਹਾਂ, ਅਸੀਂ ਸਾਰੇ ਮੰਤਰੀ ਜੀ ਵੱਲ ਜਾ ਕੇ ਆਏ ਹਾਂ ਤੇ ਮੰਤਰੀ ਜੀ ਦਾ ਬਿਆਨ ਵੀ ਆਇਆ ਹੈ ਕਿ ਪੰਜਾਬ ਯੂਨੀਵਰਸਿਟੀ ਨੂੰ ਬਚਾਉਣ ਵਾਸਤੇ ਜਿੰਨਾ ਵੀ ਆਮ ਆਦਮੀ ਪਾਰਟੀ ਦਾ ਯੋਗਦਾਨ ਬਣਦਾ ਹੋਵੇਗਾ ਉਹ ਪੱਕਾ ਹੋਵੇਗਾ, ਇਹ ਸਾਡੇ ਵਿਰਸੇ ਦਾ ਮਸਲਾ ਹੈ, ਇਸ ਵਿੱਚ ਪੰਜਾਬੀਆਂ ਦਾ ਮਸਲਾ ਹੈ, ਸਾਡੇ ਕੋਲ ਯੂਨੀਵਰਸਿਟੀਆਂ ਰਹਿ ਕੀ ਗਈਆਂ ਹਨ? ਪੰਜਾਬ ਯੂਨੀਵਰਸਿਟੀ ਹੈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਹੈ ਤੇ ਇੱਕ ਪੰਜਾਬੀ ਯੂਨੀਵਰਸਿਟੀ ਹੈ। ਸੋ, ਸਿੱਖਿਆ ਦੇ ਮਾਮਲੇ ਵਿੱਚ ਲਗਭਗ ਸਾਡੀ ਪਾਰਟੀ ਪੂਰੀ ਕੋਸ਼ਿਸ਼ ਕਰ ਰਹੀ ਹੈ ਕਿ ਇਸ ਵਿੱਚ ਬੇਸਿਕ ਚੇਂਜ ਲਿਆ ਕੇ ਘਰ-ਘਰ ਵਿੱਚ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਦੀ ਕੋਸ਼ਿਸ਼ ਕਰਾਂਗੇ। ਹੁਣ ਸਮਾਂ ਜ਼ਿਆਦਾ ਹੋ ਗਿਆ ਹੈ। ਸੋ, ਮੈਂ ਸਪੀਕਰ ਸਾਹਿਬ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਬੋਲਣ ਦਾ ਮੌਕਾ ਦਿੱਤਾ। ਧੰਨਵਾਦ ਜੀ। (ਥੰਪਿੰਗ)

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.)**: ਸਤਿਕਾਰਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਅੱਜ ਇਸ ਸਦਨ ਦੇ ਅੰਦਰ ਬੋਲਣ ਦਾ ਮੌਕਾ ਦਿੱਤਾ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਗਵਰਨਰ ਐਡਰੈਸ ਦੇ ਉਤੇ ਬੋਲਣ ਦਾ ਮੈਨੂੰ ਮੌਕਾ ਮਿਲ ਰਿਹਾ ਹੈ। ਮੈਂ ਪਹਿਲੀ ਵਾਰੀ ਚੁਣ ਕੇ ਪੰਜਾਬ ਦੀ ਵਿਧਾਨ ਸਭਾ ਵਿੱਚ ਆਇਆ ਹਾਂ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਬੇਨਤੀ ਹੈ ਕਿ ਉਨ੍ਹਾਂ ਦੀ ਲੱਤ ਵਿੱਚ ਤਕਲੀਫ ਹੈ।

**ਮਾਨਯੋਗ ਸਪੀਕਰ:** ਤੁਸੀਂ ਬੈਠ ਕੇ ਬੋਲ ਲਓ, ਬੈਠ ਕੇ ਬੋਲੋ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ:** ਕੋਈ ਗੱਲ ਨਹੀਂ ਜੀ। ਮੈਂ ਪਹਿਲੀ ਵਾਰੀ ਵਿਧਾਨ ਸਭਾ ਵਿੱਚ ਚੁਣ ਕੇ ਆਇਆ ਹਾਂ ਔਰ ਪਹਿਲੀ ਵਾਰ ਸਦਨ ਦੇ ਅੰਦਰ ਬੋਲਣ ਦਾ ਮੌਕਾ ਮਿਲਿਆ ਹੈ। ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਤੇ ਆਪਣੀ ਪਾਰਟੀ ਦਾ ਵੀ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣੀ ਪਾਰਟੀ ਵੱਲੋਂ ਬੋਲਣ ਦਾ ਮੈਨੂੰ ਮੌਕਾ ਦਿੱਤਾ ਹੈ। ਅੱਜ ਪੰਜਾਬ ਦੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਪੰਜਾਬ ਦੇ ਲੋਕਾਂ ਨੇ ਇੱਕ ਬਹੁਤ ਵੱਡੀ ਉਮੀਦ ਨਾਲ 92 ਐਮ.ਐਲ.ਏ. ਬਣਾ ਕੇ ਪੰਜਾਬ ਦੀ ਵਿਧਾਨ ਸਭਾ ਦੇ ਅੰਦਰ ਭੇਜੇ ਸਨ ਤਾਂ ਮੈਂ ਸਮਝਦਾ ਹਾਂ ਕਿ ਜੋ ਕੁਝ ਪੰਜਾਬ ਦੇ ਅੰਦਰ ਸਰਕਾਰ ਨੇ ਕਿਹਾ ਸੀ ਅੱਜ ਉਹ ਆਪਣੀਆਂ ਇੱਛਾਵਾਂ ਦੇ ਉਤੇ ਖਰੇ ਨਹੀਂ ਉਤਰ ਰਹੇ ਹਨ। ਮੈਂ ਸਭ ਤੋਂ ਪਹਿਲਾਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਦੇ ਭਾਸ਼ਣ ਅੰਦਰ ਇਹ ਲਿਖਿਆ ਗਿਆ ਹੈ ਕਿ ਸਭ ਨੂੰ ਸਤਿਕਾਰ ਦਿੱਤਾ ਜਾਵੇਗਾ ਤੇ ਹਰੇਕ ਦੇ ਮਾਣ-ਸਨਮਾਨ ਦੀ ਬਹਾਲੀ ਵਾਸਤੇ ਗੱਲ ਕੀਤੀ ਜਾਵੇਗੀ। ਮੈਂ ਅੱਜ ਤੁਹਾਡੇ ਮਾਧਿਅਮ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇੱਥੇ ਮਾਣ-ਸਨਮਾਨ ਦੀ ਕੋਈ ਗੱਲ ਨਹੀਂ ਹੋ ਰਹੀ। ਜਦੋਂ ਪੰਜਾਬ ਦੇ ਚੁਣੇ ਹੋਏ ਨੁਮਾਇੰਦੇ ਸਾਡੇ ਮਾਨਯੋਗ ਬਾਜਵਾ ਸਾਹਿਬ ਅਤੇ ਰਾਜਾ ਵੜਿੰਗ ਜੀ ਦੀ ਅਗਵਾਈ ਹੇਠ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੂੰ ਮਿਲਣ ਵਾਸਤੇ ਗਏ ਤਾਂ ਜਿਹੜਾ ਨਿਰਾਦਰ ਸੀ.ਐਮ. ਹਾਊਸ ਦੇ ਅੰਦਰ ਚੁਣੇ ਹੋਏ ਨੁਮਾਇੰਦਿਆਂ ਦਾ ਕੀਤਾ ਗਿਆ ਮੈਂ ਸਮਝਦਾ ਹਾਂ ਕਿ ਇਹ ਬਿਲਕੁਲ ਠੀਕ ਨਹੀਂ ਹੈ। ਉਨ੍ਹਾਂ ਨੂੰ ਚੁੱਕ ਕੇ ਜੇਲ ਦੇ ਅੰਦਰ ਬੰਦ ਕਰਕੇ ਉਨ੍ਹਾਂ ਉਤੇ ਮੁਕੱਦਮੇ ਦਰਜ ਕਰਨਾ ਮੈਂ ਇਸ ਦੀ ਘੋਰ ਨਿੰਦਾ ਕਰਦਾ ਹਾਂ ਕਿ ਇਹ ਸਨਮਾਨ ਦੀ ਗੱਲ ਨਹੀਂ ਹੈ।

ਸ.ਸ.-ਬ.ਸ./06:05/24.06.2022

ਦੂਸਰਾ, ਮੈਂ ਅੱਜ ਇਸ ਮੌਕੇ ਉੱਤੇ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਸਰਕਾਰ ਨੇ ਇਸ ਭਾਸ਼ਣ ਦੇ ਰਾਹੀਂ ਕਿਹਾ ਕਿ ਪੰਜਾਬ ਦੇ ਅੰਦਰ ਵਿਕਾਸ ਦੇ ਉੱਤੇ ਅਸੀਂ ਚੋਣ ਲੜ ਕੇ ਆਏ ਹਾਂ ਔਰ ਪੰਜਾਬ ਦਾ ਵਿਕਾਸ ਕੀਤਾ ਜਾਵੇਗਾ। ਸ਼ਾਇਦ ਪੰਚਾਇਤ ਮੰਤਰੀ ਸਾਹਿਬ ਚਲੇ ਗਏ ਹਨ। ਮੈਂ 25 ਸਾਲ ਆਪਣੇ ਪਿੰਡ ਦਾ ਲਗਾਤਾਰ ਸਰਪੰਚ ਰਿਹਾ ਹਾਂ ਔਰ ਮੈਂ ਅਸਤੀਫਾ ਦੇਣ ਤੋਂ ਬਾਅਦ ਇੱਥੇ ਸਹੁੰ ਚੁੱਕ ਕੇ ਆਇਆ ਹਾਂ। ਅੱਜ ਪੰਜਾਬ ਦੇ ਅੰਦਰ ਵਿਕਾਸ ਕਿਤੇ ਵੀ ਦਿਖਾਈ ਨਹੀਂ ਦੇ ਰਿਹਾ, ਪੰਚਾਇਤਾਂ ਦੇ ਕੰਮ ਬਿਲਕੁਲ ਆਰਡਰ ਦੇ ਜ਼ਰੀਏ ਬੀ.ਡੀ.ਪੀ.ਓ. ਦੇ ਰਾਹੀਂ ਬੰਦ ਕਰਵਾਏ ਗਏ ਹਨ ਔਰ ਜੇ ਮੈਂ ਈਸਟ ਬਲਾਕ ਦੀ ਗੱਲ ਕਰਾਂ ਔਰ ਖਾਸ ਕਰਕੇ ਜੇ ਜਲੰਧਰ ਦੀ ਗੱਲ ਕਰਾਂ ਤਾਂ ਇੱਕ ਵੀ ਪਿੰਡ ਦੇ ਅੰਦਰ ਵਿਕਾਸ ਦਾ ਕੰਮ ਨਹੀਂ ਚਲ ਰਿਹਾ। ਮੈਂ ਤੁਹਾਡੇ ਮਾਧਿਅਮ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਹ ਪੰਚਾਇਤਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੇ ਨਾਲ ਬਿਲਕੁਲ ਧੱਕਾ ਹੈ, ਉਨ੍ਹਾਂ ਨੂੰ ਪੰਚਾਇਤਾਂ ਦੇ ਪਏ ਫੰਡ ਖਰਚ ਕਰਨ ਦਾ ਤੁਰੰਤ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ। ਚੁਣੇ ਹੋਏ ਲੋਕਾਂ ਦਾ ਸਨਮਾਨ ਹੋਣਾ ਚਾਹੀਦਾ ਹੈ।

ਦੂਸਰਾ ਜੋ ਕਿਹਾ ਗਿਆ ਕਿ ਔਰਤਾਂ ਨੂੰ ਇੱਕ ਹਜ਼ਾਰ ਰੁਪਿਆ ਪ੍ਰਤੀ ਮਹੀਨਾ ਸਰਕਾਰ ਬਣਨ ਤੋਂ ਬਾਅਦ ਦਿੱਤਾ ਜਾਵੇਗਾ, ਇਹ ਵੀ ਔਰਤਾਂ ਦੇ ਨਾਲ ਇੱਕ ਕੋਝਾ ਮਜ਼ਾਕ ਹੈ ਕਿ ਅੱਜ ਤੱਕ ਇੱਕ ਵੀ ਪੈਸਾ ਕਿਸੇ ਔਰਤ ਨੂੰ ਨਹੀਂ ਦਿੱਤਾ ਗਿਆ। ਪੰਜਾਬ ਦੇ ਅੰਦਰ ਲਾਅ ਐਂਡ ਆਰਡਰ ਦੀ ਇੰਨੀ ਵੱਡੀ ਸਮੱਸਿਆ ਹੈ ਕਿ ਦਿਨ-ਦਿਹਾੜੇ ਗੋਲੀਆਂ ਚਲ ਰਹੀਆਂ ਹਨ, ਨੌਜਵਾਨਾਂ ਦੇ ਕਤਲ ਹੋ ਰਹੇ ਹਨ ਔਰ ਪੰਜਾਬ ਦੇ ਅੰਦਰ ਡਰ ਦਾ ਮਾਹੌਲ ਬਣਿਆ ਹੋਇਆ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਇਸ ਵੇਲੇ ਕਾਂਗਰਸ ਵਿਧਾਇਕਾਂ, ਕਾਂਗਰਸ ਪਾਰਟੀ ਦੇ ਪ੍ਰਧਾਨ ਸਾਹਿਬ ਅਤੇ ਹੋਰ ਬਹੁਤ ਜ਼ਿੰਮੇਵਾਰ ਸਾਡੇ ਸਾਥੀਆਂ ਨੂੰ ਥ੍ਰੈੱਟ-ਕਾਲਜ਼ ਅਤੇ ਉਨ੍ਹਾਂ ਨੂੰ ਸਿੱਧੇ ਤੌਰ ਉੱਤੇ ਫਿਰੌਤੀ ਮੰਗਣ ਦੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ ਜਿਨ੍ਹਾਂ ਦੇ ਨਾਂ ਕੱਲ੍ਹ ਹੀ ਪ੍ਰੈੱਸ ਕਾਨਫੰਰਸ ਜ਼ਰੀਏ ਦੱਸੇ ਗਏ ਹਨ। ਇਹ ਸਰਕਾਰ ਦੀ ਬਿਲਕੁਲ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਾਡੀ ਸੁਰੱਖਿਆ ਨੂੰ ਯਕੀਨੀ ਬਣਾਵੇ। ਜੇਕਰ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਇਹ ਕਹਿਣ ਕਿ ਮੈਨੂੰ ਵੀ ਧਮਕੀਆਂ ਮਿਲ ਰਹੀਆਂ ਹਨ ਤੇ ਮੈਂ ਵੀ ਇੱਥੇ ਸੁਰੱਖਿਅਤ ਨਹੀਂ ਹਾਂ ਤਾਂ ਮੈਂ ਸਮਝਦਾ ਹਾਂ ਕਿ ਜੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਪੰਜਾਬ ਦੇ ਅੰਦਰ ਸੁਰੱਖਿਅਤ ਨਹੀਂ ਹਨ ਤਾਂ ਫਿਰ ਇੱਥੇ ਹੋਰ ਕੌਣ ਸੁਰੱਖਿਅਤ ਹੋ ਸਕਦਾ ਹੈ? ਸਿੱਧੂ ਮੂਸੇਵਾਲਾ ਦਾ ਕਤਲ ਸਾਡੇ ਲਈ ਇੱਕ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ ਔਰ ਇਸ ਨੌਜਵਾਨ ਨੇ ਪੰਜਾਬ ਦੇ ਲੋਕਾਂ ਨੂੰ ਇੱਕ ਆਵਾਜ਼ ਦਿੱਤੀ ਹੈ, ਪੰਜਾਬ ਦੇ ਲੋਕਾਂ ਨੂੰ ਇੱਕ ਜ਼ਜ਼ਬੇ ਭਰੀ ਕੁਰਬਾਨੀ ਦੇ ਕੇ, ਸ਼ਹਾਦਤ ਦੇ ਕੇ, ਮੈਂ ਕਹਾਂਗਾ ਕਿ ਨੌਜਵਾਨਾਂ ਨੂੰ ਇਸ ਗੱਲ ਲਈ ਪ੍ਰੇਰਿਤ ਕੀਤਾ ਕਿ ਹਮੇਸ਼ਾ ਆਪਣੇ ਮਨ ਦੇ ਅੰਦਰ ਮਰ-ਮਿਟਣ ਦਾ ਜ਼ਜ਼ਬਾ ਪੈਦਾ ਕਰੋ, ਕੁਰਬਾਨੀ ਦਾ ਜ਼ਜ਼ਬਾ ਹੋਣਾ ਚਾਹੀਦਾ ਹੈ। ਸਿੱਧੂ ਮੂਸੇਵਾਲੇ ਦੇ ਕਤਲ ਨੇ ਪੰਜਾਬ ਸਰਕਾਰ ਨੂੰ ਬਿਲਕੁਲ ਲੋਕਾਂ ਦੇ ਕਟਹਿਰੇ ਅੰਦਰ ਖੜ੍ਹਾ ਕਰ ਦਿੱਤਾ ਹੈ ਕਿ ਲਾਅ ਐਂਡ ਆਰਡਰ ਦੀ ਸਥਿਤੀ ਪੰਜਾਬ ਦੇ ਅੰਦਰ ਬਿਲਕੁਲ ਵਿਗੜ ਚੁੱਕੀ ਹੈ। ਕਬੱਡੀ ਖਿਡਾਰੀ ਨੰਗਲ ਅੰਬੀਆਂ ਦਾ ਕਤਲ ਅਤੇ ਹੋਰ ਬਹੁਤ ਸਾਰੇ ਕਤਲ ਹੋ ਰਹੇ ਹਨ, ਇਹ ਬਿਲਕੁਲ ਚਿੰਤਾ ਦਾ ਵਿਸ਼ਾ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਮਾਮਲਿਆਂ ਉੱਤੇ ਤੁਰੰਤ ਗੌਰ ਕੀਤਾ ਜਾਣਾ ਚਾਹੀਦਾ ਹੈ। ਜੇ ਇਸ ਨੌਜਵਾਨ ਨੇ ਸ਼ਹਾਦਤ ਦਿੱਤੀ ਹੈ, ਮੈਂ ਸਮਝਦਾ ਹਾਂ ਕਿ ਉਸ ਦੀ ਸ਼ਹਾਦਤ ਕਾਂਗਰਸ ਪਾਰਟੀ ਵਿਅਰਥ ਨਹੀਂ ਜਾਣ ਦੇਵੇਗੀ, ਉਸ ਘਰ ਦਾ ਚਿਰਾਗ ਬੁੱਝ ਗਿਆ ਹੈ। ਅੱਜ ਜਿਸ ਵਿਅਕਤੀ ਨੇ ਕੁਰਬਾਨੀ ਦਿੱਤੀ ਹੈ ਮੈਂ ਚੰਦ ਸ਼ਬਦ ਉਸ ਲਈ ਇਸ ਮੌਕੇ ਉੱਤੇ ਕਹਿਣਾ ਚਾਹੁੰਦਾ ਹਾਂ ਕਿ:

ਵੀਰ, ਨੌਜਵਾਨ ਤੂੰ ਭਾਵੇਂ ਦੁਨੀਆਂ ਤੋਂ ਚਲਾ ਗਿਆ ਹੈ, ਨੌਜਵਾਨਾਂ ਦੇ ਲਈ ਤੂੰ ਪ੍ਰੇਰਨਾ ਸਰੋਤ ਸੀ,
नौजवानों की शहादत किसी क़ौम की तामीर होती है,

वतन के इश्क़ की ये मुँह बोलती तस्वीर होती है,

वो क्या पाएगा सुख चैन जो दुख सह नहीं सकता

और जिसे मरना नहीं आता वो जिन्दा रह नहीं सकता।

ਮੈਂ ਸਮਝਦਾ ਹਾਂ ਕਿ ਉਹ ਵਿਅਕਤੀ ਹਮੇਸ਼ਾ ਦੁਨੀਆਂ ਉੱਤੇ ਜ਼ਿੰਦਾ ਰਹੇਗਾ। ਸੋ, ਮੈਂ ਅੱਜ ਇਸ ਮੌਕੇ ਉੱਤੇ ਹੋਰ ਜ਼ਿਆਦਾ ਨਾ ਬੋਲਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਚੰਗੇ ਤਰੀਕੇ ਨਾਲ ਸੁਰੱਖਿਅਤ ਰੱਖਣ ਲਈ ਇਸ ਨੂੰ ਯਕੀਨੀ ਬਣਾਇਆ ਜਾਵੇ। ਪੰਚਾਇਤਾਂ ਦੇ ਕੰਮਾਂ ਨੂੰ ਤੁਰੰਤ ਚਲਾਇਆ ਜਾਵੇ। ਪੰਜਾਬ ਦੇ ਅੰਦਰ ਜਿਹੜਾ ਵਾਅਦਾ ਕਰਕੇ ਪੰਜਾਬ ਸਰਕਾਰ ਆਈ ਹੈ, ਬਹੁਤ ਸਾਰੇ ਵਿਧਾਇਕ ਇੱਥੇ ਬੈਠੇ ਹਨ, ਜਿਹੜੇ ਕਹਿੰਦੇ ਸੀ ਕਿ ਅਸੀਂ 24 ਘੰਟਿਆਂ ਅੰਦਰ ਪੰਜਾਬ ਵਿਚੋਂ ਨਸ਼ਾ ਖਤਮ ਕਰ ਦੇਵਾਂਗੇ। ਅਜੇ ਤੱਕ ਵੀ ਸਥਿਤੀ ਜਿਉਂ ਦੀ ਤਿਉਂ ਬਰਕਰਾਰ ਹੈ। ਪੰਜਾਬ ਦੇ ਅੰਦਰ ਜਿਹੜੀਆਂ ਜ਼ਮੀਨਾਂ ਖਾਲੀ ਕਰਵਾਈਆਂ ਜਾ ਰਹੀਆਂ ਹਨ, ਮੈਂ ਸਮਝਦਾ ਹਾਂ ਕਿ ਇਹ ਇੱਕ ਚੰਗਾ ਕਦਮ ਹੈ, ਅਸੀਂ ਇਸ ਦੀ ਸ਼ਲਾਘਾ ਕਰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਕਿਸੇ ਉੱਤੇ ਅਜਿਹੀ ਇਲਜ਼ਾਮਬਾਜ਼ੀ ਕਰਕੇ ਕਿਸੇ ਨੂੰ ਇਸ ਸਦਨ ਦੇ ਅੰਦਰ ਬਿਨਾਂ ਕਿਸੇ ਕਾਰਨ ਭੰਡਿਆ ਨਾ ਜਾਵੇ।

ਗ.ਕੌ./ਰ.ਕ./6.10/24.06.2022

ਸਰਕਾਰ ਜਿਹੜਾ ਵੀ ਕੋਈ ਚੰਗਾ ਕਦਮ ਚੁੱਕੇਗੀ ਅਸੀਂ ਕਾਂਗਰਸ ਪਾਰਟੀ ਵੱਲੋਂ ਉਸ ਦੀ ਸ਼ਲਾਘਾ ਕਰਾਂਗੇ। ਅਗਰ ਕੋਈ ਝੂਠੀ ਗੱਲ ਕਹਿਣ ਦੀ ਸਦਨ ਦੇ ਅੰਦਰ ਗੱਲ ਹੋਵੇਗੀ ਤਾਂ ਉਸ ਚੀਜ਼ ਦਾ ਵਿਰੋਧ ਵੀ ਕੀਤਾ ਜਾਵੇਗਾ। ਸੋ, ਮੈਂ ਅੱਜ ਦੇ ਇਸ ਮੌਕੇ ਤੇ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਇਸ ਸਦਨ ਦੀ ਖਾਸ ਕਰਕੇ ਜਿਸ ਦਿਨ ਤੁਸੀਂ ਚੁਣੇ ਗਏ ਸੀ ਅਸੀਂ ਤੁਹਾਨੂੰ ਵਧਾਈ ਦਿੱਤੀ ਸੀ। ਇਸ ਸਦਨ ਦੀ ਮਾਣ ਮਰਿਆਦਾ ਨੂੰ ਬਹਾਲ ਰੱਖਿਆ ਜਾਵੇ। ਅਸੀਂ ਇਸ ਦੇ ਲਈ ਤੁਹਾਡਾ ਸਹਿਯੋਗ ਕਰਾਂਗੇ। ਸਾਨੂੰ ਇੱਥੇ ਤੁਸੀਂ ਆਪਣੀ ਗੱਲ ਕਹਿਣ ਦਾ ਮੌਕਾ ਦਿੱਤਾ। ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਧੰਨਵਾਦ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.):** ਸਪੀਕਰ ਸਾਹਿਬ, ਧੰਨਵਾਦ ਜੀ। ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ। ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰੀ ਬਣੀ ਅਤੇ ਜਦੋਂ ਇਨ੍ਹਾਂ ਨੇ ਬਾਬਾ ਸਾਹਿਬ ਅੰਬੇਦਕਰ ਅਤੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਫੋਟੋ ਲਗਾਈ ਤਾਂ ਮੈਨੂੰ ਬਹੁਤ ਚੰਗਾ ਲੱਗਿਆ ਕਿਉਂਕਿ ਉਸ ਦੇ ਕਾਰਨ ਸੀ। ਮੈਂ ਉਸ ਹਲਕੇ ਤੋਂ ਹਾਂ ਜਿੱਥੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਜਨਮ ਹੋਇਆ। ਜਿੱਥੇ ਉਨ੍ਹਾਂ ਨੇ ਇਨਕਲਾਬ ਦੇ ਨਾਅਰੇ ਲਗਾਉਣੇ ਸ਼ੁਰੂ ਕੀਤੇ ਸੀ। ਮੈਂ ਉਸ ਧਰਤੀ ਤੋਂ ਆਉਂਦਾ ਹਾਂ ਜਿੱਥੇ ਬਾਬਾ ਸਾਹਿਬ ਅੰਬੇਦਕਰ ਜੀ ਨੂੰ ਮੰਨਣ ਵਾਲੇ ਵੱਡੀ ਗਿਣਤੀ ਵਿੱਚ ਲੋਕ ਰਹਿੰਦੇ ਹਨ। ਦਲਿਤ ਸਮਾਜ ਦੀ 45% ਪਾਪੂਲੇਸ਼ਨ ਸ਼ਹੀਦ ਭਗਤ ਸਿੰਘ

ਨਗਰ ਵਿੱਚ ਰਹਿੰਦੀ ਹੈ। ਜੋ ਹਾਲਾਤ ਅੱਜ ਪੰਜਾਬ ਅੰਦਰ ਬਣੇ ਹਨ, ਬਾਬਾ ਸਾਹਿਬ ਅੰਬੇਦਕਰ ਦੀ ਵਿਚਾਰਧਾਰਾ ਨੂੰ ਦਰਕਿਨਾਰ ਕਰ ਦਿੱਤਾ ਗਿਆ ਹੈ। ਪਿਛਲੇ ਦਿਨੀਂ 7 ਰਾਜ ਸਭਾ ਮੈਂਬਰ ਪੰਜਾਬ ਵਿੱਚੋਂ ਭੇਜੇ ਗਏ। ਡਾਕਟਰ ਅੰਬੇਦਕਰ ਦੀ ਫੋਟੋ ਲਗਾਉਣ ਵਾਲੇ ਇੱਕ ਵੀ ਮੈਂਬਰ ਨੇ ਇਹ ਨਹੀਂ ਕਿਹਾ ਕਿ ਦਲਿਤ ਸਮਾਜ ਦੇ ਵੀ ਇੱਕ-ਦੋ ਮੈਂਬਰ ਰਾਜ ਸਭਾ ਵਿੱਚ ਜਾਣੇ ਚਾਹੀਦੇ ਸਨ। 30 ਦੇ ਕਰੀਬ 1/3 ਹਿੱਸਾ ਐਸ.ਸੀ. ਸਮਾਜ ਦੇ ਲੋਕ ਜਿਹੜੇ ਬਾਬਾ ਸਾਹਿਬ ਅੰਬੇਦਕਰ ਜੀ ਦੀ ਬਦੌਲਤ ਇੱਥੇ ਪਹੁੰਚੇ ਹਨ ਉਨ੍ਹਾਂ ਨੇ ਕਿਸੇ ਨੇ ਵੀ ਆਵਾਜ਼ ਨਹੀਂ ਉਠਾਈ ਕਿ ਦਿੱਲੀ ਰਾਜ ਸਭਾ ਵਿੱਚ ਸਾਡਾ ਵੀ ਮੈਂਬਰ ਜਾਣਾ ਚਾਹੀਦਾ ਹੈ। ਜੇਕਰ ਤੁਸੀਂ ਉਨ੍ਹਾਂ ਦੀ ਆਈਡੋਲੋਜੀ ਤੇ ਨਹੀਂ ਚੱਲਣਾ ਤਾਂ ਮੈਂ ਸਮਝਦਾ ਹਾਂ ਕਿ ਇਹ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦੀ ਜਿਹੜੀ ਫੋਟੋ ਲਗਾਉਂਦੇ ਹੋ, ਉਸ ਦਾ ਨਿਰਾਦਰ ਹੈ। ਜਿਹੜਾ ਤੁਸੀਂ ਇੱਥੇ ਸਟੈਚੂ ਵੀ ਲਗਾਉਣਾ ਹੈ ਉਸ ਦਾ ਵੀ ਅਪਮਾਨ ਹੋਵੇਗਾ। ਛੋਟੇ ਹੁੰਦੇ ਸੁਣਦੇ ਹੁੰਦੇ ਸੀ ਕਿ ਇਨਕਲਾਬ ਜ਼ਿੰਦਾਬਾਦ। ਜਦੋਂ ਵੀ ਅਸੀਂ ਉੱਥੋਂ ਲੰਘਣਾ ਤਾਂ ਸਾਨੂੰ ਖਟਕੜ ਕਲਾਂ ਦੇ ਕੋਲੋਂ ਲੰਘਣਾ ਪੈਂਦਾ ਹੈ। ਅਸੀਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਆਈਡੋਲੋਜੀ ਨਾਲ ਵੀ ਜੁੜੇ। ਪਰ ਅੱਜ ਹਾਲਾਤ ਕੀ ਹੈ? ਅੱਜ ਪੰਚ, ਸਰਪੰਚ, ਐਮ.ਐਲ.ਏ., ਐਮ.ਪੀ., ਇੱਥੋਂ ਤੱਕ ਕਿ ਸੂਬੇਦਾਰ ਵੀ, ਚੀਫ ਮਨਿਸਟਰ ਵੀ ਕਹਿ ਰਿਹਾ ਹੈ ਕਿ ਮੈਨੂੰ ਖਤਰਾ ਹੈ। ਇਨਕਲਾਬ ਕੀ ਸਿਖਾ ਕੇ ਗਿਆ ਹੈ। ਕੀ ਇਨਕਲਾਬ ਨੇ ਸਾਨੂੰ ਇਹ ਕਿਹਾ ਕਿ ਇਸ ਤਰ੍ਹਾਂ ਦਾ ਇਨਕਲਾਬ ਲੈ ਕੇ ਆਉ ਕਿ ਉੱਥੇ ਦੇ ਚੁਣੇ ਹੋਏ ਨੁਮਾਇੰਦੇ ਡਰ ਕੇ ਅੰਦਰ ਵੜ ਜਾਣ। ਕੀ ਸਾਨੂੰ ਇਨਕਲਾਬ ਨੇ ਇਹ ਸਿਖਾਇਆ ਹੈ ਕਿ ਬੇਗੁਨਾਹ ਲੋਕਾਂ ਦੇ ਕਤਲ ਹੋਣ। ਮੈਂ ਇੱਕੋ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨਕਲਾਬ ਦਾ ਜਦੋਂ ਭਗਤ ਸਿੰਘ ਨੇ ਨਾਅਰਾ ਦਿੱਤਾ ਸੀ ਤਾਂ ਅੰਗਰੇਜ਼ ਡਰਿਆ ਸੀ। ਅੱਜ ਜਿਹੜੇ ਲੋਕ ਇੱਥੇ ਆਮ ਜਾਂ ਸ਼ਾਂਤੀ ਨਾਲ ਰਹਿਣਾ ਪਸੰਦ ਕਰਦੇ ਹਨ ਉਹ ਡਰੇ ਹੋਏ ਹਨ। ਸਾਨੂੰ ਇਸ ਦੀ ਪਰਿਭਾਸ਼ਾ ਬਦਲਣੀ ਪਵੇਗੀ। ਕਿਸੇ ਪਾਸੇ ਨੂੰ ਤੁਰਨਾ ਪਵੇਗਾ। ਸਾਡੀ ਛੋਟੀ ਭੈਣ ਬੈਠੀ ਹੈ, (ਕੈਬਿਨਟ ਮੰਤਰੀ ਡਾਕਟਰ ਬਲਜੀਤ ਕੌਰ ਵੱਲ ਇਸ਼ਾਰਾ) ਇਨ੍ਹਾਂ ਨੂੰ ਸ਼ਾਇਦ ਨਾ ਪਤਾ ਹੋਵੇ ਕਿ ਬਾਬਾ ਸਾਹਿਬ ਅੰਬੇਦਕਰ ਜੀ ਕਰਕੇ ਇੱਥੇ ਬੈਠੀ ਹੈ ਇਨ੍ਹਾਂ ਕੋਲ ਇਹ ਮਹਿਕਮਾ ਹੈ 10-10-2014 ਵਿੱਚ ਇੱਕ ਲੈਟਰ ਆਇਆ ਜਿਹੜੀ 85ਵੀਂ ਸੋਧ ਸੀ ਉਹ ਇਸ ਪੰਜਾਬ ਵਿੱਚੋਂ ਖਤਮ ਕਰ ਦਿੱਤੀ ਗਈ ਹੈ। ਡਾਕਟਰ ਰਾਜ ਕੁਮਾਰ ਜੀ ਨੇ ਪਿਛਲੀ ਵਾਰ ਗਲਤੀ ਨਾਲ ਪਤਾ ਨਹੀਂ ਕਿਵੇਂ ਕਹਿ ਦਿੱਤਾ ਕਿ ਸਾਡੀ ਕਾਂਗਰਸ ਸਰਕਾਰ ਵੇਲੇ 85ਵੀਂ ਸੋਧ ਇੱਥੇ ਲਾਗੂ ਹੈ। ਪਰ 10-10-2014 ਦੀ ਲੈਟਰ ਤੋਂ ਬਾਅਦ ਇੱਥੇ ਲਾਗੂ ਨਹੀਂ ਹੈ। ਪਰ ਤੁਸੀਂ ਗੱਲਾਂ ਕਰਦੇ ਹੋ ਕਿ ਅਸੀਂ ਡਾਕਟਰ ਅੰਬੇਦਕਰ ਦੀ ਆਈਡੋਲੋਜੀ ਨੂੰ ਲਾਗੂ ਕਰਨਾ ਹੈ। ਅੱਜ ਪੋਸਟ ਮੈਟ੍ਰਿਕ ਸਕਾਲਰਸ਼ਿਪ ** ** ਉਨ੍ਹਾਂ ਦਾ ਸੈਕਟਰੀ ਕਹਿੰਦਾ ਕਿ 63-64 ਕਰੋੜ ਰੁਪਿਆ ਉਹ ਖਾ ਗਏ। ਅੱਜ ਉਨ੍ਹਾਂ ਦੀ ਇਨਕੁਆਰੀ ਕਿੱਥੇ ਹੈ। ਇੱਥੋਂ ਦੇ ਸਾਬਕਾ ਸੀ.ਐਮ. ** ** 100 ਕਰੋੜ ਰੁਪਿਆ ਉਨ੍ਹਾਂ ਸੰਸਥਾਵਾਂ ਦਾ ਮਾਫ ਕੀਤਾ ਜਿਨ੍ਹਾਂ ਨੇ ਸਰਕਾਰ ਨੂੰ ਪੈਸੇ ਦੇਣੇ ਸਨ। ਇਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ।

**ਮਾਨਯੋਗ ਸਪੀਕਰ:** ਜਿਹੜੇ ਮਾਨਯੋਗ ਮੈਂਬਰ ਹਾਊਸ ਵਿੱਚ ਮੌਜੂਦ ਨਹੀਂ ਹਨ ਉਨ੍ਹਾਂ ਦੇ ਨਾਮ ਰਿਕਾਰਡ ਨਾ ਕੀਤੇ ਜਾਣ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਲਵਲੀ ਯੂਨੀਵਰਸਿਟੀ ਦਾ ਮੁੱਦਾ ਉੱਠਿਆ, ਚੰਡੀਗੜ੍ਹ ਯੂਨੀਵਰਸਿਟੀ ਦਾ ਮੁੱਦਾ ਹੋਇਆ।

ਕੁ.ਕ/ਰ.ਕ/6.15/24.06.2022

ਮੈਂ ਇੱਕ ਗੱਲ ਹੋਰ ਕਹਿਣੀ ਸੀ, ਇਹ ਕਹਿੰਦੇ ਕਿ ਸ਼ਰਾਬ ਤੋਂ ਬਹੁਤ ਪੈਸਾ ਆਉਣਾ ਹੈ। ਕੀ ਅਸੀਂ ਸਾਰੇ ਕੰਮ ਸ਼ਰਾਬ ਤੋਂ ਪੈਸਾ ਕਮਾਉਣ ਲਈ ਕਰਦੇ ਹਾਂ? ਕੀ ਤੁਸੀਂ ਇਸ ਵਿੱਚ ਕੋਈ ਇੱਦਾਂ ਦੀ ਪਾਲਿਸੀ ਲੈ ਕੇ ਆਏ ਕਿ ਜਿਸ ਨਾਲ ਜਿਹੜੇ ਕਿ ਬੇਰੁਜ਼ਗਾਰ ਨੌਜਵਾਨ ਹਨ, ਉਨ੍ਹਾਂ ਦਾ 10 ਪਰਸੈਂਟ, 15 ਪਰਸੈਂਟ ਉਨ੍ਹਾਂ ਦਾ ਕੋਟਾ ਰੱਖ ਲੈਂਦੇ। ਜਿਸ ਤਰ੍ਹਾਂ ਕਿ ਤੁਸੀਂ ਕਹਿੰਦੇ ਹੋ ਕਿ ਆਮ ਆਦਮੀ ਨੇ ਅੱਗੇ ਵਧਣਾ ਹੈ, ਜੇ ਆਮ ਆਦਮੀ ਨੂੰ ਅੱਗੇ ਵਧਾਉਂਦੇ ਤਾਂ ਸ਼ਾਇਦ ਕੁਝ ਚੰਗਾ ਲਗਦਾ। ਅੱਜ ਕਿਉਂਕਿ ਗਵਰਨਰ ਸਾਹਿਬ ਨੇ ਕਿਹਾ ਸੀ ਕਿਸਾਨ ਮਜ਼ਦੂਰ ਦੀ ਭਲਾਈ ਲਈ ਸਭ ਕੁੱਝ ਕਰਨ ਲਈ ਸਰਕਾਰ ਖੜ੍ਹੀ ਹੈ। ਪਰ ਇਸ ਦੇ ਬਿਲਕੁਲ ਉਲਟ ਹੋਇਆ। ਇਨ੍ਹਾਂ ਦੇ ਕਨਵੀਨਰ ਸਾਹਿਬ, ਇਨ੍ਹਾਂ ਦੇ ਪ੍ਰਧਾਨ ਨੇ ਕਿਹਾ ਸੀ ਕਿ ਇੱਕ ਅਪ੍ਰੈਲ ਤੋਂ ਬਾਅਦ ਇੱਕ ਵੀ ਕਿਸਾਨ ਕਰਜ਼ੇ ਕਰਕੇ ਜਾਂ ਉਸ ਦੀ ਫਸਲ ਖਰਾਬ ਹੋਣ ਕਰਕੇ ਸੁਸਾਈਡ ਨਹੀਂ ਕਰੇਗਾ। ਪਰ ਹਰ ਰੋਜ਼ ਸੁਸਾਈਡਜ਼ ਹੁੰਦੀਆਂ ਹਨ। ਅਸੀਂ ਕੀ ਪਾਲਿਸੀ ਲੈ ਕੇ ਆਏ ਹਾਂ? ਅੱਜ ਅਸੀਂ ਸਾਰੇ ਗੱਲ ਕਰਦੇ ਹਾਂ ਕਿ ਕਿਸਾਨ ਨੂੰ ਕੁੱਝ ਮਿਲਣਾ ਚਾਹੀਦਾ ਹੈ। ਪਰ ਮਜ਼ਦੂਰ ਦਾ ਕੋਈ ਸਰਵੇ ਨਹੀਂ ਕਰਵਾਇਆ। ਅੱਜ ਸਰਵੇਜ਼ ਦਾ ਜਿੰਨਾ ਵੀ ਪੈਸਾ ਹੈ, ਉਹ ਕਿਸਾਨਾਂ ਨੂੰ ਮਿਲਦਾ ਹੈ। ਇਹ ਚੰਗੀ ਗੱਲ ਹੈ, ਕਿਉਂਕਿ ਕਿਸਾਨੀ ਬੜੇ ਹੀ ਘਾਟੇ ਦਾ ਸੌਦਾ ਬਣ ਗਈ ਹੈ। ਪਰ ਜਿਹੜਾ ਉਸ ਦੇ ਨਾਲ ਮਜ਼ਦੂਰ ਹੈ, ਜਿਹੜਾ ਉਸ ਦੀ ਵੱਟ ਦੇ ਨਾਲ ਉਸ ਦੇ ਨਾਲ ਬੈਠਾ ਹੈ, ਉਸ ਲਈ ਵੀ ਕੋਈ ਗੱਲ ਕਰੀਏ। ਉਸ ਨੂੰ ਕਿਉਂ ਕੋਈ ਇੰਸੈਟਿਵ ਨਹੀਂ ਦਿੱਤਾ ਜਾਂਦਾ। ਇਹ ਕਹਿੰਦੇ ਸੀ ਕਿ ਨਸ਼ੇ ਪਹਿਲੇ ਦਿਨ ਹੀ ਬੰਦ ਹੋ ਜਾਣੇ ਹਨ। ਮੇਰੇ ਆਪਣੇ ਹਲਕੇ ਦੇ ਵਿੱਚ ਇੱਕ ਪਿੰਡ ਔੜ ਦੇ ਨਾਲ ਗੁੜਪੁੜ ਹੈ। ਉੱਥੇ ਸ਼ਰ੍ਹੇਆਮ ਨਸ਼ਾ ਵਿਕਦਾ ਹੈ। ਹੱਦ ਇਹ ਹੈ ਕਿ ਉਨ੍ਹਾਂ ਨੇ ਜਿੰਨੀ ਵੀ ਗੌਰਮਿੰਟ ਦੀ ਪ੍ਰਾਪਰਟੀ ਹੈ, ਉਨ੍ਹਾਂ ਨੇ ਆਪਣੇ ਘਰ ਤਾਂ ਕੈਮਰੇ ਲਗਾਏ ਹਨ। ਜਦੋਂ ਉਧਰੋਂ ਪੁਲਿਸ ਆਉਂਦੀ ਹੈ ਤਾਂ ਉਹ ਵਾਚ ਕਰਦੇ ਹਨ, ਉਹ ਆਮ ਤੌਰ ਤੇ ਉਧਰੋਂ ਆਉਣ ਨਹੀਂ ਦਿੰਦੇ। ਪਰ ਉਸ ਦੇ ਉੱਤੇ ਐਸ.ਐਸ.ਪੀ ਨੂੰ ਦੱਸਣ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀਂ ਹੋਈ। ਮੈਂ ਹੈਲਥ ਦੀ ਗੱਲ ਜ਼ਰੂਰ ਕਰਾਂਗਾਂ ਕਿਉਂਕਿ ਮੈਂ ਜਿਸ ਪ੍ਰੋਫੈਸ਼ਨ ਵਿੱਚੋਂ ਆਇਆ ਹਾਂ, ਉਸ ਦੀ ਗੱਲ ਕਰਨੀ ਤਾਂ ਬਣਦੀ ਹੈ। ਇਹ ਕਹਿੰਦੇ ਹਨ ਕਿ ਜੇ ਕਿਸੇ ਦਾ ਐਕਸੀਡੈਂਟ ਹੋ ਜਾਵੇ, ਬੇਸ਼ੱਕ ਉਹ ਪ੍ਰਾਈਵੇਟ ਹਸਪਤਾਲ ਹੋਵੇ ਬੇਸ਼ੱਕ ਸਰਕਾਰੀ ਹਸਪਤਾਲ ਹੋਵੇ ਉਸ ਦਾ 100 ਪਰਸੈਂਟ ਇਲਾਜ ਸਰਕਾਰ ਕਰਵਾਏਗੀ। ਤਿੰਨ ਮਹੀਨੇ ਤੋਂ ਉੱਪਰ ਇਨ੍ਹਾਂ ਦਾ

ਸਮਾਂ ਹੋ ਗਿਆ ਹੈ, ਇੱਕ ਐਗਜ਼ਾਂਪਲ ਦੇ ਦੇਵੋ ਕਿ ਫਲਾਣੇ ਆਦਮੀ ਦਾ ਐਕਸੀਡੈਂਟ ਹੋਇਆ ਸੀ, ਅਸੀਂ ਉਸ ਦਾ ਫਰੀ ਇਲਾਜ ਕਰਵਾਇਆ ਹੈ। ਆਯੂਸ਼ਮਾਨ ਯੋਜਨਾ ਵਿੱਚ ਪੰਜ ਲੱਖ ਦਾ ਇਲਾਜ ਫਰੀ ਹੁੰਦਾ ਸੀ।

**ਸ਼੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) (ਬਟਾਲਾ):** ਮਾਨਯੋਗ ਸਪੀਕਰ ਸਾਹਿਬ, ਆਪ ਜੀ ਦਾ ਬਹੁਤ-ਬਹੁਤ ਸ਼ੁਕਰਾਨਾ ਹੈ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਵੱਲੋਂ ਦਿੱਤੇ ਹੋਏ ਭਾਸ਼ਣ ਤੇ ਧੰਨਵਾਦੀ ਪ੍ਰਸਤਾਵ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਪਵਿੱਤਰ ਹਾਊਸ ਵਿੱਚ ਮੈਂ ਪਹਿਲੀ ਵਾਰ ਚੁਣ ਕੇ ਆਇਆ ਹਾਂ। ਮੇਰੀ ਇਹ ਪਹਿਲੀ ਸਪੀਚ ਹੈ। ਇੰਝ ਕਹਿ ਲਈਏ ਕਿ ਜਿਵੇਂ ਨਵੀਂ ਕਲਾਸ ਵਿੱਚ ਦਾਖਲਾ ਲਿਆ ਹੈ। ਹਾਲੇ ਸ਼ੁਰੂਆਤ ਹੈ, ਫਿਰ ਵੀ ਬਹੁਤ ਕੁਝ ਸਿੱਖਣਾ ਹੈ। ਸਪੀਕਰ ਸਾਹਿਬ, ਤੁਹਾਡੇ ਤਜਰਬੇ ਤੋਂ ਅਸੀਂ ਬਹੁਤ ਗੁਣ ਹਾਸਲ ਕਰਨੇ ਹਨ। ਸਪੀਕਰ ਸਾਹਿਬ ਸਭ ਤੋਂ ਪਹਿਲਾਂ ਮੈਂ ਸਾਡੇ ਲੀਡਰ ਆਫ ਦਿ ਹਾਊਸ ਸ਼੍ਰੀ ਭਗਵੰਤ ਮਾਨ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ, ਜਿਨ੍ਹਾਂ ਨੇ ਪੰਜਾਬ ਦੇ ਵਿੱਚ ਬੜੀ ਆਸਥਾ ਪ੍ਰਗਟ ਕਰਕੇ ਇੱਕ ਇਨਕਲਾਬ ਲਿਆਂਦਾ ਹੈ। ਮੈਂ ਤੁਹਾਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਤੁਸੀਂ ਅੱਜ ਲੋਕਤੰਤਰੀ ਢਾਂਚੇ ਦੀ ਸਭ ਤੋਂ ਵੱਡੀ ਸੀਟ ਤੇ ਬਿਰਾਜਮਾਨ ਹੋ। ਮੈਨੂੰ ਉਮੀਦ ਹੀ ਨਹੀਂ ਬਲਕਿ ਪੂਰਨ ਭਰੋਸਾ ਹੈ ਕਿ ਸ਼੍ਰੀ ਭਗਵੰਤ ਮਾਨ ਜੀ ਦੀ ਅਗਵਾਈ ਵਿੱਚ ਪੂਰੀ ਕੈਬਨਿਟ ਅਤੇ ਤੁਹਾਡੀ ਸਰਦਾਰੀ ਵਿੱਚ ਪੰਜਾਬ ਨਵੀਆਂ ਬੁਲੰਦੀਆਂ ਨੂੰ ਛੂਹੇਗਾ। ਸਪੀਕਰ ਸਾਹਿਬ, ਸਾਲ 2022 ਦੇ ਵਿੱਚ ਪੰਜਾਬ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਸਾਬਤ ਹੋਇਆ ਹੈ। ਪੰਜਾਬ ਨੇ ਕੇਵਲ ਪੰਜਾਬ ਨੂੰ ਹੀ ਨਹੀਂ ਬਲਕਿ ਸਮੁੱਚੇ ਦੇਸ਼ ਵਿੱਚ ਇੱਕ ਨਵੀਂ ਦਿਸ਼ਾ ਦਿਖਾਈ ਹੈ। ਇੱਕ ਨਵੇਂ ਸੂਰਜ ਦਾ ਆਗਾਜ਼ ਹੋਇਆ ਹੈ। ਪੰਜਾਬੀਆਂ ਦੀ ਫਿਤਰਤ ਰਹੀ ਹੈ ਕਿ ਇਹ ਹਮੇਸ਼ਾ ਦੇਸ਼ ਦੇ ਸਿਰ ਤੇ ਤਾਜ ਬਣਕੇ ਮੋਹਰੀ ਭੂਮਿਕਾ ਨਿਭਾਉਂਦੇ ਰਹੇ ਹਨ ਅਤੇ ਰਵਾਇਤੀ ਪਰੰਪਰਾਵਾਂ ਨੂੰ ਛੱਡ ਕੇ ਨਵੀਆਂ ਪਿਰਤਾਂ ਪਾਉਂਦੇ ਹਨ। ਅੱਜ ਫਿਰ ਪੰਜਾਬੀਆਂ ਨੇ ਉਹ ਇਤਿਹਾਸ ਦੁਹਰਾਇਆ ਹੈ। ਸਦੀਆਂ ਤੋਂ ਰਾਜਸੱਤਾ ਤੇ ਕਾਬਜ਼ ਪਾਰਟੀਆਂ ਨੂੰ ਦਰਕਿਨਾਰ ਕਰਕੇ ਪੰਜਾਬੀਆਂ ਨੇ ਇੱਕ ਨਵਾਂ ਹੰਭਲਾ ਮਾਰਿਆ ਹੈ। ਇਹ ਨਵੀਂ ਸੋਚ ਦੇਸ਼ ਦੇ ਸਾਹਮਣੇ ਰੱਖੀ ਹੈ। ਇਸ ਇਨਕਲਾਬ ਦੇ ਇਤਿਹਾਸਿਕ ਕਦਮ ਕਰਕੇ ਮੈਂ ਸਮੁੱਚੇ ਪੰਜਾਬੀਆਂ ਨੂੰ ਦਿਲ ਦੀਆਂ ਗਹਿਰਾਈਆਂ ਨਾਲ ਧੰਨਵਾਦ ਕਰਦਾ ਹਾਂ ਅਤੇ ਉਨ੍ਹਾਂ ਦੀ ਸੋਚ ਨੂੰ ਸਲਾਮ ਕਰਦਾ ਹਾਂ। ਸਪੀਕਰ ਸਾਹਿਬ, ਸਾਡੇ ਪਾਰਟੀ ਪ੍ਰਧਾਨ ਮਾਨਯੋਗ ਅਰਵਿੰਦ ਕੇਜਰੀਵਾਲ ਜੀ ਜੋ ਕਿ ਦਿੱਲੀ ਦਾ ਰੋਲ ਮਾਡਲ ਦੇਸ਼ ਦੇ ਸਾਹਮਣੇ ਪੇਸ਼ ਕੀਤਾ। ਉਸ ਰੋਲ ਮਾਡਲ ਨੂੰ ਪੰਜਾਬੀਆਂ ਨੇ ਪ੍ਰਵਾਨ ਕੀਤਾ। ਉਸ ਰੋਲ ਮਾਡਲ ਨੂੰ ਫੁੱਲ ਚੜ੍ਹਾਏ। ਮਾਨਯੋਗ ਕੇਜਰੀਵਾਲ ਜੀ ਦੀ ਸੋਚ ਤੇ ਪਹਿਰਾ ਦਿੰਦਿਆਂ ਹੋਇਆ ਸਾਡੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਜੀ ਨੇ ਜੋ ਕਿ ਵਿਜ਼ਨ ਪੰਜਾਬੀਆਂ ਦੇ ਅੱਗੇ ਰੱਖਿਆ।

ਪ.ਸ./ਮ.ਸ਼./6.20/24.06.2022

ਉਸ ਨੂੰ ਪੰਜਾਬੀਆਂ ਨੇ ਕਿਵੇਂ ਪ੍ਰਵਾਨ ਕੀਤਾ, ਇਹ ਵਿਧਾਨ ਸਭਾ ਦੀਆਂ ਚੋਣਾਂ ਦੇ ਵਿੱਚ ਆਮ ਆਦਮੀ ਪਾਰਟੀ ਦੀ ਇਤਿਹਾਸਕ ਜਿੱਤ ਤੋਂ ਤੁਹਾਨੂੰ ਸਾਨੂੰ ਸਾਫ ਪਤਾ ਲੱਗਾ ਹੈ। ਕੋਈ ਪਰਦਾ ਪਿੱਛੇ ਬਾਕੀ ਨਹੀਂ ਰਹਿ ਗਿਆ। ਸੱਤਾ ਦੇ ਕਾਬਜ਼ ਰੂੜ੍ਹੀਵਾਦ, ਪੂੰਜੀਵਾਦੀਆਂ ਤੇ ਪੰਜਾਬੀਆਂ ਨੇ ਘਰੇ ਬਿਠਾ ਦਿੱਤੇ। ਸਾਧਾਰਨ ਪਰਿਵਾਰਾਂ ਵਿੱਚ ਰਹਿ ਕੇ, ਸਾਧਾਰਨ ਜੀਵਨ ਨਿਰਬਾਹ ਕਰਨ ਵਾਲੇ ਅੱਜ ਪੰਜਾਬ ਦੀ ਸੱਤਾ ਦੇ ਵਿੱਚ ਕਾਬਜ਼ ਹੋ ਗਏ। ਸਪੀਕਰ ਸਾਹਿਬ, ਅੱਜ ਮੈਂ ਆਪਣੇ ਐਮ.ਐਲ.ਏਜ਼ ਭਰਾਵਾਂ ਨੂੰ, ਆਪਣੀਆਂ ਭੈਣਾਂ ਨੂੰ ਦੇਖਦਾ ਹਾਂ, ਹੈਰਾਨੀ ਹੁੰਦੀ ਹੈ, ਕੋਈ ਪ੍ਰੋਫੈਸਰ ਹੈ, ਕੋਈ ਵਕੀਲ ਹੈ, ਕੋਈ ਡਾਕਟਰ ਹੈ, ਇੱਥੋ ਤੱਕ ਕਿ ਪੰਜਾਬ ਦੇ ਬਤੌਰ ਅਫਸਰ ਬਣ ਕੇ ਸੇਵਾ ਕਰਨ ਵਾਲੇ ਪੁਲਿਸ ਰੈਂਕ ਦੇ ਵੱਡੇ ਅਫਸਰ ਅਤੇ ਈ.ਟੀ.ਓ ਦੀ ਸੇਵਾ ਨਿਭਾਉਣ ਵਾਲੇ ਅੱਜ ਸਾਡੀ ਆਮ ਆਦਮੀ ਪਾਰਟੀ ਦਾ ਹਿੱਸਾ ਬਣੇ ਹਨ ਔਰ ਪੰਜਾਬ ਦੀ ਖੁਸ਼ਕਿਸਮਤੀ ਹੈ ਕਿ ਇਸ ਸਰਕਾਰ ਨੂੰ ਇੱਕ ਨਵਾਂ ਵਿਜ਼ਨ ਦੇਣ ਵਾਸਤੇ ਚੰਗੀ ਸੋਚ ਦੇ ਮੈਂਬਰ ਇਸ ਵਿਧਾਨ ਸਭਾ ਦੇ ਵਿੱਚ ਪਹੁੰਚੇ ਹਨ। ਸਪੀਕਰ ਸਾਹਿਬ, ਮੈਂ ਪੰਜਾਬ ਦੀ ਵਿਧਾਨ ਸਭਾ ਦੇ ਵਿੱਚ ਪਹਿਲੀ ਵਾਰ ਆਇਆ ਹਾਂ ਔਰ ਪਹਿਲੀ ਵਾਰ ਇਸ ਬਿਲਡਿੰਗ ਦੇ ਵਿੱਚ ਪੈਰ ਰੱਖੇ ਹਨ, ਪਹਿਲੀ ਵਾਰ ਇਸ ਪਵਿੱਤਰ ਸਦਨ ਦੇ ਵਿੱਚ ਪ੍ਰਵੇਸ਼ ਕੀਤਾ ਹੈ, ਪਹਿਲੀ ਵਾਰ ਲੋਕਤੰਤਰੀ ਢਾਂਚੇ ਨੂੰ ਸਭ ਤੋਂ ਅਹਿਮ ਵਿੰਗ ਦੇ ਨਾਲ ਆਪਣੀ ਅੱਖਾਂ ਦੇ ਸਾਹਮਣੇ ਦੇਖਿਆ ਹੈ। ਜਿਨ੍ਹਾਂ ਕੁਰਸੀਆਂ ਤੇ ਸਰਦਾਰ ਗਿਆਨੀ ਜ਼ੈਲ ਸਿੰਘ ਜੀ, ਸਰਦਾਰ ਪ੍ਰਤਾਪ ਸਿੰਘ ਕੈਰੋਂ ਜੀ, ਪੰਜ ਵਾਰ ਮੁੱਖ ਮੰਤਰੀ ਬਣੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਅਤੇ ਔਰ ਕਿੰਨੇ ਵੀ ਵੱਡੇ ਪਾਰਲੀਮੈਂਟਰੀਜ਼ ਬੈਠਦੇ ਸਨ, ਅੱਜ ਉਨ੍ਹਾਂ ਕੁਰਸੀਆਂ ਤੇ ਇੱਕ ਮੇਰੇ ਵਰਗੇ ਨਿਮਾਣੇ ਨੂੰ ਵੀ ਬੈਠਣ ਦਾ ਮੌਕਾ ਮਿਲਿਆ ਹੈ (ਥੰਪਿੰਗ)। ਸਪੀਕਰ ਸਾਹਿਬ, ਹੌਂਸਲੇ ਬੁਲੰਦ ਹੋਣੇ ਚਾਹੀਦੇ ਹਨ, ਕਾਰਜ ਸਾਰੇ ਹੀ ਸਫਲ ਹੋ ਜਾਂਦੇ ਹਨ। ਸਾਡੀ ਸਾਰੀ ਆਮ ਆਦਮੀ ਪਾਰਟੀ ਦੀ ਟੀਮ ਪੰਜਾਬ ਦੇ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਜੀ, ਸ਼੍ਰੀ ਕੇਜਰੀਵਾਲ ਜੀ ਦੀ ਸੋਚ ਤੇ ਪਹਿਰਾ ਦਿੰਦਿਆਂ ਹੋਇਆਂ ਪੂਰੇ ਹੌਂਸਲੇ ਅਤੇ ਦ੍ਰਿੜ੍ਹ ਇਰਾਦੇ ਦੇ ਨਾਲ ਪੰਜਾਬ ਅਤੇ ਪੰਜਾਬੀਅਤ ਦਾ ਭਲਾ ਕਰਨ ਦੇ ਲਈ ਇਸ ਨੂੰ ਅਸੀਂ ਹਰ ਇੱਕ ਮੁਕਾਮ ਤੇ ਅੱਗੇ ਲਿਜਾਉਣ ਲਈ ਤਤਪਰ ਰਹਾਂਗੇ। ਸਪੀਕਰ ਸਾਹਿਬ, ਪੰਜ ਸਾਲ ਦੇ ਇਸ ਪੀਰੀਅਡ ਦੇ ਵਿੱਚ ਤੁਹਾਡੀ ਨਿਗ੍ਹਾ ਸਵੱਲੀ ਚਾਹੀਦੀ ਹੈ। ਤਕਰੀਬਨ 90 ਦੇ ਕਰੀਬ ਮੈਂਬਰ ਚੁਣੇ ਗਏ ਹਨ, ਸਿੱਖਣ ਦੀ ਸਾਡੇ ਅੰਦਰ ਭਾਵਨਾ ਹੈ, ਅਗਵਾਈ ਤੁਸੀਂ ਕਰਨੀ ਹੈ, ਮੈਂ ਇਹ ਬੇਨਤੀ ਕਰਾਂਗਾ ਕਿ ਸਮੁੱਚੇ ਮੈਂਬਰਾਂ ਦੀ ਵਿਧਾਨ ਸਭਾ ਦੇ ਵਿੱਚ ਕਲਾਸ ਜ਼ਰੂਰ ਲਗਾਓ ਤਾਂ ਕਿ ਸਾਰੇ ਸਿਸਟਮ ਦਾ ਪਤਾ ਲੱਗ ਸਕੇ। ਸਾਰੇ ਮੈਂਬਰਾਂ ਦੀਆਂ ਡਿਊਟੀਆਂ ਕੀ ਹਨ, ਸਦਨ ਦੀਆਂ ਕਮੇਟੀਆਂ ਸਬੰਧੀ ਉਹ ਜਾਣੂ ਹੋ ਸਕਣ, ਇਹ ਬਹੁਤ ਜ਼ਰੂਰੀ ਹੈ। ਦੂਸਰੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਦਨ ਦੀਆਂ ਸਿਟਿੰਗਜ਼ ਜ਼ਿਆਦਾ ਹੋਣੀਆਂ ਚਾਹੀਦੀਆਂ ਹਨ। ਸਾਲ ਵਿੱਚ ਘੱਟੋ ਘੱਟ ਤਿੰਨ ਵਾਰ ਵਿਧਾਨ ਸਭਾ ਸੈਸ਼ਨ ਜੁੜਨਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਮਸਲਿਆਂ ਦਾ ਉਸਾਰੂ ਹੱਲ ਇੱਥੇ ਹੋ ਸਕੇ (ਆਪੋਜੀਸ਼ਨ ਵੱਲੋਂ ਥੰਪਿੰਗ)। ਪਿਛਲਿਆਂ ਸਮਿਆਂ ਦੇ ਵਿੱਚ ਬਜਟ ਸੈਸ਼ਨ ਹਫਤਾ ਹੀ ਚਲਦਾ ਸੀ।

## EXTENSION OF TIME OF THE SITTING OF THE HOUSE

**ਮਾਨਯੋਗ ਸਪੀਕਰ**: ਇੱਕ ਮਿੰਟ ਜੀ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦਾ ਸਮਾਂ ਅੱਧਾ ਘੰਟਾ ਹੋਰ ਵਧਾ ਲਈਏ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਸਦਨ ਦਾ ਸਮਾਂ ਅੱਧਾ ਘੰਟਾ ਹੋਰ ਵਧਾਇਆ ਜਾਂਦਾ ਹੈ।

## MOTION OF THANKS AND DISCUSSION ON GOVERNOR'S ADDRESS *(Resumption)*

**ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ):** ਔਰ ਸਦਨ ਦੇ ਵਿੱਚ ਪੰਜ ਸੱਤ ਮਿੰਟ ਦਾ ਸਮਾਂ ਬੋਲਣ ਲਈ ਦਿੱਤਾ ਜਾਂਦਾ ਸੀ। ਸਪੀਕਰ ਸਾਹਿਬ, ਖੁੱਲ੍ਹਾ ਸਮਾਂ ਮੈਂਬਰਾਂ ਨੂੰ ਦਿੱਤਾ ਜਾਵੇ ਕਿ ਆਪਣੇ ਹਲਕੇ ਦੀ ਬਿਹਤਰੀ ਲਈ ਯੋਗ ਸੁਝਾਅ ਦੇ ਸਕਣ। ਤੀਸਰੀ ਮੇਰੀ ਬੇਨਤੀ ਇਹ ਹੈ ਕਿ ਸਾਰੇ ਮੈਂਬਰ ਹਰ ਮਤੇ ਤੇ ਹਰ ਸਵਾਲ ਤੇ ਹਰ ਬਿਲ ਤੇ ਪੂਰੀ ਤਿਆਰੀ ਕਰਕੇ ਹਾਊਸ ਵਿੱਚ ਆਉਣ ਔਰ ਆਪਣੇ ਯੋਗ ਸੁਝਾਅ ਹਾਊਸ ਵਿੱਚ ਦੇਣ। ਪੁਲਿਟੀਕਲੀ ਪੱਧਰ ਦੇ ਵਿੱਚ ਸਾਡੀ ਸਪੀਚ ਹੋਰ ਹੁੰਦੀ ਹੈ, ਇਸ ਪਵਿੱਤਰ ਸਦਨ ਦੇ ਵਿੱਚ ਸਾਨੂੰ ਸਾਰਿਆਂ ਨੂੰ ਰਲ ਕੇ ਪੰਜਾਬ ਦੀ ਬਿਹਤਰੀ ਲਈ ਸੁਝਾਅ ਦੇਣੇ ਚਾਹੀਦੇ ਹਨ ਤਾਂ ਜੋ ਪੰਜਾਬ ਅੱਗੇ ਵੱਧ ਸਕੇ। ਚੌਥੀ ਮੇਰੀ ਬੇਨਤੀ ਇਹ ਹੈ ਕਿ ਹਰ ਮਹੀਨੇ ਮੁੱਖ ਮੰਤਰੀ ਜੀ ਘੱਟੋ ਘੱਟ ਇੱਕ ਦਿਨ ਵਿਧਾਨ ਸਭਾ ਦੀ ਬਿਲਡਿੰਗ ਵਿੱਚ ਮੀਟਿੰਗ ਜ਼ਰੂਰ ਰੱਖਣ ਤਾਂ ਜੋ ਸਾਰੇ ਮੈਂਬਰ ਉਨ੍ਹਾਂ ਕੋਲੋਂ ਯੋਗ ਅਗਵਾਈ ਲੈ ਸਕਣ ਔਰ ਜਿਵੇਂ ਕਿ ਕਿਸੇ ਮੈਂਬਰ ਨੂੰ ਮੁਸ਼ਕਲ ਆਉਂਦੀ ਹੈ, ਉਨ੍ਹਾਂ ਦੇ ਅੱਗੇ ਰੱਖ ਸਕਣ। ਪਿੱਛੇ ਦੇਖਿਆ ਗਿਆ ਹੈ ਕਿ ਚਾਰ-ਚਾਰ ਸਾਲ ਉਸ ਪਾਰਟੀ (ਆਪੋਜੀਸ਼ਨ ਵੱਲ ਇਸ਼ਾਰਾ) ਦੇ ਮੁੱਖ ਮੰਤਰੀ ਐਮ.ਐਲ.ਏਜ਼ ਸਾਹਿਬਾਨਾਂ ਨੂੰ ਮਿਲਦੇ ਹੀ ਨਹੀਂ ਸਨ ਔਰ ਆਮ ਬੰਦੇ ਦਾ ਮਿਲਣਾ ਤਾਂ ਬਹੁਤ ਦੂਰ ਦੀ ਗੱਲ ਸੀ, ਫਿਰ ਵੀ ਪੰਜਾਬ ਦਾ ਭਲਾ ਹੋ ਸਕਦਾ ਹੈ, ਨਤੀਜਾ ਤੁਹਾਡੇ ਸਾਹਮਣੇ ਹੈ। ਪੰਜਵੀਂ ਮੇਰੀ ਬੇਨਤੀ ਹੈ ਕਿ ਵਿਧਾਨ ਸਭਾ ਦੀ ਕਮੇਟੀ ਸਿਸਟਮ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਅਫਸਰਸ਼ਾਹੀ ਦੀ ਜਵਾਬਦੇਹੀ ਨੂੰ ਨਿਸ਼ਚਿਤ ਬਣਾਇਆ ਜਾਵੇ।

**24.6.2022/ਜਸਪਾਲ/ਮੋਨਿਕਾ/6.25**

ਸਪੀਕਰ ਸਾਹਿਬ, ਮੈਂ ਅੰਤ ਵਿੱਚ ਆਪ ਜੀ ਨੂੰ ਅਤਿ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਕ ਪਾਕ ਪਵਿੱਤਰ ਸਦਨ ਦੇ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਲਈ ਇਹ ਬੜੀ ਖੁਸ਼ੀ ਦਾ ਪਲ ਹੈ ਕਿ ਮੈਂ ਇਸ ਪਵਿੱਤਰ ਸਦਨ ਦੇ ਵਿੱਚ ਪੰਜਾਬ ਵਾਸੀਆਂ ਦੀ ਅਵਾਜ਼ ਉਠਾ ਰਿਹਾ ਹਾਂ ਔਰ ਬਹੁਤ ਕੁਝ ਸਿੱਖਣਾ ਚਾਹੁੰਦਾ ਹਾਂ, ਹਾਲੇ ਮੇਰਾ ਦਾਖਲਾ ਹੈ। ਤੁਹਾਡੀ ਅਗਵਾਈ ਵਿੱਚ ਅਸੀਂ ਬਹੁਤ ਕੁਝ ਸਿੱਖਾਂਗੇ, ਪੰਜਾਬ ਨੂੰ ਅਸੀਂ ਨਵੀਂ

ਬੁਲੰਦੀਆਂ ਉਤੇ ਲੈ ਕੇ ਜਾਣ ਦੀ ਪੂਰਨ ਜ਼ੋਰ ਤੇ ਕੋਸ਼ਿਸ਼ਾਂ ਕਰਾਂਗੇ। ਸਪੀਕਰ ਸਾਹਿਬ, ਆਪ ਜੀ, ਮਾਨਯੋਗ ਮੁੱਖ ਮੰਤਰੀ ਜੀ ਅਤੇ ਸਮੂਹ ਮੈਂਬਰ ਸਾਹਿਬਾਨਾਂ ਦਾ ਧੰਨਵਾਦ ਜਿਨ੍ਹਾਂ ਨੇ ਮੇਰੀ ਇਸ ਬਹਿਸ ਨੂੰ ਬੜੇ ਧਿਆਨ ਨਾਲ ਸੁਣਿਆ। ਧੰਨਵਾਦ ਜੀ। (ਥੰਪਿੰਗ)

**ਮਾਨਯੋਗ ਸਪੀਕਰ:** ਮੈਂ ਮਾਨਯੋਗ ਮੈਂਬਰ ਸਾਹਿਬਾਨ ਦਾ ਬੜਾ ਧੰਨਵਾਦੀ ਹਾਂ ਕਿ ਸ਼ੈਰੀ ਕਲਸੀ ਜੀ ਪਹਿਲੀ ਵਾਰੀ ਬੋਲੇ ਸੀ ਔਰ ਸਾਰਿਆਂ ਨੇ ਇਨ੍ਹਾਂ ਨੂੰ ਉਤਸ਼ਾਹਿਤ ਕੀਤਾ ਹੈ। ਬਹੁਤ ਧੰਨਵਾਦ । ਸ਼੍ਰੀ ਜਗਦੀਪ ਸਿੰਘ ਗੋਲਡੀ ਕੰਬੋਜ ਜੀ। ਬੈਠੇ ਨਹੀਂ ਹਨ। ਹਾਂ ਜੀ, ਸ਼੍ਰੀ ਇੰਦਰਬੀਰ ਸਿੰਘ ਨਿੱਜਰ ਜੀ।

**ਸਰਦਾਰ ਇੰਦਰਬੀਰ ਸਿੰਘ ਨਿੱਜਰ (ਅੰਮ੍ਰਿਤਸਰ ਦੱਖਣੀ) :** ਸਪੀਕਰ ਸਾਹਿਬ, ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਅੱਜ ਗਵਰਨਰ ਸਾਹਿਬ ਦੇ ਐਡਰੈਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਰਦਾਰ ਅਵਤਾਰ ਸਿੰਘ ਸੰਧੂ ਜਿਨ੍ਹਾਂ ਨੂੰ ਅਸੀਂ ਸਬ ਪਾਸ ਦੇ ਨਾਂ ਤੇ ਜਾਣਦੇ ਹਾਂ। ਉਹ ਕਹਿੰਦੇ ਹਨ ਕਿ ਸਭ ਤੋਂ ਖਤਰਨਾਕ ਹੈ ਸੁਪਨਿਆਂ ਦਾ ਮਰ ਜਾਣਾ। ਸੋ, ਪਿਛਲੇ ਦਿਨੀਂ ਲੋਕਾਂ ਨੇ ਸੁਪਨੇ ਵੇਖਣੇ ਬੰਦ ਕਰ ਦਿੱਤੇ ਸੀ ਕਿਉਂਕਿ ਉਨ੍ਹਾਂ ਨੂੰ ਡਰ ਲੱਗਦਾ ਸੀ, ਜਿਹੜੇ ਸਾਡੇ ਬੱਚੇ ਬਾਹਰ ਫਾਰਨ ਕੰਟਰੀਜ਼ ਵਿਚ ਜਾਂਦੇ ਹਨ ਉਹ ਵੀ ਇਸ ਦਾ ਇੱਕ ਹਿੱਸਾ ਸੀ। ਸੁਪਨਾ ਵੇਖਣਾ ਇੱਕ ਉਹੀ ਚੀਜ਼ ਹੈ ਕਿ ਇੱਕ ਬੰਦਾ ਆਪਣੇ ਭਵਿੱਖ ਬਾਰੇ ਸੋਚਦਾ ਹੈ ਪਰ ਉਨ੍ਹਾਂ ਨੇ ਸੋਚਿਆ ਕਿ ਹੁਣ ਪੰਜਾਬ ਵਿੱਚ ਸਾਡੇ ਵਾਸਤੇ ਕੋਈ ਭਵਿੱਖ ਨਹੀਂ ਹੈ। ਇਸੇ ਕਰਕੇ ਹੀ, ਕਿਉਂਕਿ ਜਿਵੇਂ ਹੁਣੇ ਸ਼ੈਰੀ ਕਲਸੀ ਜੀ ਨੇ ਕਿਹਾ ਹੈ ਕਿ ਜਿਹੜੇ ਸਾਡੇ ਸਿਆਸਤਦਾਨ ਸੀ ਉਨ੍ਹਾਂ ਦਾ ਡਿਸਕੁਨੈਕਟ ਸੀ, ਅਨਅਪਰੋਚਏਬਲ ਸੀ, ਮਿਲਦੇ ਨਹੀਂ ਸੀ, ਜੇ ਮਿਲਦੇ ਸੀ ਤਾਂ ਹੱਥ ਨਹੀਂ ਸੀ ਮਿਲਾਉਂਦੇ। ਅੱਜ ਜਿੰਨੇ ਨਵੇਂ ਸਾਡੇ ਮੈਂਬਰ ਸਾਹਿਬਾਨ ਚੁਣੇ ਗਏ ਹਨ, ਇਹ ਲੋਕਾਂ ਵਿਚ ਜਾਂਦੇ ਹਨ ਅਤੇ ਲੋਕ ਇਨ੍ਹਾਂ ਨਾਲ ਬੜੇ ਚਾਅ ਨਾਲ ਫੋਟੋ ਖਿਚਵਾਉਂਦੇ ਹਨ ਔਰ ਕਹਿੰਦੇ ਹਨ ਕਿ ਸ਼ੁਕਰ ਹੈ ਕਿ ਸਾਡੇ ਕੋਲ ਕੋਈ ਆ ਕੇ ਖੜ੍ਹਾ ਹੈ, ਸਾਡੀ ਕੋਈ ਗੱਲ ਤਾਂ ਸੁਣਦਾ ਹੈ। ਸੋ, ਇਹ ਜਿਹੜੀਆਂ ਗੱਲਾਂ ਸੀ ਇਹ ਬਹੁਤ ਇੰਪਾਰਟੈਂਟ ਸੀ ਔਰ ਇਹ ਹੁਣ ਉਭਰ ਕੇ ਅੱਗੇ ਆ ਰਹੀਆਂ ਹਨ। ਇਸੇ ਤਰ੍ਹਾਂ ਹੀ ਕੁਰੱਪਸ਼ਨ ਇੱਕ ਬਹੁਤ ਵੱਡਾ ਮੁੱਦਾ ਬਣ ਕੇ ਰਹਿ ਗਿਆ ਸੀ, ਇਸੇ ਕਰਕੇ ਵੋਟ ਜਿਹੜੀ ਹੈ, ਉਹ ਬਹੁਮਤ ਸਾਨੂੰ ਆਪ ਨੂੰ ਮਿਲੀ ਹੈ। ਕੁਰੱਪਸ਼ਨ ਇੱਕ ਇਹੋ ਜਿਹੀ ਚੀਜ਼ ਹੁੰਦੀ ਹੈ ਜਿਸ ਵਿਚ ਸਿਰਫ ਇਹ ਨਹੀਂ ਹੁੰਦਾ ਕਿ ਪਰੂਫ ਕਰੋ, ਇਹ ਵੀ ਹੁੰਦਾ ਹੈ ਕਿ ਨਜ਼ਰ ਵੀ ਆਵੇ ਕਿ ਇਹ ਬੰਦਾ ਇਮਾਨਦਾਰ ਹੈ ਜਿਵੇਂ ਕਿ Julius Caesar ਲਿਖਦੇ ਹਨ : Caesar's wife must be above suspicion. ਇਸੇ ਦੇ ਤੌਰ ਤੇ ਇਸੇ ਨੂੰ ਮੁੱਖ ਰੱਖਦਿਆਂ ਹੋਇਆਂ ਸਾਡੇ ਮੁੱਖ ਮੰਤਰੀ, ਸ਼੍ਰੀ ਭਗਵੰਤ ਸਿੰਘ ਮਾਨ ਹੁਰਾਂ ਨੇ ਸਾਡੇ ਆਪਣੇ ਹੀ ਇੱਕ ਸਾਥੀ ਨੂੰ ਹਾਲਾਂ ਕਿ ਹਾਲੇ ਕੋਈ ਬਹੁਤੀ ਗੱਲ ਉਭਰ ਕੇ ਸਾਹਮਣੇ ਆਈ ਨਹੀਂ ਸੀ ਲੇਕਿਨ ਸ਼ੱਕ ਦੇ ਆਧਾਰ ਤੇ ਜੋ ਉਨ੍ਹਾਂ ਨੂੰ ਪਰੂਫ ਮਿਲੇ ਉਸ ਦੇ ਆਧਾਰ ਉਤੇ ਉਨ੍ਹਾਂ ਨੂੰ ਸਾਈਡ ਉਤੇ ਕਰ ਦਿੱਤਾ। ਇਹ ਪਹਿਲਾਂ ਨਹੀਂ ਸੀ ਕਦੇ ਮਿਲਿਆ, ਇਹ ਸਾਨੂੰ ਹੁਣ ਮਿਲ ਰਿਹਾ ਹੈ।

ਇਸ ਨਾਲ ਲੋਕਾਂ ਦੇ ਬੜੇ ਹੌਸਲੇ ਵਧੇ ਹਨ, ਲੋਕੀਂ ਸਮਝਦੇ ਹਨ ਕਿ ਲੋਕਾਂ ਦੇ ਹੁਣ ਕੰਮ ਹੋਣਗੇ। ਕਾਫੀ ਕੁਝ ਸਾਡੇ ਸਾਥੀ ਬੋਲ ਚੁੱਕੇ ਹਨ, ਹਸਪਤਾਲਾਂ ਤੇ ਬੋਲ ਚੁੱਕੇ ਹਨ, ਪੜ੍ਹਾਈ ਉਤੇ ਬੋਲ ਚੁੱਕੇ ਹਨ। ਮੈਂ ਥੋੜ੍ਹਾ ਐਡ ਕਰ ਦਿੰਦਾ ਹਾਂ। ਮੈਂ ਡਾਕਟਰ ਹਾਂ, ਜਦੋਂ ਮੈਂ ਅੱਜ ਤੋਂ 40-45 ਸਾਲ ਪਹਿਲਾਂ ਹਾਊਸ ਜਾਬ ਕਰਦਾ ਸੀ ਤਾਂ ਜੋ ਦਵਾਈ ਸੀ ਉਹ ਸਾਰੇ ਹਸਪਤਾਲਾਂ ਵਿਚੋਂ ਮਿਲਦੀ ਸੀ ਜੋ ਔਖੇ ਆਪਰੇਸ਼ਨ ਹੁੰਦੇ ਸੀ ਉਹ ਸਾਰੇ ਹਸਪਤਾਲਾਂ ਵਿਚ ਹੁੰਦੇ ਸੀ ਅਤੇ ਕੁਝ ਪ੍ਰਾਈਵੇਟ ਐਗਜ਼ਿਸਟ ਨਹੀਂ ਸੀ ਕਰਦਾ। ਜੇ ਮੈਂ ਅੰਮ੍ਰਿਤਸਰ ਦਾ ਐਗਜ਼ਾਂਪਲ ਲਵਾਂ ਤਾਂ ਉਥੇ ਇੱਕ ਕੱਕੜ ਹਸਪਤਾਲ ਸੀ, ਇਕ ਉਥੇ ਮਾਡਰਨ ਲੈਬਾਰਟਰੀ ਸੀ, ਦੋ ਚੀਜ਼ਾਂ ਸੀ। 95% ਕੰਮ ਸਰਕਾਰੀ ਹਸਪਤਾਲਾਂ ਵਿਚ ਹੁੰਦੇ ਸੀ ਪਰ ਅਸੀਂ ਹੌਲੀ ਹੌਲੀ ਕਰਕੇ ਇਹ ਮਿਆਰ ਥੱਲੇ ਜਾਣ ਦਿੱਤਾ। ਸ਼ਾਇਦ ਅਸੀਂ ਉਨ੍ਹਾਂ ਨੂੰ ਇੰਪਾਰਟੈਂਸ ਨਹੀਂ ਦਿੱਤੀ, ਸ਼ਾਇਦ ਅਸੀਂ ਉਨ੍ਹਾਂ ਨੂੰ ਫੰਡਜ਼ ਪੂਰੇ ਨਹੀਂ ਦਿੱਤੇ। ਕਹਿੰਦੇ ਹਨ ਕਿ when wealth is lost, nothing is lost, when health is lost, something is lost and when charterer is lost everything is lost. ਸੋ, ਮੈਨੂੰ ਬੜੇ ਭਾਰੇ ਤੇ ਦੁਖੀ ਦਿਲ ਨਾਲ ਇਹ ਕਹਿਣਾ ਪੈ ਰਿਹਾ ਹੈ ਕਿ ਅਸੀਂ ਆਪਣਾ ਕਰੈਕਟਰ ਵੀ ਖਿਸਕਣ ਦਿੱਤਾ ਤੇ ਆਪਾਂ ਆਪਣੀ ਸਿਹਤ ਵੱਲ ਵੀ ਬਿਲਕੁਲ ਧਿਆਨ ਨਹੀਂ ਦਿੱਤਾ। ਆਮ ਆਦਮੀ ਪਾਰਟੀ ਇਸ ਦੇ ਉਤੇ ਬਹੁਤ ਜ਼ਬਰਦਸਤ ਤਰੀਕੇ ਨਾਲ ਧਿਆਨ ਦੇਣ ਜਾ ਰਹੀ ਹੈ। ਛੇਤੀ ਹੀ ਹਫਤਿਆਂ ਦੇ ਵਿਚ ਹੀ ਦਵਾਈਆਂ ਜਿਹੜੀਆਂ ਹਨ ਉਹ ਸਾਰੇ ਹਸਪਤਾਲਾਂ ਵਿੱਚ ਪਹੁੰਚ ਜਾਣਗੀਆਂ। 15 ਅਗਸਤ ਤੋਂ ਸਾਡੇ ਮੁਹੱਲਾ ਕਲੀਨਿਕ 75 ਬਣ ਜਾਣਗੇ, ਉਸ ਤੋਂ ਬਾਅਦ ਨਾਲ ਦੀ ਨਾਲ ਬਣਦੇ ਜਾਣਗੇ (ਥੰਪਿੰਗ) ਜੇ ਮੈਂ ਮੈਡੀਕਲ ਕਾਲਜ ਦੀ ਗੱਲ ਕਰਾਂ, ਜੇ ਤੁਸੀਂ ਅਮਰੀਕਾ ਜਾਉ, ਹੁਣ ਸ਼ਾਇਦ ਨਹੀਂ ਹੋਵੇਗਾ ਲੇਕਿਨ ਅੱਜ ਤੋਂ 10 ਸਾਲ ਪਹਿਲਾਂ ਹੈ ਸੀ।

ਬ.ਕ./ਸ਼ੁਭਮ/24.6.22/6.30

ਸਪੀਕਰ ਸਾਹਿਬ, ਮੈਂ ਮੈਡੀਕਲ ਕਾਲਜਾਂ ਦੀ ਗੱਲ ਕਰਾਂਗਾ, ਹੁਣ ਤਾਂ ਸ਼ਾਇਦ ਅਜਿਹਾ ਨਹੀਂ ਹੋਵੇਗਾ ਪਰ ਅੱਜ ਤੋਂ 10 ਸਾਲ ਪਹਿਲਾਂ ਜੇਕਰ ਤੁਸੀਂ ਅਮਰੀਕਾ ਦੀ ਕਿਸੇ ਯੂਨੀਵਰਸਿਟੀ ਵਿੱਚ ਅਪਲਾਈ ਕਰੋ ਅਤੇ ਇਹ ਕਹੋ ਕਿ ਮੈਂ ਮੈਡੀਕਲ ਕਾਲਜ, ਅੰਮ੍ਰਿਤਸਰ ਦਾ ਪੜ੍ਹਿਆ ਹੋਇਆ ਹਾਂ ਤਾਂ ਉਹ ਤੁਹਾਨੂੰ ਦੂਜਾ ਸਵਾਲ ਨਹੀਂ ਪੁੱਛਦੇ ਹੁੰਦੇ ਸੀ। ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਇਸ ਕਾਲਜ ਦਾ ਕੁਝ ਸਟੈਂਡਰਡ ਹੈ ਪਰ ਬੜੇ ਦੁਖੀ ਹਿਰਦੇ ਨਾਲ ਮੈਂ ਕਹਿੰਦਾ ਹਾਂ ਕਿ ਅੱਜ ਅਜਿਹੀ ਕੋਈ ਗੱਲ ਨਹੀਂ ਹੈ। ਮੈਂ ਸਟੈਂਡਰਡ ਦੀ ਗੱਲ ਨਹੀਂ ਕਰਦਾ ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਸਾਡੇ ਕੋਲ ਪ੍ਰੋਫੈਸਰਾਂ ਦੀ ਕੁਆਂਟਿਟੀ ਬਹੁਤ ਘੱਟ ਗਈ ਹੈ, ਪੋਸਟਾਂ ਘੱਟ ਗਈਆਂ ਹਨ, ਪੀ.ਜੀ ਸੀਟਾਂ ਘੱਟ ਜਾਣਗੀਆਂ ਜੇਕਰ ਅਸੀਂ ਭਰਤੀ ਨਹੀਂ ਕਰਦੇ ਪਰ ਹੁਣ ਸਾਡੀ ਨਵੀਂ ਸਰਕਾਰ ਆ ਗਈ ਹੈ ਅਤੇ ਸਾਡਾ ਇਹ ਮੁੱਦਾ ਹੈ ਕਿ ਅਸੀਂ ਚੰਗੀ ਸਿਹਤ ਦੇਣੀ ਹੈ। ਅਸੀਂ ਛੇਤੀ ਹੀ

ਪ੍ਰੋਫੈਸਰ ਭਰਤੀ ਕਰਕੇ, ਪੋਸਟਾਂ ਫਿਲ ਕਰਾਂਗੇ। ਮੇਰੀ ਪ੍ਰਿੰਸੀਪਲ ਸਾਹਿਬ ਨਾਲ ਇਕ ਦਿਨ ਗੱਲ ਚੱਲ ਰਹੀ ਸੀ ਅਤੇ ਮੈਂ ਪੁੱਛਿਆ ਕਿ ਕਿੰਨੇ ਕੁ ਪੈਸੇ ਚਾਹੀਦੇ ਹਨ? ਕਹਿਣ ਲੱਗੇ ਕਿ ਥੋੜ੍ਹੇ ਕੁ ਲੱਖ ਮਿਲ ਜਾਣ ਤਾਂ ਅਸੀਂ ਸਟੈਂਟ ਤੋਂ ਲੈ ਕੇ ਰੂੰਈ ਦੇ ਫੰਬੇ ਤੱਕ ਸਾਰਾ ਕੁਝ ਫਰੀ ਕਰ ਦੇਈਏ। ਸੋ, ਇਹ ਇੰਨਾ ਔਖਾ ਕੰਮ ਨਹੀਂ ਹੈ, ਸਿਰਫ ਸਾਡੇ ਵਿੱਚ ਇਰਾਦਾ ਹੋਣਾ ਚਾਹੀਦਾ ਹੈ। ਜੇਕਰ ਸਾਡੇ ਵਿੱਚ ਇਰਾਦਾ ਨਹੀਂ ਹੈ ਤਾਂ ਅਸੀਂ ਕੁਝ ਨਹੀਂ ਕਰਾਂਗੇ। ਜੇ ਸਾਡੀ ਸੋਚ ਨਹੀਂ ਹੈ ਤਾਂ ਅਸੀਂ ਕੁਝ ਨਹੀਂ ਕਰਾਂਗੇ। ਸਾਡੇ ਮੁੱਖ ਮੰਤਰੀ ਸ਼੍ਰੀ ਭਗਵੰਤ ਸਿੰਘ ਮਾਨ ਜੀ ਦੀ ਸੋਚ ਵੀ ਹੈ ਅਤੇ ਅਸੀਂ ਇਸ ਗੱਲ ਨੂੰ ਬਹੁਤ ਦੂਰ ਤੱਕ ਲੈ ਕੇ ਜਾਵਾਂਗੇ ਕਿਉਂਕਿ ਲੋਕਾਂ ਨੂੰ ਚੰਗੀ ਸਿਹਤ ਦੇਣਾ ਸਾਡਾ ਫਰਜ਼ ਬਣਦਾ ਹੈ, ਅਸੀਂ ਸਭ ਕੁਝ ਠੀਕ ਕਰਾਂਗੇ।

ਸਪੀਕਰ ਸਾਹਿਬ, ਮੈਂ ਪੜ੍ਹਾਈ ਬਾਰੇ ਗੱਲ ਕਰਾਂਗਾ, ਇਸ ਬਾਰੇ ਬਹੁਤ ਡਿਟੇਲ ਵਿੱਚ ਗੱਲ ਹੋ ਚੁੱਕੀ ਹੈ। ਮੈਂ ਇਸ ਵਾਸਤੇ ਦੋ ਗੱਲਾਂ ਕਹਿਣਾ ਚਾਹੁੰਦਾ ਹਾਂ। ਪਹਿਲੀ ਗੱਲ, ਅਸੀਂ ਟੀਚਰਜ਼ ਨੂੰ ਟ੍ਰੇਨਿੰਗ ਦੇਣੀ ਹੈ, ਜੋ ਕਿ ਸਾਡੇ ਲਈ ਬਹੁਤ ਵੱਡਾ ਮੁੱਦਾ ਹੈ। ਜਿਹੜਾ 30 ਸਾਲ ਪੁਰਾਣਾ ਟੀਚਰ ਲੱਗਿਆ ਹੁੰਦਾ ਹੈ ਉਸ ਦੀ ਨਵੇਂ ਮੈਥਡਜ਼ ਨਾਲ ਕੁਨੈਕਟਿਵਿਟੀ ਟੁੱਟ ਚੁੱਕੀ ਹੁੰਦੀ ਹੈ। ਦੂਜਾ, ਮੈਂ ਕਹਿਣਾ ਚਾਹੁੰਦਾ ਹਾਂ, ਮੰਤਰੀ ਸਾਹਿਬ ਬੈਠੇ ਹਨ ਪਰ ਮੈਂ ਗਵਰਨਰਜ਼ ਐਡਰੈਸ ਹੋਣ ਕਾਰਨ ਇਸ ਦੇ ਹੱਕ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਆਪਣੇ ਟੀਚਰਜ਼ ਨੂੰ ਨਾਨ ਟੀਚਿੰਗ ਡਿਊਟੀਜ਼ ਨਹੀਂ ਦੇਵਾਂਗੇ। ਜਿਵੇਂ ਪਹਿਲਾਂ ਉਨ੍ਹਾਂ ਨੂੰ ਕਾਪੀ ਫੜਾ ਕੇ ਮਰਦਮ ਸ਼ੁਮਾਰੀ ਵਾਸਤੇ ਤੋਰ ਦਿੱਤਾ ਜਾਂਦਾ ਸੀ, ਉਹ ਕੰਮ ਨਹੀਂ ਕਰਵਾਇਆ ਜਾਵੇਗਾ। ਇਸ ਪ੍ਰਕਾਰ ਸਾਡੇ ਟੀਚਰਜ਼ ਸਟੂਡੈਂਟਸ ਵਾਸਤੇ ਹਮੇਸ਼ਾ ਅਵੇਲੇਬਲ ਹੋਣਗੇ।

ਸਪੀਕਰ ਸਾਹਿਬ, ਇਲੈਕਟ੍ਰੀਸਿਟੀ ਦੀ ਗੱਲ ਹੋਈ ਹੈ। ਪਿੰਡਾਂ ਵਿੱਚ ਇਨਫ੍ਰਾਸਟ੍ਰਕਚਰ ਬਹੁਤ ਕਮਜ਼ੋਰ ਹੈ, ਮੀਟਰਾਂ ਦੇ ਬਕਸਿਆਂ ਦੇ ਮੂੰਹ ਖੁੱਲ੍ਹੇ ਕੇ ਲਟਕੇ ਹੁੰਦੇ ਹਨ। ਮੇਰੇ ਮੂੰਹ ਵਿੱਚ ਹਮੇਸ਼ਾ ਇਹ ਗਾਣਾ ਆ ਜਾਂਦਾ ਹੈ, ਟ੍ਰਾਂਸਪੋਰਟ ਮੰਤਰੀ ਜੀ ਬੁਰਾ ਨਾ ਮੰਨਿਓ। ਕਹਿੰਦੇ ਹਨ : ਰੋਡਵੇਜ਼ ਦੀ ਲਾਰੀ ਨਾ ਕੋਈ ਬੂਹਾ, ਨਾ ਕੋਈ ਬਾਰੀ।(ਹਾਸਾ) ਸਪੀਕਰ ਸਾਹਿਬ, ਅਸੀਂ ਇਨਫ੍ਰਾਸਟ੍ਰਕਚਰ ਨੂੰ ਇਗਨੋਰ ਕੀਤਾ ਹੈ। ਇਸ ਨੂੰ ਅਸੀਂ within three years ਬਣਾਉਣ ਜਾ ਰਹੇ ਹਾਂ। I am very sure ਕਿ ਜਿਹੜੀ ਅਸੀਂ 24 ਘੰਟੇ ਇਲੈਕਟ੍ਰੀਸਿਟੀ ਦੇਣ ਦੀ ਗੱਲ ਕੀਤੀ ਹੈ, ਇਹ ਕਰ ਸਕਾਂਗੇ ਅਤੇ ਯਕੀਨ ਦਿਵਾਉਂਦੇ ਹਾਂ ਕਿ ਜ਼ਰੂਰ ਦੇਵਾਂਗੇ।

ਸਪੀਕਰ ਸਾਹਿਬ, ਮੈਂ ਟੀਚਰਾਂ ਬਾਰੇ ਇਕ ਹੋਰ ਕੁਮੈਂਟ ਕਰਨਾ ਚਾਹੁੰਦਾ ਹਾਂ ਕਿ ਜਦੋਂ ਸੈਕਿੰਡ ਵਰਲਡ ਵਾਰ ਚੱਲ ਰਹੀ ਸੀ ਅਤੇ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਬਜਟ ਪੇਸ਼ ਹੋਇਆ ਤਾਂ ਉਨ੍ਹਾਂ ਨੇ ਬੜੀਆਂ ਕਟੌਤੀਆਂ ਕੀਤੀਆਂ ਪਰ ਐਜੂਕੇਸ਼ਨ ਦੇ ਖੇਤਰ ਵਿੱਚ ਕੋਈ ਕਟੌਤੀ ਨਹੀਂ ਕੀਤੀ। ਪ੍ਰਾਈਮ ਮਨਿਸਟਰ ਨੂੰ ਪੁੱਛਿਆ ਗਿਆ ਕਿ ਤੁਸੀਂ ਐਜੂਕੇਸ਼ਨ ਦੇ ਖੇਤਰ ਵਿੱਚ ਕਟੌਤੀ ਕਰ ਦਿਓ ਕਿਉਂਕਿ ਪੈਸੇ ਦੀ

ਬੜੀ ਲੋੜ ਹੈ। ਉਹ ਕਹਿਣ ਲੱਗੇ ਕਿ ਜਿਹੜੀਆਂ ਬਿਲਡਿੰਗਾਂ ਢਹਿ ਰਹੀਆਂ ਹਨ, ਇਹ ਬਣ ਜਾਣਗੀਆਂ, ਪੁਲ ਬਣ ਜਾਣਗੇ ਪਰ ਜਿਹੜੀ ਇਕ ਜੈਨਰੇਸ਼ਨ ਖਤਮ ਹੋ ਜਾਵੇਗੀ, ਉਹ ਕਿਥੋਂ ਆਵੇਗੀ? ਸਪੀਕਰ ਸਾਹਿਬ, ਅਸੀਂ ਜੈਨਰੇਸ਼ਨ ਖਤਮ ਕਰ ਲਈ। (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਦੇ ਹੋਏ) ਮੇਰੀ ਗੱਲ ਦਾ ਬੁਰਾ ਨਾ ਮੰਨਿਓ, ਇਸ ਵਾਸਤੇ ਤੁਸੀਂ ਵੀ ਜ਼ਿੰਮੇਵਾਰ ਹੋ ਅਤੇ ਅਸੀਂ ਵੀ ਜ਼ਿੰਮੇਵਾਰ ਹਾਂ। ਅਸੀਂ ਸਾਰੇ ਪੰਜਾਬੀ ਜ਼ਿੰਮੇਵਾਰ ਹਾਂ ਕਿਉਂਕਿ ਅਸੀਂ ਇਕ ਅਨਪੜ੍ਹ ਜੈਨਰੇਸ਼ਨ ਪੈਦਾ ਕਰ ਦਿੱਤੀ ਹੈ, ਜਿਸ ਦੀ ਸੋਚ ਬਾਰੇ ਪਤਾ ਨਹੀਂ ਕਿ ਉਹ ਕਿੱਥੇ ਜਾ ਰਹੀ ਹੈ, ਕਿੱਥੇ ਨਹੀਂ ਜਾ ਰਹੀ। ਮੈਨੂੰ ਇਸ ਬਾਰੇ ਫੈਜ਼ ਅਹਿਮਦ ਫੈਜ਼ ਦੀ ਇਕ ਲਾਈਨ ਯਾਦ ਆਉਂਦੀ ਹੈ। ਉਹ ਲਿਖਦਾ ਹੈ :-

*ਦਿਲ ਕੇ ਐਵਾਂ ਮੇਂ ਲੀਏ ਗੁਲਸ਼ੁਦਾ ਸ਼ਮੌਂ ਕੀ ਕਤਾਰ*
*ਨੂਰ ਏ ਖੁਰਸ਼ੀਦ ਸੇ ਸਹਿਮੇ ਹੂਏ ਉਕਤਾਏ ਹੂਏ*
*ਹੁਸਨ ਏ ਮਹਿਬੂਬ ਕੇ ਸੱਯਾਲ ਤਸੱਵੁਰ ਕੀ ਤਰਹ*
*ਅਪਨੀ ਤਾਰੀਕੀ ਕੋ ਭੇਂਚੇ ਹੂਏ ਲਿਪਟਾਏ ਹੂਏ*

ਅਸੀਂ ਸੂਰਜ ਦੀਆਂ ਕਿਰਨਾਂ ਤੋਂ ਡਰਦੇ ਹਾਂ, ਰੋਸ਼ਨੀ ਤੋਂ ਡਰਦੇ ਹਾਂ। ਅਸੀਂ ਉਸ ਹਨੇਰੇ ਵਿੱਚ ਬੈਠੇ ਹਾਂ। ਜਿਸ ਤਰ੍ਹਾਂ ਮਹਿਬੂਬ ਦੀ ਯਾਦ ਨੂੰ ਜੱਫਾ ਪਾ ਕੇ ਕੋਈ ਬੈਠਾ ਹੁੰਦਾ ਹੈ, ਉਸੇ ਪ੍ਰਕਾਰ ਹਨੇਰੇ ਦੀ ਚਾਦਰ ਅਸੀਂ ਆਪਣੇ ਆਲੇ-ਦੁਆਲੇ ਲਪੇਟੀ ਹੋਈ ਹੈ। ਸਾਨੂੰ ਇਸ ਵਿਚੋਂ ਨਿਕਲਣਾ ਪਵੇਗਾ ਅਤੇ ਮੈਨੂੰ ਪੂਰਾ ਯਕੀਨ ਹੈ ਕਿ ਅਸੀਂ ਸਾਰੇ ਜਿੰਨੇ ਬੈਠੇ ਹਾਂ, ਸਾਡੇ ਕ੍ਰਿਸਮੈਟਿਕ ਮੁੱਖ ਮੰਤਰੀ ਸ਼੍ਰੀ ਭਗਵੰਤ ਸਿੰਘ ਮਾਨ ਜੀ ਦੀ ਰਹਿਨੁਮਾਈ ਹੇਠ, ਆਪੋਜ਼ੀਸ਼ਨ ਦੀ ਕੋਆਪਰੇਸ਼ਨ ਨਾਲ ਇਸ ਵਿਚੋਂ ਬਾਹਰ ਨਿਕਲ ਸਕਾਂਗੇ।

ਸਪੀਕਰ ਸਾਹਿਬ, ਪਾਣੀਆਂ ਬਾਰੇ ਬੜੀ ਗੱਲ ਛਿੜਦੀ ਹੈ ਕੀ ਇਹ ਮਸਲਾ ਕੀ ਹੈ? ਮੈਂ ਹਮੇਸ਼ਾ ਸੋਚਦਾ ਹੁੰਦਾ ਸੀ ਕਿ ਸਾਡੇ ਵਾਲੇ ਪਾਸੇ ਪਾਣੀ ਕਿਉਂ ਨਹੀਂ ਆਉਂਦਾ? ਹੁਣ ਜਦੋਂ ਥੋੜ੍ਹੀ ਬਹੁਤ ਪਾਵਰ ਆਈ ਹੈ ਤਾਂ ਲੋਕ ਸਵਾਲ ਦਾ ਜਵਾਬ ਵੀ ਦਿੰਦੇ ਹਨ। ਜਦੋਂ ਮੈਂ ਅਫਸਰ ਸਾਹਿਬਾਨ ਨੂੰ ਪੁੱਛਿਆ ਕਿ ਅਪਰ ਬਾਰੀ ਦੁਆਬ ਕੈਨਾਲ ਵਿੱਚ ਸਾਡੀ ਕਿੰਨੀ ਐਨਟਾਈਟਲਮੈਂਟ ਹੈ ਤਾਂ ਉਹ ਕਹਿਣ ਲੱਗੇ ਕਿ 8200 ਕਿਊਸਕ ਪਾਣੀ ਦੀ ਐਨਟਾਈਟਲਮੈਂਟ ਹੈ। ਫੇਰ ਮੈਂ ਪੁੱਛਿਆ ਕਿ ਤੁਸੀਂ ਪੀਕ ਵਿੱਚ ਕਿੰਨਾ ਪਾਣੀ ਦਿੰਦੇ ਹੋ? ਉਹ ਕਹਿਣ ਲੱਗੇ ਕਿ ਅਸੀਂ 6500 ਕਿਊਸਿਕ ਤੋਂ ਵੱਧ ਤੁਹਾਨੂੰ ਨਹੀਂ ਦੇ ਸਕਦੇ। ਮੈਂ ਪੁੱਛਿਆ ਕਿ ਕਿਉਂ ਨਹੀਂ ਦੇ ਸਕਦੇ? ਉਹ ਕਹਿਣ ਲੱਗੇ ਕਿਉਂਕਿ ਇਸ ਨਹਿਰ ਦੀ ਕਦੇ ਮੁਰੰਮਤ ਨਹੀਂ ਹੋਈ। ਮੈਂ ਕਿਹਾ ਕਿ ਤੁਸੀਂ ਕਰ ਲੈਣੀ ਸੀ। ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਪੀਕ ਵਿੱਚ ਸਾਨੂੰ 6500 ਕਿਊਸਕ ਪਾਣੀ ਮਿਲਦਾ ਹੈ ਅਤੇ ਆਮ ਤੌਰ ਤੇ 1500-1000 ਕਿਊਸਿਕ ਪਾਣੀ ਛੱਡਦੇ ਹਨ।

24.6.2022 Karamjit kaur / shubham jain 6.35

ਆਮ ਤੌਰ ਤੇ 1500-1000 ਕਿਊਸਿਕ ਤੋਂ ਵੱਧ ਉਥੇ ਛੱਡਦੇ ਨਹੀਂ। ਬਾਕੀ ਪਾਣੀ ਨੂੰ ਬਿਆਸ ਵਿੱਚ ਪਾ ਦਿੰਦੇ ਹਨ। ਉਹ ਕਿੱਥੇ ਜਾਂਦਾ ਹੈ? ਉਹ ਪਾਣੀ ਪਾਕਿਸਤਾਨ ਚਲਾ ਜਾਂਦਾ ਹੈ ਜਾਂ ਉਸ ਨੂੰ ਘੇਰ ਕੇ ਰਾਜਸਥਾਨ ਵੱਲ ਨੂੰ ਭੇਜ ਦਿੰਦੇ ਹਨ। ਰਾਜਸਥਾਨ ਨੂੰ ਸਾਢੇ 8 ਮਿਲੀਅਨ ਏਕੜ ਫੀਟ ਪਾਣੀ ਇਨਟਾਈਟਲਡ ਹੈ, ਜੇ ਮੈਂ ਗਲਤ ਨਹੀਂ ਬੋਲ ਰਿਹਾ। ਮੈਂ ਉਸ ਦਿਨ ਪੜ੍ਹ ਰਿਹਾ ਸੀ ਕਿ ਪਿਛਲੇ ਸਾਲ 9 ਮਿਲੀਅਨ ਏਕੜ ਫੁੱਟ ਪਾਣੀ ਗਿਆ ਹੈ, ਜੇਕਰ ਬੰਦਾ ਪੁੱਛੇ ਕਿ ਉਨ੍ਹਾਂ ਨੂੰ ਵੱਧ ਪਾਣੀ ਦੇਣ ਦੀ ਕੀ ਲੋੜ ਹੈ? ਕਿਉਂਕਿ ਪੰਜਾਬ ਦੀਆਂ ਨਹਿਰਾਂ ਸੁੱਕੀਆਂ ਪਈਆਂ ਹਨ ਤੇ ਪਾਣੀ ਇਹ ਪਰਲੇ ਬੰਨੇ ਦੇ ਰਹੇ ਹਨ। ਮੇਰੀ ਮਾਨ ਸਾਹਿਬ ਨਾਲ ਗੱਲ ਹੋਈ, ਮੈਂ ਕਿਹਾ ਕਿ ਸਾਡੇ ਮਾਝੇ ਦਾ ਬੜਾ ਮਾੜਾ ਹਾਲ ਹੈ। ਸ਼ਾਇਦ ਮਾਲਵੇ ਵਿੱਚ ਵੀ ਬਹੁਤਾ ਚੰਗਾ ਨਹੀਂ ਹੈ। ਅਸੀਂ ਇਲੈਕਸ਼ਨਾਂ ਦੌਰਾਨ ਪਿਛਲੇ ਦਿਨੀਂ ਉਥੇ ਗਏ ਹਾਂ, ਅਸੀਂ ਵੇਖਿਆ ਹੈ ਕਿ ਉਥੇ ਵੀ ਨਹਿਰਾਂ ਵਿੱਚ ਪਾਣੀ ਨਹੀਂ ਹੈ। ਲੇਕਿਨ ਨਹਿਰਾਂ ਤੱਕ ਪਾਣੀ ਪਹੁੰਚਾਉਣ ਲਈ ਪ੍ਰਬੰਧ ਵਜੋਂ ਜੋ ਠੀਕਰੀਆਂ ਲਗਦੀਆਂ ਹਨ, ਸਟੈਗਰ ਕਰਨ ਵਾਸਤੇ, ਉਹ ਤੋੜ ਦਿੱਤੀਆਂ ਹਨ, ਕਿਸੇ ਨੇ ਨਵੀਆਂ ਨਹੀਂ ਬਣਾਈਆਂ। ਇੱਥੇ ਲਾਪਰਵਾਹੀ ਬਹੁਤ ਜ਼ਿਆਦਾ ਹੈ। ਮਾਨ ਸਾਹਿਬ ਕਹਿੰਦੇ ਕਿ ਤੁਸੀਂ ਫਿਕਰ ਨਾ ਕਰੋ। ਜੇਕਰ ਸਾਨੂੰ ਸਿਆਲਾਂ ਵਿੱਚ ਪਾਣੀ ਦੀ ਲੋੜ ਨਹੀਂ ਹੁੰਦੀ, ਜੇ ਸਿਆਲਾਂ ਵਿੱਚ ਜ਼ਿੰਮੀਦਾਰ ਪਾਣੀ ਨਹੀਂ ਮੰਗ ਰਹੇ ਹੁੰਦੇ, ਤਾਂ ਉਦੋਂ ਇਹ ਪਾਣੀ ਡਰੇਨਾਂ ਵਿੱਚ ਪਾ ਦਿੱਤਾ ਜਾਇਆ ਕਰੇ। ਸਾਡੀਆਂ ਡਰੇਨਾਂ ਹਨ, ਕਸੂਰ ਡਰੇਨ ਹੈ, ਸਾਡੇ ਸੱਖੀ ਨਾਲੇ ਕੋਲੋਂ ਡਰੇਨ ਲੰਘਦੀ ਹੈ, ਅੰਮ੍ਰਿਤਸਰ ਦੇ ਨੇੜਿਉਂ ਬੜੀ ਪੁਰਾਣੀ ਡਰੇਨ ਲੰਘਦੀ ਹੈ, ਸਾਡੀਆਂ ਦੂਜੀਆਂ ਆਪਣੇ ਵੱਲੋਂ ਬਣਾਈਆਂ ਹੋਈਆਂ ਡਰੇਨਾਂ ਵੀ ਲੰਘਦੀਆਂ ਹਨ। ਅਸੀਂ ਉਨ੍ਹਾਂ ਵਿੱਚ ਇਹ ਪਾਣੀ ਪਾ ਦਿਆ ਕਰੀਏ। ਜਿਵੇਂ ਅੱਜ ਹੋਰ ਵੀ ਮੈਂਬਰ ਸਾਹਿਬਾਨਾਂ ਨੇ ਕਿਹਾ ਹੈ ਕਿ ਉਨ੍ਹਾਂ ਵਿੱਚ ਪਾਣੀ ਪਾ ਕੇ ਬੋਰ ਕਰ ਦਿੱਤਾ ਜਾਇਆ ਕਰੇ। Let the water bore to the soil. ਅਸੀਂ ਆਪਣਾ ਸਰਫੇਸ ਵਾਟਰ ਰਿਚਾਰਜ ਕਰੀਏ। ਜਿਹੜੀ ਭਾਖੜਾ ਬਿਆਸ ਮੈਨੇਜਮੈਂਟ ਦੀ ਕਨਾਲ ਹੈ, ਜਾਂ ਜਿਹੜੀ ਰਾਜਸਥਾਨ ਜਾਂਦੀ ਹੈ, ਕੀ ਕਦੇ ਕਿਸੇ ਨੇ ਉਸ ਵਿੱਚ ਪਾਣੀ ਘਟਿਆ ਦੇਖਿਆ ਹੈ? ਕਦੇ ਵੀ? ਵੰਨ ਪੁਆਇੰਟ ਆਫ ਟਾਈਮ ਤੇ? ਸਾਡੀਆਂ ਨਹਿਰਾਂ ਕਿਉਂ ਸੁੱਕੀਆਂ ਪਈਆਂ ਹਨ? ਸੋ, ਅਸੀਂ ਇਹ ਕਰਨ ਜਾ ਰਹੇ ਹਾਂ, ਅਸੀਂ ਪਾਣੀ ਦੇਣ ਜਾ ਰਹੇ ਹਾਂ। ਅਸੀਂ ਡਰੇਨਾਂ ਦੇ ਨਾਲ ਕੁਨੈਕਟ ਕਰਾਂਗੇ, ਜਦੋਂ ਸਾਡੇ ਜ਼ਿੰਮੀਦਾਰਾਂ ਨੂੰ ਪਾਣੀ ਦੀ ਲੋੜ ਨਹੀਂ ਹੋਵੇਗੀ ਤਾਂ ਅਸੀਂ ਆਪਣੀਆਂ ਡਰੇਨਾਂ ਵਿੱਚ ਇਹ ਪਾਣੀ ਪਾਵਾਂਗੇ। ਮੇਰੀ ਮਾਨ ਸਾਹਿਬ ਨਾਲ ਇਸ ਸਬੰਧ ਵਿੱਚ ਗੱਲ ਹੋ ਗਈ ਹੈ।

ਸਪੀਕਰ ਸਾਹਿਬ, ਫੇਰ ਆਪਾਂ ਗੱਲ ਕਰਦੇ ਹਾਂ, ਅੰਗਰੇਜ਼ੀ ਵਿੱਚ ਇੱਕ ਵਰਡ ਹੈ, conflict of interest , ਜਦੋਂ ਅਸੀਂ ਸ਼ਰਾਬ ਦੀ ਪਾਲਿਸੀ ਵੀ ਆਪ ਬਣਾਉਣੀ ਹੈ ਤੇ ਸ਼ਰਾਬ ਦਾ ਧੰਦਾ ਵੀ ਆਪ ਹੀ ਕਰਨਾ ਹੈ, ਜਦੋਂ ਅਸੀਂ ਟਰਾਂਸਪੋਰਟ ਪਾਲਿਸੀ ਵੀ ਆਪ ਬਣਾਉਣੀ ਹੈ ਤੇ ਟਰਾਂਸਪੋਰਟ ਦਾ ਧੰਦਾ ਵੀ ਆਪ ਕਰਨਾ ਹੈ, ਇਹ ਬਹੁਤ ਸੀਰੀਅਸ ਮੈਟਰ ਹੈ। ਜੇਕਰ ਫਾਰੇਨ ਕੰਟਰੀ ਵਿੱਚ ਅਜਿਹਾ ਕੋਈ ਵੀ ਕੇਸ ਹੋਵੇ ਤਾਂ

ਉਸੇ ਵੇਲੇ ਸਰਕਾਰ ਡਿੱਗ ਪਵੇਗੀ ਪਰ ਅਸੀਂ ਲੋਕ ਇਸ ਪਾਸੇ ਵੱਲ ਪਰਵਾਹ ਹੀ ਨਹੀਂ ਕਰਦੇ। ਸੋ, ਮੈਂ ਸਾਰਿਆਂ ਨੂੰ ਇਹ ਐਸ਼ਿਓਰ ਕਰਦਾ ਹਾਂ ਕਿ ਕਨਫਲਿਕਟ ਆਫ ਇੰਟਰਸਟ ਹਮੇਸ਼ਾ ਵਾਸਤੇ ਖਤਮ ਹੋ ਗਿਆ ਹੈ। ਅਸੀਂ ਕਦੇ ਵੀ ਜਿਹੜਾ ਧੰਦਾ ਕਰਦੇ ਹੋਵਾਂਗੇ, ਉਸ ਦਾ ਫੈਸਲਾ ਬਣਾਉਣ ਵਿੱਚ ਅਸੀਂ ਕਦੇ ਨਹੀਂ ਬੈਠਾਂਗੇ। ਸੋ, ਇਹ ਬਹੁਤ ਇੰਪਾਰਟੈਂਟ ਗੱਲ ਹੈ। ਇਹ ਪੰਜਾਬ ਵਾਸਤੇ ਬੜੀ ਵੱਡੀ ਗੱਲ ਹੈ। ਬਾਕੀ ਸਾਰਾ ਕੁਝ ਬੋਲ ਦਿੱਤਾ ਗਿਆ ਹੈ। ਹੁਣ ਮੈਂ ਪਾਤਰ ਸਾਹਿਬ ਦੀਆਂ ਲਾਈਨਾਂ ਨਾਲ ਆਪਣਾ ਭਾਸ਼ਣ ਖਤਮ ਕਰਨਾ ਚਾਹੁੰਦਾ ਹਾਂ:

ਕੀ ਹੋਇਆ ਜੇ ਆਈ ਪਤਝੜ, ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ,
ਮੈਂ ਲੱਭ ਕੇ ਕਿਤੋਂ ਲਿਆਉਨਾ ਕਲਮਾਂ, ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਬਹੁਤ ਮਿਹਰਬਾਨੀ ਜੀ। (ਥੰਪਿੰਗ)

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ):** ਸਪੀਕਰ ਸਾਹਿਬ, ਧੰਨਵਾਦ ਜੀ। ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਜਿਵੇਂ ਬਾਕੀ ਮੈਂਬਰ ਸਾਹਿਬਾਨ ਪਹਿਲੀ ਵਾਰੀ ਬੋਲੇ ਹਨ, ਮੈਂ ਵੀ ਇਸ ਸਦਨ ਵਿੱਚ ਅੱਜ ਪਹਿਲੀ ਵਾਰ ਬੋਲ ਰਿਹਾ ਹਾਂ। ਤੁਹਾਡਾ ਬਹੁਤ ਬਹੁਤ ਧੰਨਵਾਦ। ਇੱਥੇ ਬਹੁਤ ਸਾਰੀਆਂ ਗੱਲਾਂ ਹੋਈਆਂ ਹਨ। ਜੋ ਮੇਨ ਗੱਲ ਹੈ, ਸਿੱਖਿਆ ਦੀ, ਸਿਹਤ ਦੀ ਗੱਲ ਹੋ ਗਈ ਹੈ, ਟੇਲਾਂ ਤੇ ਪਾਣੀ ਪਹੁੰਚਾਉਣ ਦੀ ਗੱਲ ਵੀ ਹੋ ਗਈ ਹੈ। ਪਰ ਪੰਜਾਬ ਦੇ ਵਿੱਚ ਜੇ ਅਸੀਂ ਕਿਸਾਨੀ ਨੂੰ ਕਾਮਯਾਬ ਕਰਨਾ ਹੈ, ਜਿਹੜੇ ਸਹਾਇਕ ਧੰਦੇ ਹਨ, ਤਾਂ ਦੁੱਧ ਦਾ ਸਹਾਇਕ ਧੰਦਾ ਪੰਜਾਬ ਵਿੱਚ ਬਹੁਤ ਵਧੀਆ ਚੱਲ ਰਿਹਾ ਹੈ। ਪਰ ਜਿਹੜੀ ਇਸ ਦੇ ਵਿੱਚ ਮਿਲਾਵਟ ਹੈ, ਉਹ ਬਹੁਤ ਵੱਡੇ ਪੱਧਰ ਤੇ ਹੋ ਰਹੀ ਹੈ। ਜਿਸ ਨਾਲ ਦੁੱਧ ਪੈਦਾ ਕਰਨ ਵਾਲੇ ਕਿਸਾਨ ਮਾਰੇ ਜਾ ਰਹੇ ਹਨ ਅਤੇ ਸਾਡੀ ਸਿਹਤ ਦਾ ਵੀ ਨੁਕਸਾਨ ਹੋ ਰਿਹਾ ਹੈ। ਅਸੀਂ ਮਾਨ ਸਾਹਿਬ ਦੀ ਸਰਕਾਰ ਦਾ ਧੰਨਵਾਦ ਕਰਦੇ ਹਾਂ, ਇਸ ਗਵਰਨਰ ਐਡਰੈਸ ਦੇ ਵਿੱਚ ਲਿਖਿਆ ਗਿਆ ਹੈ, ਇਸ ਦੇ 26 ਨੰਬਰ ਤੇ ਜ਼ਿਕਰ ਹੈ ਕਿ ਅਸੀਂ ਸਹਾਇਕ ਧੰਦਿਆਂ ਨੂੰ ਵੀ ਅੱਗੇ ਲੈ ਕੇ ਜਾਵਾਂਗੇ। ਜੋ ਦੁੱਧ ਦੇ ਵਿੱਚ ਮਿਲਾਵਟ ਹੁੰਦੀ ਹੈ, ਉਸ ਨੂੰ ਵੀ ਰੋਕਾਂਗੇ ਜਿਸ ਨਾਲ ਸਾਡੀ ਸਿਹਤ ਵੀ ਬਚੇਗੀ ਤੇ ਕਿਸਾਨਾਂ ਨੂੰ ਵੀ ਲਾਭ ਹੋਵੇਗਾ।

ਸਪੀਕਰ ਸਾਹਿਬ, ਦੂਜਾ, ਇਸ ਦੇ ਵਿੱਚ ਹੋਰ ਮੇਨ ਗੱਲ ਹੈ ਕਿ ਸਾਡੇ ਪੰਜਾਬ ਵਿੱਚ ਐਮ.ਬੀ.ਬੀ.ਐਸ. ਦੀ ਪੜ੍ਹਾਈ ਲਈ ਫੀਸਾਂ ਬਹੁਤ ਜ਼ਿਆਦਾ ਹਨ। ਸਾਡੇ ਬੱਚੇ ਵਿਦੇਸ਼ਾਂ ਵਿੱਚ ਪੜ੍ਹਨ ਜਾਂਦੇ ਹਨ ਤਾਂ ਮਾਨ ਸਾਹਿਬ ਦੀ ਸਰਕਾਰ ਨੇ ਇਸ ਵਿੱਚ ਕਿਹਾ ਹੈ ਕਿ ਸੀਟਾਂ ਦਾ ਵਾਧਾ ਵੀ ਕਰਾਂਗੇ ਤੇ ਜੋ ਲੱਖਾਂ ਕਰੋੜਾਂ ਰੁਪਏ ਦੀਆਂ ਫੀਸਾਂ ਹਨ, ਉਨ੍ਹਾਂ ਨੂੰ ਘਟਾਉਣ ਦੀ ਕੋਸ਼ਸ਼ ਕਰਾਂਗੇ।

24.06.2022/06.40/ਹਰਪ੍ਰੀਤ ਸਿੰਘ/ਅਭਿਸ਼ੇਕ ਗੌਤਮ

ਇਹ ਬਹੁਤ ਵੱਡਾ ਉਦਮ ਹੈ। ਇਸ ਤੋਂ ਇਲਾਵਾ ਐਡਵੋਕੇਟ ਸਾਹਿਬਾਨ ਦੀ ਇੰਸ਼ੋਰੈਂਸ ਕਰਨ ਦੀ ਗੱਲ ਹੋਈ ਹੈ। ਇਸ ਤੋਂ ਇਲਾਵਾ ਮਿੱਟੀ ਦੀ ਪਰਖ ਪ੍ਰਯੋਗਸ਼ਾਲਾਵਾਂ ਬਲਾਕ ਪੱਧਰ ਤੇ ਖੋਲ੍ਹਣ ਦੀ ਗੱਲ ਹੋਈ ਹੈ, ਇਹ ਬਹੁਤ ਵੱਡੀ ਗੱਲ ਹੈ ਕਿਉਂਕਿ ਅਸੀਂ ਬਿਨਾਂ ਰੇਹਾਂ ਸਪਰੇਆਂ, ਬਿਨਾਂ ਪ੍ਰਯੋਗ ਕਰੇ, ਬਿਨਾਂ ਮਿੱਟੀ ਪਾਣੀ ਦੀ ਪਰਖ ਕਰੇ ਖੇਤਾਂ ਵਿਚ ਪਾਈ ਜਾਂਦੇ ਹਾਂ, ਇਸ ਨਾਲ ਕਿਸਾਨਾਂ ਨੂੰ ਬਹੁਤ ਲਾਭ ਹੋਵੇਗਾ। ਇਸ ਵਿਚ ਸਭ ਤੋਂ ਵੱਡੀ ਗੱਲ ਇਹ ਕੀਤੀ ਹੈ ਕਿ ਜਿਹੜੇ ਪੰਜਾਬੀ ਦੇ ਪੇਪਰ ਵਿਚ 50 ਫੀਸਦੀ ਨੰਬਰ ਲੈਣਗੇ, ਉਨ੍ਹਾਂ ਨੂੰ ਹੀ ਨੌਕਰੀਆਂ ਦਿੱਤੀਆਂ ਜਾਣਗੀਆਂ। ਇਹ ਬਹੁਤ ਇਤਿਹਾਸਕ ਫੈਸਲਾ ਹੈ। ਇਸ ਨਾਲ ਪੰਜਾਬੀ ਵੀ ਪ੍ਰਫੁੱਲਤ ਹੋਵੇਗੀ। ਇਸ ਨਾਲ ਪੰਜਾਬ ਵਿਚ ਪੰਜਾਬੀ ਹੀ ਨੌਕਰੀਆਂ ਕਰਨਗੇ। ਵਾਰ-ਵਾਰ ਇੱਥੇ ਗੱਲ ਆਉਂਦੀ ਹੈ ਕਿ ਪੰਜਾਬੀ ਭਾਸ਼ਾ ਦੀ ਬੇਕਦਰੀ ਹੁੰਦੀ ਹੈ, ਇਸ ਨਾਲ ਪੰਜਾਬੀ ਮਾਤ ਭਾਸ਼ਾ ਨੂੰ ਬਹੁਤ ਵੱਡਾ ਮਾਣ ਮਿਲੇਗਾ। ਸਪੀਕਰ ਸਾਹਿਬ, ਅੱਜ ਕਿਹਾ ਜਾ ਰਿਹਾ ਹੈ ਕਿ ਇਹ ਨਹੀਂ ਹੋਇਆ, ਉਹ ਨਹੀਂ ਹੋਇਆ। ਪਹਿਲਾਂ ਨੌਜਵਾਨੀ ਦੀ ਗੱਲ ਕਰ ਲਈਏ, ਜੇਕਰ ਅੱਜ ਨੌਜਵਾਨੀ ਵਿਦੇਸ਼ਾਂ ਵਿਚ ਜਾ ਰਹੀ ਹੈ, ਨਸ਼ਿਆਂ ਤੇ ਲੱਗੀ ਹੈ ਤਾਂ ਇਸ ਦਾ ਜ਼ਿੰਮੇਵਾਰ ਕੌਣ ਹੈ? ਅਸੀਂ ਆਮ ਘਰਾਂ ਦੇ ਮੁੰਡੇ ਇੱਥੇ ਆਏ ਹਾਂ, ਜਿਨ੍ਹਾਂ ਨੇ ਕਦੇ ਸੁਪਨਾ ਵੀ ਨਹੀਂ ਲਿਆ ਸੀ, ਅਸੀਂ ਤਾਂ ਕਹਿੰਦੇ ਸੀ ਕਿ ਸਾਨੂੰ ਕੋਈ ਬੱਸ ਦੀ ਟਿਕਟ ਨਹੀਂ ਦਿੰਦਾ ਸੀ, ਸਾਨੂੰ ਐਮ.ਐਲ.ਏ. ਦੀ ਟਿਕਟ ਮਿਲ ਗਈ।ਜਿਸ ਤਰ੍ਹਾਂ ਅਸੀਂ ਆਮ ਘਰਾਂ ਦੇ ਮੁੰਡੇ ਇੱਥੇ ਚੁਣ ਕੇ ਆਏ ਹਾਂ ਤਾਂ ਇਨ੍ਹਾਂ ਤੋਂ ਜਰਿਆ ਨਹੀਂ ਜਾਂਦਾ ਕਿ ਝਾੜੂ ਲਗਾਉਣ ਵਾਲੀ ਸਫਾਈ ਸੇਵਕ ਦਾ ਮੁੰਡਾ ਮੁੱਖ ਮੰਤਰੀ ਨੂੰ ਹਰਾ ਕੇ ਐਮ.ਐਲ.ਏ. ਕਿੰਝ ਬਣ ਗਿਆ। ਅੱਜ ਪੰਜਾਬ ਦੇ ਗਾਇਕ, ਚੰਗੇ ਪੁਲਿਸ ਅਫ਼ਸਰ, ਵਕੀਲ ਸਾਹਿਬਾਨ ਇੱਥੇ ਐਮ.ਐਲ.ਏ. ਬਣੇ ਬੈਠੇ ਹਨ। ਇਹ ਸਰਕਾਰ ਨੂੰ ਡਿਸਟ੍ਰਬ ਕਰਨ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਐਮ.ਐਲ.ਏ. ਬਣ ਗਏ, ਜਿਹੜੇ ਇਨ੍ਹਾਂ ਨੇ ਸਪਰਿੰਗ ਵਾਂਗ ਦੱਬੇ ਹੋਏ ਸੀ, ਇਹ ਸਮਝਦੇ ਸੀ ਕਿ ਅਸੀਂ ਤਾਂ ਇਨ੍ਹਾਂ ਨੂੰ ਦਰੀਆਂ ਵਿਛਾਉਣ ਵਾਸਤੇ ਰੱਖਿਆ ਸੀ, ਅਸੀਂ ਤਾਂ ਇਨ੍ਹਾਂ ਨੂੰ ਪੋਲਿੰਗ ਦੀਆਂ ਪਰਚੀਆਂ ਕੱਟਣ ਵਾਸਤੇ ਰੱਖਿਆ ਸੀ, ਇਹ ਐਮ.ਐਲ.ਏ. ਕਿਵੇਂ ਬਣ ਗਏ। ਸੋ, ਅੱਜ ਗੱਲ ਚੱਲੀ ਹੈ, ਸਾਡੇ ਮਰਹੂਮ ਸਿੱਧੂ ਮੂਸੇਵਾਲਾ ਦੀ। ਮੇਰਾ ਉਸ ਨਾਲ ਪਰਿਵਾਰਕ ਰਿਸ਼ਤਾ ਸੀ ਪਰ ਮੈਂ ਦੋ-ਤਿੰਨ ਗੱਲਾਂ ਕਰਨਾ ਚਾਹੁੰਦਾ ਹਾਂ। ਉਹ ਸਟਾਰ ਗਾਇਕ ਸੀ, ਉਹ ਸਾਡੀ ਪੰਜਾਬੀ ਮਿਊਜ਼ਿਕ ਇੰਡਸਟਰੀ ਨੂੰ ਵਰਲਡ ਲੈਵਲ ਤੇ ਲੈ ਕੇ ਗਿਆ। ਉਸ ਦਾ ਗੀਤ ਐਸ.ਵਾਈ.ਐਲ. ਰਿਲੀਜ਼ ਹੋਇਆ ਹੈ, ਬੜੀ ਚਰਚਾ ਵਿਚ ਹੈ ਪਰ ਮੈਂ ਪੁੱਛਦਾ ਹਾਂ ਕਿ ਐਸ.ਵਾਈ.ਐਲ. ਕਿਸ ਦੀ ਦੇਣ ਸੀ। ਉਸ ਨੂੰ ਇਹ ਗੀਤ ਕਿਉਂ ਗਾਉਣਾ ਪੈ ਗਿਆ। ਮੈਂ ਵਿਧਾਨ ਸਭਾ ਦੇ ਪਵਿੱਤਰ ਸਦਨ ਵਿਚ ਪੁੱਛਣਾ ਚਾਹੁੰਦਾ ਹਾਂ ਕਿ ਐਸ.ਵਾਈ.ਐਲ ਦਾ ਧੱਕਾ ਪੰਜਾਬ ਨਾਲ ਕਿਸ ਨੇ ਕੀਤਾ, ਪੰਜਾਬ ਦਾ ਪਾਣੀ ਕਿਸ ਨੇ ਖੋਹਣ ਦੀ ਕੋਸ਼ਿਸ਼ ਕੀਤੀ, ਕਿਹੜੇ ਲੋਕਾਂ ਨੇ ਚੰਡੀਗੜ੍ਹ ਸਾਥੋਂ ਖੋਹਿਆ। ਮੈਂ ਮੰਗ ਕਰਦਾ ਹਾਂ ਕਿ ਉਨ੍ਹਾਂ ਲੋਕਾਂ ਨੂੰ ਅੱਜ ਸਦਨ ਵਿਚ ਮੁਆਫੀ ਮੰਗਣੀ

ਚਾਹੀਦੀ ਹੈ ਕਿ ਸਾਥੋਂ ਗਲਤੀਆਂ ਹੋਈਆਂ ਹਨ। ਸਾਡੇ ਸਿਰ ਕਰਜ਼ਾ ਵੀ ਤਾਂ ਹੀ ਚੜ੍ਹਿਆ ਹੈ ਕਿ ਸਾਡੇ ਪਾਣੀ ਸਾਡੇ ਕੋਲੋਂ ਖੋਹੇ ਗਏ ਸੀ। ਪੰਜਾਬੀ ਬੋਲਦੇ ਇਲਾਕੇ ਖੋਹੇ ਗਏ ਸੀ। ਇਹ ਲੜਾਈ ਲੜਦੇ ਲੜਦੇ ਸਾਡੇ ਸਿਰ 3 ਲੱਖ ਕਰੋੜ ਦਾ ਕਰਜ਼ਾ ਚੜ੍ਹ ਗਿਆ। ਜਿੱਥੇ ਇਹ ਸਿੱਧੂ ਮੂਸੇਵਾਲਾ ਦੀ ਗੱਲ ਕਰਦੇ ਹਨ, ਉਥੇ ਇਨ੍ਹਾਂ ਨੂੰ ਐਸ.ਵਾਈ.ਐਲ. ਦੀ ਮੁਆਫੀ ਵੀ ਮੰਗ ਲੈਣੀ ਚਾਹੀਦੀ ਹੈ। ਇਹ ਮੈਂ ਜ਼ਰੂਰ ਕਹਿੰਦਾ ਹਾਂ। ਇੱਥੇ ਕਿਹਾ ਗਿਆ ਕਿ ਅਸੀਂ ਸ਼ਰਾਬ ਤੋਂ ਹੀ ਵੱਧ ਆਮਦਨ ਕਿਉਂ ਭਾਲਦੇ ਹਾਂ। ਮੈਂ ਕਹਿੰਦਾ ਹਾਂ ਕਿ ਸਕੂਲਾਂ ਨਾਲੋਂ ਵੱਧ ਸ਼ਰਾਬ ਦੇ ਠੇਕੇ ਖੋਲੇ ਕਿਸ ਨੇ ਸੀ, ਉਹ ਵੀ ਯਾਦ ਕਰ ਲਓ। ਹਸਪਤਾਲ ਦੇ ਕੋਲ ਠੇਕਾ, ਸਕੂਲ ਦੇ ਕੋਲ ਠੇਕਾ, ਕਾਲਜ ਕੋਲ ਠੇਕਾ, ਇਹ ਕਿਸ ਦੀ ਪਾਲਿਸੀ ਸੀ। ਅਸੀਂ ਤਾਂ ਹਾਲੇ ਬਜਟ ਲੈ ਕੇ ਆਉਣਾ ਹੈ, ਪਾਲਿਸੀ ਬਣਾਉਣੀ ਹੈ। ਫਿਰ ਗਰੀਬਾਂ ਦੀ ਗੱਲ ਕੀਤੀ ਗਈ ਹੈ। ਮੈਂ ਕਹਿੰਦਾ ਹਾਂ ਕਿ ਮੁੱਖ ਮੰਤਰੀ ਜੀ ਨੇ ਜਿੱਥੇ ਗੁਲਾਬੀ ਸੁੰਡੀ ਕਰਕੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ, ਉਥੇ ਮਜ਼ਦੂਰਾਂ ਵਾਸਤੇ ਵੀ ਪੈਸੇ ਰੱਖੇ ਹਨ। ਸਰਵੇ ਹੋ ਰਿਹਾ ਹੈ ਕਿ ਮਜ਼ਦੂਰਾਂ ਨੂੰ ਕਿੰਨੇ ਪੈਸੇ ਮਿਲਣੇ ਸੀ। ਇੱਥੇ ਵੜਿੰਗ ਸਾਹਿਬ ਬੈਠੇ ਹਨ। ਇਨ੍ਹਾਂ ਦਾ ਵੀ ਪਰਿਵਾਰਕ ਰਿਸ਼ਤਾ ਸੀ ਸਿੱਧੂ ਮੂਸੇਵਾਲਾ ਨਾਲ। ਮੈਂ ਕੋਈ ਇਲਜ਼ਾਮ ਨਹੀਂ ਲਗਾਉਂਦਾ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮੂਸੇਵਾਲੇ ਦੀ ਰੇਕੀ ਕਰਦਾ ਸੀ, ਮੋਹਣਾ, ਉਹ ਸਾਡੇ ਇਲਾਕੇ ਦਾ ਸੀ, ਜੋ ਫੜਿਆ ਗਿਆ ਹੈ। ਉਸ ਦੀਆਂ ਫੋਟੋਆਂ ਹਮੇਸ਼ਾ ਵੜਿੰਗ ਸਾਹਿਬ ਨਾਲ ਦਿਸਦੀਆਂ ਸਨ। ਇਹ ਰੇਕੀ ਕਰਦੇ ਰਹੇ ਹਨ, ਮੈਂ ਇਹ ਨਹੀਂ ਕਹਿੰਦਾ ਪਰ ਇਲੈਕਸ਼ਨ ਦੇ ਦੌਰਾਨ ਇਹ ਉਸ ਕੋਲ ਬੰਦੇ ਠਹਿਰੇ ਇਹ ਇਨਵੈਸਟੀਗੇਸ਼ਨ ਵਿਚ ਆ ਗਿਆ ਹੈ ਪਰ ਉਸ ਨਾਲ ਸਬੰਧ ਕੀ ਸੀ, ਮੈਨੂੰ ਨਹੀਂ ਪਤਾ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੇਰੇ ਦੋਸਤ ਨੇ ਇਹ ਗੱਲ ਕਹੀ ਕਿ ਮੇਰਾ ਪਰਿਵਾਰਕ ਰਿਸ਼ਤਾ ਸਿੱਧੂ ਮੂਸੇਵਾਲਾ ਨਾਲ ਸੀ, ਇਨ੍ਹਾਂ ਨੇ ਆਪਣੇ ਰਿਸ਼ਤੇ ਦੀ ਗੱਲ ਵੀ ਕੀਤੀ ਹੈ। ਮੈਨੂੰ ਇਸ ਗੱਲ ਦਾ ਬੇਹੱਦ ਦੁੱਖ ਹੈ ਕਿ ਸਾਡਾ ਉਹ ਭਰਾ ਇਸ ਦੁਨੀਆਂ ਤੋਂ ਚਲਾ ਗਿਆ ਹੈ। ਸ਼ਾਇਦ ਜਿਸ ਦਿਨ ਉਸ ਦੀ ਮੌਤ ਹੋਈ ਸੀ, ਉਸ ਦਿਨ ਵੱਖ-ਵੱਖ ਆਗੂ ਉੱਥੇ ਆ ਗਏ, ਜੋ ਉਸ ਮੁੱਦੇ ਤੇ ਸਿਆਸਤ ਕਰਨਾ ਚਾਹੁੰਦੇ ਸੀ।

24.06.2022/06.45/ਅ.ਕ./ਅ.ਕ.

ਲੇਕਿਨ ਅਸੀਂ ਆਖਿਆ ਕਿ ਸਾਡਾ ਭਰਾ ਚਲਿਆ ਗਿਆ ਹੈ। ਜੋ ਪਰਿਵਾਰ ਦੇ ਮੈਂਬਰਾਂ ਦਾ ਫੈਸਲਾ ਹੋਵੇਗਾ, ਉਹ ਮੰਨਿਆ ਜਾਵੇਗਾ। ਉਨ੍ਹਾਂ ਦੇ ਪਿਤਾ ਜੀ ਨੇ 2 ਲੱਖ ਬੰਦਿਆਂ ਦੀ ਕਚਹਿਰੀ ਦੇ ਵਿੱਚ ਇੱਕ ਕੇਵਲ ਰਾਜਾ ਵੜਿੰਗ ਦਾ ਨਾਂ ਲਿਆ ਹੋਣਾ ਹੈ ਕਿ ਰਾਜਾ ਵੜਿੰਗ ਸਾਡਾ ਪਰਿਵਾਰਕ ਮੈਂਬਰ ਹੈ ਅਤੇ ਰਾਜਾ ਵੜਿੰਗ ਸਿੱਧੂ ਮੂਸੇਵਾਲਾ ਨੂੰ ਰਾਜਨੀਤੀ ਤੋਂ ਦੂਰ ਰੱਖਣਾ ਚਾਹੁੰਦੇ ਸਨ। ਇਹ ਗੱਲ ਸਟੇਜ ਤੇ ਹੋਈ। ਇਹ ਤਾਂ ਮੌਤ ਤੋਂ ਬਾਅਦ ਦੂਜੇ ਤੀਜੇ ਦਿਨ ਉਥੇ ਗਏ। ਪਹਿਲੇ ਦਿਨ ਤਾਂ ਇਨ੍ਹਾਂ ਦੀ ਜਾਣ ਦੀ ਹਿੰਮਤ ਨਹੀਂ ਹੋਈ ਪਰ ਰਾਜਾ

ਵੜਿੰਗ ਤਾਂ ਰਾਤ ਦੇ ਤਿੰਨ ਵਜੇ ਉਥੇ ਪਹੁੰਚ ਗਿਆ ਸੀ। ਜਿਹੜੀ ਗੱਲ ਭਾਈ ਸਾਹਿਬ ਕਹਿ ਰਹੇ ਹਨ ਕਿ ਇੱਕ ਵਿਅਕਤੀ ਜਿਹੜਾ ਰੇਕੀ ਕਰ ਰਿਹਾ ਸੀ ਅਤੇ ਉਹ 6 ਮਹੀਨਿਆਂ ਤੋਂ ਹੁਣ ਜੇਲ੍ਹ ਦੇ ਵਿੱਚ ਸੀ। ਮੈਂ ਬੁੱਢਲਾਡੇ ਵਿਖੇ ਚੋਣ ਪ੍ਰਚਾਰ ਕਰਨ ਵਾਸਤੇ ਗਿਆ ਸੀ, ਇਨ੍ਹਾਂ ਨੂੰ ਵੀ ਇਸ ਗੱਲ ਦਾ ਪਤਾ ਹੈ, ਚੋਣ ਪ੍ਰਚਾਰ ਦੇ ਵਿੱਚ ਕੁਝ ਵਿਅਕਤੀ ਸਟੇਜ ਤੇ ਲਿਆ ਕੇ ਖੜੇ ਕਰ ਦਿੱਤੇ ਗਏ ਜਿਨ੍ਹਾਂ ਦੇ ਗੱਲ ਦੇ ਵਿੱਚ ਅਸੀਂ ਸਿਰੋਪੇ ਪਾ ਦਿੱਤੇ । ਜਦੋਂ ਇਹ ਫੋਟੋਆਂ ਆਈਆਂ ਜਾਂ ਪਤਾ ਲੱਗਿਆ ਇਨ੍ਹਾਂ ਦਾ ਤਾਂ ਵੱਸ ਨਹੀਂ ਚੱਲਿਆ ਇਹ ਤਾਂ ਕਹਿ ਦਿੰਦੇ ਕਿ ਰਾਜਾ ਵੜਿੰਗ ਮਰਵਾਉਣ ਵਿੱਚ ਸੀ। ਜੇ ਇਨ੍ਹਾਂ ਭਾਈ ਸਾਹਿਬ ਦਾ ਵੱਸ ਚੱਲਦਾ ਪਰ ਵੱਸ ਚੱਲਿਆ ਨਹੀਂ। ਹੁਣ ਤੁਹਾਡੀ ਸਰਕਾਰ ਵਿੱਚ ਪੁਲਿਸ ਇੰਨਕੁਆਰੀ ਕਰ ਰਹੀ ਹੈ, ਉਸ ਬੰਦੇ ਨੂੰ ਫੜ੍ਹ ਲਿਆ ਹੋਣਾ, ਤੁਸੀਂ ਚੀਫ ਸ਼੍ਰੀ ਪ੍ਰਮੋਦ ਮਾਨ ਜੀ ਨੂੰ ਲਗਾਇਆ ਹੈ, ਉਹ ਦੱਸ ਦੇਣ ਕਿ ਰਾਜੇ ਵੜਿੰਗ ਨਾਲ ਉਸ ਦਾ ਕੀ ਲਿੰਕ ਸੀ। ਮੇਰੇ ਕਹਿਣ ਦਾ ਮਤਲਬ ਬੇਤੁਕਾ ਬਿਆਨ ਨਹੀਂ ਦੇਣਾ ਚਾਹੀਦਾ ਹੈ। ਕੱਲ੍ਹ ਨੂੰ ਭਰਾ ਤੇਰੀ ਕਿਸੇ ਚੋਰ ਨਾਲ ਫੋਟੋ ਆ ਜਾਵੇਗੀ ਤਾਂ ਮੈਂ ਕਹਾਂਗਾ ਕਿ ਇਹ ਬੰਦਾ ਚੋਰ ਸੀ, ਇਹ ਬੇਤੁਕੀ ਹੈ। ਸੋ ਬੇਤੁਕੀ ਗੱਲ ਕਰਨੀ ਇੱਕ ਚੁਣੇ ਹੋਏ ਨੁਮਾਇੰਦੇ ਵਾਸਤੇ ਚੰਗੀ ਨਹੀਂ ਹੈ। ਜੇ ਕੋਈ ਸਬੂਤ ਹੈ ਤਾਂ ਤੁਹਾਡੀ ਸਰਕਾਰ ਹੈ ਅਤੇ ਤੁਹਾਡਾ ਹੀ ਚੀਫ ਲੱਗਿਆ ਹੋਇਆ ਹੈ, ਉਨ੍ਹਾਂ ਨੂੰ ਕਹਿ ਦਿਓ ਕਿ ਭਾਲ ਲਓ ਰਾਜੇ ਵੜਿੰਗ ਨਾਲ ਕੀ ਸਬੰਧ ਸੀ? ਸੋ ਮੇਰੀ ਬੇਨਤੀ ਹੈ ਕਿ ਚੁਣੇ ਹੋਏ ਨੁਮਾਇੰਦੇ ਲਈ ਇਹ ਗੱਲ ਚੰਗੀ ਨਹੀਂ ਲੱਗਦੀ। ਇਹ ਵਧੀਆ ਗੱਲ ਨਹੀਂ ਹੈ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਸਪੀਕਰ ਸਾਹਿਬ, ਮੈਂ ਕੋਈ ਦੋਸ਼ ਨਹੀਂ ਲਗਾਏ ਸੀ। ਜਿਹੜੀਆਂ ਫੋਟੋਆਂ ਸੀ ਉਸ ਦੇ ਹਿਸਾਬ ਨਾਲ ਪੁੱਛਿਆ ਸੀ। ਗੱਲ ਕਲੀਅਰ ਕਰਨੀ ਸੀ, ਮੈਂ ਕੋਈ ਦੋਸ਼ ਨਹੀਂ ਲਗਾ ਰਿਹਾ ਹਾਂ। ਪਰ ਉਸ ਇਨਸਾਨ ਦੀ ਤੁਹਾਡੇ ਨਾਲ ਫੋਟੋਆਂ ਹਨ, ਉਹ ਤੁਹਾਡੇ ਨਾਲ ਰਿਹਾ ਹੈ। ਇਸ ਗੱਲ ਦਾ ਤੁਸੀਂ ਸਪਸ਼ਟੀਕਰਨ ਦੇ ਦਿੱਤਾ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਇਨ੍ਹਾਂ ਨੇ ਬਾਈ ਨੇਮ ਦੋਸ਼ ਲਗਾਇਆ ਹੈ, ਇਹ ਮਾੜੀ ਗੱਲ ਹੈ।

**ਮਾਨਯੋਗ ਸਪੀਕਰ:** ਤੁਸੀਂ ਬੈਠੋ, ਤੁਹਾਡੀ ਗੱਲ ਆ ਗਈ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਵੜਿੰਗ ਸਾਹਿਬ, ਮੈਂ ਬੋਲਣਾ ਨਹੀਂ ਚਾਹੁੰਦਾ ਹਾਂ, ਇਹ ਫੋਟੋਆਂ ਤੁਹਾਡੇ ਨਾਲ ਹਨ, ਤੁਹਾਡੀਆਂ ਗੱਡੀਆਂ ਵਿੱਚ ਰਹੇ ਹਨ।

**ਮਾਨਯੋਗ ਸਪੀਕਰ:** ਬਨਾਂਵਾਲੀ ਜੀ, ਤੁਸੀਂ ਚੇਅਰ ਨੂੰ ਐਡਰੈੱਸ ਕਰੋ ਜੀ। ਰਾਜਾ ਜੀ, ਬੈਠੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਮੈਂ ਇਹੀ ਕਹਿ ਰਿਹਾ ਹਾਂ ਕਿ ਤੁਹਾਡਾ ਇਨਚਾਰਜ ਜਿਹੜਾ ਲਗਾਇਆ ਹੈ ਉਹ ਇੰਨਕੁਆਰੀ ਕਰੇ ਤਾਂ ਆਪੇ ਪਤਾ ਲੱਗ ਜਾਵੇਗਾ।

**ਮਾਨਯੋਗ ਸਪੀਕਰ:** ਮਾਨਯੋਗ ਮੈਂਬਰ ਸਾਹਿਬ, ਤੁਹਾਡੀ ਗੱਲ ਆ ਗਈ। ਬੈਠੋ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਸਪੀਕਰ ਸਾਹਿਬ, ਜਿਹੜੇ ਕਹਿੰਦੇ ਗਏ ਨਹੀਂ, ਸਸਕਾਰ ਵਾਲੇ ਦਿਨ ਮੈਂ ਆਪ ਜਾ ਕੇ ਆਇਆ ਹਾਂ। ਮੈਂ ਫੋਟੋ ਨਹੀਂ ਪਾਉਂਦਾ ਸੀ, ਜਦੋਂ ਕਿਹਾ ਗਿਆ ਕਿ 92 ਦੇ 92 ਮਰ ਗਏ ਉਸ ਵੇਲੇ ਮੈਂ ਫੋਟੋ ਪਾਈ, ਮੈਂ ਮੌਤ ਤੇ ਲਾਈਵ ਨਹੀਂ ਹੁੰਦਾ, ਮੈਂ ਸਸਕਾਰ ਤੇ ਲਾਈਵ ਨਹੀਂ ਹੁੰਦਾ ਹਾਂ। ਉਨ੍ਹਾਂ ਗੱਲਾਂ ਤੋਂ ਅਸੀਂ ਕੋਹਾਂ ਦੂਰ ਹਾਂ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਸੋ, ਮੈਂ ਅਗਲੀ ਗੱਲ ਕਰਨੀ ਚਾਹੁੰਦਾ ਹਾਂ। ਅੱਜ ਲਾਅ ਐਂਡ ਆਰਡਰ ਤੇ ਗੱਲ ਹੋ ਰਹੀ ਹੈ। ਅੱਜ ਬਹੁਤ ਵੱਡਾ ਲਾਅ ਐਂਡ ਆਰਡਰ ਦਾ ਮਸਲਾ ਉਠਾਇਆ ਜਾ ਰਿਹਾ ਹੈ।ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਦਿੱਲੀ ਦੇ ਵਿੱਚ ਸਰਕਾਰ ਦੇ ਹੁੰਦਿਆਂ ਗਲਾਂ ਵਿੱਚ ਟਾਇਰ ਪਾ ਪਾ ਕੇ ਸਾੜੀ ਜਾਂਦੇ ਸੀ, ਉਦੋਂ ਲਾਅ ਐਂਡ ਆਰਡਰ ਕਿੱਥੇ ਸੀ। ਸਾਡੀਆਂ ਭੈਣਾਂ ਦੀ ਇੱਜ਼ਤ ਰੌਲੀ ਜਾਂਦੀ ਸੀ (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ)। ਦਿੱਲੀ ਦੇ ਵਿੱਚ ਸਾਡਾ ਕਤਲ ਹੋ ਰਿਹਾ ਸੀ। ਕਾਨਪੁਰ ਵਿੱਚ ਕਤਲ ਹੋ ਰਹੇ ਸਨ, ਮੇਰਠ ਵਿੱਚ ਕਤਲ ਹੋ ਰਹੇ ਸਨ, ਉਸ ਵੇਲੇ ਸਰਕਾਰ ਕਿੱਥੇ ਸੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਇਹ 1984 ਦੀ ਗੱਲ ਕਰ ਰਹੇ ਹਨ। ਜਿਹੜੇ ਪਰਿਵਾਰ ਨਾਲ ਤੁਸੀਂ ਸਬੰਧ ਰੱਖਦੇ ਹੋ, ਉਹ ਸਰਦਾਰ ਗਿਆਨੀ ਜ਼ੈਲ ਸਿੰਘ ਦਾ ਪਰਿਵਾਰ ਹੈ। ਮੇਰੇ ਕਹਿਣ ਦਾ ਮਤਲਬ ਹੈ ਇਨ੍ਹਾਂ ਨੂੰ ਮਾਮਲੇ ਦੀ ਸੰਵੇਦਨਸ਼ੀਲਤਾ ਸਮਝਣੀ ਚਾਹੀਦੀ ਹੈ।

**ਮਾਨਯੋਗ ਸਪੀਕਰ:** ਬੈਠੋ ਜੀ ਬੈਠੋ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਸਪੀਕਰ ਸਾਹਿਬ, ਗੱਲ ਲਾਅ ਐਂਡ ਆਰਡਰ ਦੀ ਹੋ ਰਹੀ ਹੈ। ਇੱਕ ਦੇਸ਼ ਦਾ ਪ੍ਰਧਾਨ ਮੰਤਰੀ ਕਹੇ ਕਿ ਵੱਡਾ ਦਰੱਖਤ ਗਿਰਦਾ ਤਾਂ ਧਰਤੀ ਹਿਲਦੀ ਹੈ, ਉਸ ਦਿਨ ਲਾਅ ਐਂਡ ਆਰਡਰ ਕਿੱਥੇ ਸੀ, ਗੱਲ ਲਾਅ ਐਂਡ ਆਰਡਰ ਦੀ ਹੋ ਰਹੀ ਹੈ। ਦੂਜੀ ਗੱਲ ਮੈਂ ਜਿਹੜੀ ਕਹਿਣਾ ਚਾਹੁੰਦਾ ਹਾਂ, ਅੱਜ ਮੈਂ ਪਿਛਲੀਆਂ ਕੁਝ ਘਟਨਾਵਾਂ ਗਿਣਾਉਣਾ ਚਾਹੁੰਦਾ ਹਾਂ।

6.50 / 24.06.2022 ਤਰਲੋਚਨ ਸਿੰਘ / ਹਰਜਿੰਦਰ ਸਿੰਘ ਟਿਵਾਣਾ

27 ਨਵੰਬਰ, 2016 ਨੂੰ, ਜਿਹੜੇ ਸਾਡੇ ਦੂਜੇ ਵੀਰ ਬੈਠੇ ਹਨ, ਨਾਭਾ ਮੈਕਸੀਮਮ ਸਿਕਿਉਰਿਟੀ ਵਾਲੀ ਜੇਲ੍ਹ ਵਿੱਚੋਂ ਗੋਲੀਆਂ ਚਲਾ ਕੇ ਖਾਲਿਸਤਾਨੀ ਅਤੇ ਗੈਂਗਸਟਰ ਭੱਜ ਗਏ ਸਨ, ਉਦੋਂ ਲਾਅ ਐਂਡ ਆਰਡਰ ਕਿੱਥੇ ਸੀ? ਦੂਜੀ ਗੱਲ ਕਰਨੀ ਚਾਹੁੰਦਾ ਹਾਂ 14 ਅਪ੍ਰੈਲ, 2018 ਦੀ। 2018 ਵਿੱਚ ਪਰਮੀਸ਼ ਵਰਮਾ ਤੇ ਗੋਲੀਆਂ

ਚਲੀਆਂ ਸਨ, ਇੱਕ ਗਾਇਕ ਤੇ ਗੋਲੀਆਂ ਚੱਲੀਆਂ ਸਨ। ਸ਼ਰੇਆਮ ਫਿਰੌਤੀ ਮੰਗੀ ਗਈ। ਉਦੋਂ ਤੁਹਾਡੀ ਸਰਕਾਰ ਸੀ, ਲਾਅ ਐਂਡ ਆਰਡਰ ਕਿੱਥੇ ਸੀ? ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਹਾਡਾ ਕਾਂਗਰਸ ਦਾ ਪ੍ਰਧਾਨ ਗੁਰਲਾਲ, ਕਾਂਗਰਸ ਦੀ ਸਰਕਾਰ ਵੇਲੇ ਫਰੀਦਕੋਟ ਵਿੱਚ ਗੋਲੀਆਂ ਮਾਰ ਕੇ ਮਾਰ ਦਿੱਤਾ, ਉਸ ਵੇਲੇ ਲਾਅ ਐਂਡ ਆਰਡਰ ਕਿੱਥੇ ਸੀ?

ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਮਸਲਾ ਅੱਜ ਦਾ ਨਹੀਂ ਹੈ। ਸਿਰ ਜੋੜ ਕੇ ਚੱਲਣ ਦੀ ਲੋੜ ਹੈ। ਜਿੰਨਾ ਵੱਡਾ ਗੈਂਗਸਟਰ, ਰੈਡੀਕਲ ਅਤੇ ਸਮੱਗਲਰਜ਼ ਦਾ ਨੈਕਸਸ ਬਣ ਗਿਆ ਹੈ, ਉੱਥੇ ਇੱਕ ਦੂਜੇ ਨੂੰ ਦੋਸ਼ ਦੇਣ ਦੀ ਥਾਂ ਸਾਰੇ ਸਿਰ ਜੋੜ ਕੇ ਚੱਲੀਏ। ਜੇ ਅੱਜ ਦੂਜੇ ਦੇ ਘਰ ਅੱਗ ਲੱਗੀ ਹੈ ਤਾਂ ਸਾਡੇ ਵੀ ਲੱਗ ਸਕਦੀ ਹੈ। ਸਾਰਿਆਂ ਨੂੰ ਰਲ ਕੇ ਸਾਂਝਾ ਐਕਸ਼ਨ ਲੈਣਾ ਚਾਹੀਦਾ ਹੈ, ਇੱਕ ਦੂਜੇ ਨੂੰ ਦੋਸ਼ ਨਹੀਂ ਦੇਣੇ ਚਾਹੀਦੇ। ਰਾਜਨੀਤੀ ਨਹੀਂ ਕਰਨੀ ਚਾਹੀਦੀ। ਇਹ ਗੈਂਗਸਟਰ ਤਿੰਨ ਮਹੀਨਿਆਂ ਵਿੱਚ ਤਾਂ ਪੈਦਾ ਨਹੀਂ ਹੋ ਗਏ। ਜੇ ਅੱਜ ਸ਼ੇਰੇ ਖੁੰਬਣ ਦੇ ਬਾਪ ਨਾਲ ਗੱਲ ਕਰਦੇ ਹਾਂ ਤਾਂ ਉਹ ਕਹਿੰਦਾ ਹੈ ਮੇਰਾ ਪੁੱਤ ਪੁਲੀਟੀਕਲ ਲੋਕਾਂ ਨੇ ਗਲਤ ਰਸਤੇ ਪਾ ਦਿੱਤਾ ਹੈ। ਜੇਕਰ ਜੈਪਾਲ ਭੁੱਲਰ ਦੇ ਬਾਪ ਨਾਲ ਗੱਲ ਕਰਦੇ ਹਾਂ ਤਾਂ ਉਹ ਵੀ ਕਹਿੰਦਾ ਹੈ ਕਿ ਮੇਰਾ ਪੁੱਤ ਪੁਲੀਟੀਕਲ ਲੋਕਾਂ ਨੇ ਗਲਤ ਰਸਤੇ ਪਾ ਦਿੱਤਾ ਹੈ।ਸੁੱਖਾ ਕਾਹਲਵਾਂ ਦਾ ਪਰਿਵਾਰ ਵੀ ਇਹੋ ਕਹਿੰਦਾ ਹੈ। ਉਦੋਂ ਅਸੀਂ ਤਾਂ ਪੁਲੀਟੀਕਲ ਲੋਕ ਨਹੀਂ ਸੀ। ਅਸੀਂ ਤਾਂ ਨਵੇਂ ਆਏ ਹਾਂ। ਉਹ ਕਿਹੜੇ ਲੋਕ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਉਸ ਰਸਤੇ ਤੇ ਪਾਇਆ ਹੈ।

ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਬਣੀ ਨੂੰ ਤਿੰਨ ਮਹੀਨੇ ਹੋਏ ਹਨ, ਅਸੀਂ ਇੱਕ ਏਜੰਡਾ ਸੈੱਟ ਕੀਤਾ ਹੈ ਕਿ ਕੁਰੱਪਸ਼ਨ ਤੇ ਜ਼ੀਰੋ ਟਾਲਰੈਂਸ ਹੋਵੇਗੀ। ਕੰਮ ਪਹਿਲ ਦੇ ਆਧਾਰ ਤੇ ਹੋਣਗੇ। ਸਪੀਕਰ ਸਾਹਿਬ ਕਤਲ ਹੁੰਦੇ ਸੀ, 326, 307 ਦੇ ਮੁਕੱਦਮੇ ਹੁੰਦੇ ਸੀ। ਸਰਕਾਰਾਂ ਬਦਲ ਗਈਆਂ ਹਨ, ਕੋਈ ਪੁਲੀਟੀਕਲ ਮਰਡਰ ਹੋਇਆ ਹੋਵੇ ਤਾਂ ਦੱਸ ਦੇਣ। ਇਹ ਸਰਕਾਰ ਪਹਿਲੀ ਵਾਰੀ ਆਈ ਹੈ, ਅਸੀਂ ਕਹਿੰਦੇ ਹਾਂ ਕਿ ਸਾਰੇ ਰਲ ਕੇ ਚੱਲੋ, ਇਕੱਠੇ ਚੱਲੋ, ਪੰਜਾਬ ਦੇ ਹਿੱਤਾਂ ਦੀ ਗੱਲ ਕਰੋ। ਪੰਜਾਬ ਯੂਨੀਵਰਸਿਟੀ ਬਾਰੇ ਖਹਿਰਾ ਸਾਹਿਬ ਨੇ ਗੱਲ ਕੀਤੀ ਹੈ। ਅਸੀਂ ਨਹੀਂ ਜਾਣ ਦਿੰਦੇ। ਜਿੱਥੇ ਪੰਜਾਬ ਦੇ ਹਿੱਤ ਆ ਗਏ, ਅੜਨਾ ਚਾਹੀਦਾ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪ੍ਰਬੰਧਕੀ ਮੈਂਬਰ ਹਟਾਇਆ, ਉੱਥੇ ਸਾਨੂੰ ਇਕੱਠੇ ਹੋ ਕੇ ਲੜਨਾ ਚਾਹੀਦਾ ਹੈ। ਚੰਡੀਗੜ੍ਹ ਦੇ ਇਲਾਕੇ ਬਾਰੇ ਲੜਨਾ ਚਾਹੀਦਾ ਹੈ। ਇਨ੍ਹਾਂ ਵੀਰਾਂ ਨੂੰ ਕਹਿੰਦਾ ਹਾਂ ਕਿ ਖੁੱਲ੍ਹੇ ਦਿਲ ਨਾਲ ਪੰਜਾਬੀਆਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਕਿ ਅਸੀਂ ਉਸ ਵੇਲੇ ਦੀ ਸਾਡੀ ਕਾਂਗਰਸ ਸਰਕਾਰ ਦੇ ਲੀਡਰ ਸੀ, ਉਨ੍ਹਾਂ ਨੇ ਪੰਜਾਬ ਨਾਲ ਧੱਕਾ ਕੀਤਾ ਹੈ। ਇਹ ਅੱਜ ਵੱਡੇ ਦਿਲ ਨਾਲ ਸਦਨ ਵਿੱਚ ਮੁਆਫੀ ਮੰਗ ਲੈਣ। ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਜੀ। (ਥੰਪਿੰਗ)

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ)** : ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਬੋਲਣ ਲਈ ਸਮਾਂ ਦਿੱਤਾ ਹੈ। ਕਿਰਪਾ ਕਰਕੇ ਮੈਨੂੰ ਸਮਾਂ ਦੱਸ ਦਿਉ ਕਿ ਮੇਰਾ ਕਿੰਨਾਂ ਸਮਾਂ ਹੈ, ਉਸ ਹਿਸਾਬ ਨਾਲ ਹੀ ਮੈਂ ਬੋਲਾਂ।

**ਮਾਨਯੋਗ ਸਪੀਕਰ** : ਸੱਤ ਵਜੇ ਤੱਕ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ** : ਨਹੀਂ ਜੀ, ਮੇਰਾ ਸਮਾਂ ਕਿੰਨਾ ਹੈ?

**ਮਾਨਯੋਗ ਸਪੀਕਰ** : ਸੱਤ ਵਜੇ ਤੱਕ ਹੀ ਹੈ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ** : ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਦੂਜੀ ਵਾਰ ਚੁਣ ਕੇ ਆਇਆ ਹਾਂ। ਬਹੁਤ ਸਾਰੇ ਮੈਂਬਰ ਪਹਿਲੀ ਵਾਰ ਆਏ ਹਨ, ਛੋਟੀ ਉਮਰ ਵਿੱਚ ਐਮ.ਐਲ.ਏ. ਬਣੇ ਹਨ। ਪਰ ਫਿਊਚਰ ਆਪ ਹੀ ਬਣਾਉਣਾ ਪੈਂਦਾ ਹੈ। ਪਰ ਜਿਸ ਤਰ੍ਹਾਂ ਦੇ ਨਾਲ ਲਾਅ ਐਂਡ ਆਰਡਰ ਤੇ ਇੱਕ ਦੂਸਰੇ ਤੇ ਚਿੱਕੜ ਸੁੱਟ ਰਹੇ ਹਾਂ, ਚਾਹੇ ਟਰੇਜ਼ਰੀ ਬੈਂਚਿਜ਼ ਤੇ ਜਾਂ ਸਾਡੇ ਤੇ ਸੁੱਟਿਆ ਜਾ ਰਿਹਾ ਹੈ, ਮੇਰੇ ਖਿਆਲ ਨਾਲ ਇਹ ਸਾਂਝਾ ਇਸ਼ੂ ਹੈ ਅਤੇ ਇਸ ਨੂੰ ਸੰਜੀਦਗੀ ਨਾਲ ਰਲ ਕੇ ਟੇਕ ਅੱਪ ਕਰਨਾ ਚਾਹੀਦਾ ਹੈ। ਜਿਹੜੀ ਫੋਟੋ ਦੀ ਗੱਲ ਹੈ, ਇਹ ਤਾਂ ਮੇਰਾ ਖਿਆਲ ਹੈ ਕਿ ਦਿਨ ਵਿੱਚ ਮੰਤਰੀ ਸਾਹਿਬਾਨਾਂ ਨਾਲ, ਸਾਰਿਆਂ ਨਾਲ ਹਜ਼ਾਰਾਂ ਹੀ ਲੋਕ ਫੋਟੋਆਂ ਕਰਵਾਉਂਦੇ ਹਨ। ਪਰ ਕਿਸੇ ਦੇ ਦਿਲ ਵਿੱਚ ਕੀ ਹੈ, ਇਹ ਪਤਾ ਨਹੀਂ ਹੁੰਦਾ। ਸਾਡੇ ਨਾਲ ਖੜ੍ਹਾ ਬੰਦਾ ਕਹਿ ਦਿੰਦਾ ਹੈ ਕਿ ਫੋਟੋ ਕਰਵਾ ਲਉ ਜੀ। ਸੋ, ਇਸ ਕਰਕੇ ਇਹ ਛੋਟੀਆਂ ਗੱਲਾਂ ਹਨ। ਤੁਸੀਂ ਵੀ ਦੇਖ ਲੈਣਾ, ਦੋ ਮਹੀਨੇ ਵਿੱਚ ਅਗਲੇ ਸੈਸ਼ਨ ਤੱਕ ਤੁਹਾਡੀ ਕਈਆਂ ਨਾਲ ਆ ਜਾਣੀ ਹੈ। ਜਿਹੜੇ ਸਮਾਜ ਵਿੱਚ ਗਲਤ ਐਲੀਮੈਂਟਸ ਹੁੰਦੇ ਹਨ, ਉਨ੍ਹਾਂ ਦੀ ਇੰਟੈਨਸ਼ਨ ਗਲਤ ਹੁੰਦੀ ਹੈ ਕਿ ਅਸੀਂ ਕਿਸੇ ਚੰਗੇ ਵਜ਼ੀਰ ਨਾਲ ਫੋਟੋ ਕਰਵਾ ਲਈਏ ਤੇ ਆਪਣਾ ਕਾਰੋਬਾਰ ਚਲਾ ਲਈਏ। ਅਸੀਂ ਇਨ੍ਹਾਂ ਛੋਟੀਆਂ ਗੱਲਾਂ ਵਿੱਚ ਨਾ ਪਈਏ। ਜਿਹੜੀ ਸਰਕਾਰ ਚੰਗਾ ਕੰਮ ਕਰੇਗੀ, ਉਸ ਨੂੰ ਚੰਗਾ ਕਹਿਣਾ ਹੈ। ਤੁਸੀਂ ਲਾਈਵ ਕੀਤਾ ਤਾਂ ਕਿ ਲੋਕ ਦੇਖਣ।ਜਿਹੜਾ ਵੀ ਚੰਗਾ ਕਦਮ ਚੁੱਕੋਗੇ ਉਸ ਦਾ ਵੈਲਕਮ ਵੀ ਕਰਾਂਗੇ। ਜਿਸ ਦਿਨ ਸਾਡੇ ਪ੍ਰਧਾਨ ਵੜਿੰਗ ਸਾਹਿਬ ਅਤੇ ਹੋਰ ਸਾਰੇ ਅਸੀਂ ਸੀ.ਐਮ. ਸਾਹਿਬ ਨੂੰ ਮਿਲਣ ਗਏ ਸੀ। ਬਾਜਵਾ ਸਾਹਿਬ ਵੀ ਬੋਲੇ ਗਵਰਨਰ ਐਡਰੈਸ ਦੇ ਚੌਥੇ ਪੰਨੇ ਬਾਰੇ ਬੋਲੇ ਕਿ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਜੇਕਰ ਇਕੱਠੀਆਂ ਚੱਲਣ ਤਾਂ ਉਸਾਰੂ ਕਾਰਜਾਂ ਨੂੰ ਨੇਪਰੇ ਚਾੜ੍ਹ ਸਕਦੀਆਂ ਹਨ। ਅਸੀਂ ਲਾਅ ਐਂਡ ਆਰਡਰ ਅਤੇ ਹੋਰ ਇਸ਼ੂਜ਼ ਤੇ ਗੱਲ ਰੱਖਣ ਗਏ ਸੀ।

ਮ/ ਹ.ਸ./ 6.55/ 24.06.2022

ਮੈਂ ਕਹਿੰਦਾ ਹਾਂ ਕਿ ਕਿਸੇ ਵੀ ਵਜ਼ੀਰ ਦੀ ਤੁਸੀਂ ਇਹ ਗੱਲ ਕਹਿ ਦਿੱਤੀ ਕਿ ਫਲਾਣੇ ਬੰਦੇ ਕਰਕੇ ਗਏ ਸੀ, ਜਿਸ ਨੇ ਜੋ ਕੁਝ ਕੀਤਾ ਹੈ, ਉਸ ਨੂੰ ਕਰਨ ਦਿਓ, nobody stops you. ਤੁਹਾਨੂੰ ਕੰਮ ਕਰਨ ਲਈ ਅਸੀਂ ਤੁਹਾਨੂੰ ਕਦੋਂ ਰੋਕਿਆ ਹੈ ਪਰ ਆਪੋਜ਼ੀਸ਼ਨ ਬਣੀ ਹੀ ਇਸੇ ਲਈ ਹੈ ਕਿ ਉਹ ਚਲਦੀ ਹੋਈ ਸਰਕਾਰ ਨੂੰ ਰੋਕੇ

ਕਿ ਇੱਥੇ ਦਰੁਸਤ ਕਰੋ ਤੇ ਜਿੰਨਾ ਤੁਸੀਂ ਆਪੋਜ਼ੀਸ਼ਨ ਨੂੰ ਸੀਰੀਅਸਲੀ ਲਓਗੇ ਤਾਂ ਹੋ ਸਕਦਾ ਹੈ ਕਿ ਅਗਲੀ ਵਾਰ ਵੀ ਤੁਹਾਨੂੰ ਪ੍ਰਮਾਤਮਾ ਮੌਕਾ ਦੇ ਦੇਵੇ। ਪਰ ਜੇ ਹੂਟਿੰਗ ਕਰਕੇ ਆਪੋਜ਼ੀਸ਼ਨ ਨੂੰ ਕਿਹਾ ਜਾਵੇ ਕਿ ਤੁਹਾਨੂੰ ਤਰਸ ਦੇ ਆਧਾਰ ਤੇ ਟਾਈਮ ਦਿੱਤਾ ਹੈ ਤਾਂ ਇਹ ਗੱਲਾਂ ਸ਼ੋਭਾ ਨਹੀਂ ਦਿੰਦੀਆਂ ਹਨ ਪਰ ਕੋਈ ਗੱਲ ਨਹੀਂ ਸਾਡੇ ਕਈ ਕੁਲੀਗਜ਼ ਪਹਿਲੀ ਵਾਰੀ ਆਏ ਹਨ। ਜਿਹੜਾ ਸਪੀਕਰ ਸਾਹਿਬ ਨੇ ਬੜਾ ਵਧੀਆ ਇਨੀਸ਼ੀਏਟਿਵ ਲਿਆ ਸੀ ਕਿ ਸਾਰੇ ਐਮ.ਐਲ.ਏਜ਼ ਦੀ ਟ੍ਰੇਨਿੰਗ ਕਰਵਾਉਣੀ ਹੈ, ਉਹ ਸਭ ਦੀ ਹੋਣੀ ਚਾਹੀਦੀ ਹੈ। ਸੋ, ਮੈਂ ਆਸ ਕਰਦਾ ਹਾਂ ਕਿ ਜਿਹੜਾ ਪੰਜਾਬ ਦਾ ਕਲਚਰ ਹੈ, ਉਸ ਨੂੰ ਅਸੀਂ ਬਹਾਲ ਰੱਖੀਏ ਤੇ ਲੀਡਰ ਆਫ ਦਿ ਆਪੋਜ਼ੀਸ਼ਨ ਤੇ ਆਪੋਜ਼ੀਸ਼ਨ ਵਿੱਚ ਜਿਹੜੇ ਮੈਂਬਰ ਬੈਠੇ ਹਨ, ਉਨ੍ਹਾਂ ਸਾਰਿਆਂ ਨੂੰ ਸਤਿਕਾਰ ਮਿਲੇ।

ਡਾਕਟਰ ਨਿੱਝਰ ਸਾਹਿਬ ਨੇ ਵੀ ਗੱਲ ਕੀਤੀ ਹੈ ਕਿ ਮੁਹੱਲਾ ਕਲੀਨਿਕ ਖੋਲ੍ਹਣ ਜਾ ਰਹੇ ਹਨ, ਵਧੀਆ ਗੱਲ ਹੈ, ਸਰਕਾਰ ਦਾ ਆਪਣਾ ਫੈਸਲਾ ਹੈ ਪਰ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਜਿੰਨੇ ਵੀ ਸਾਡੇ ਸਰਕਾਰੀ ਹਸਪਤਾਲ ਹਨ, ਉਨ੍ਹਾਂ ਵਿੱਚ ਕਾਫੀ ਤਰੁੱਟੀਆਂ ਹਨ। ਪਿਛਲੇ ਸਮੇਂ ਵਿੱਚ ਮੈਂ ਵੀ ਹੈੱਡਕੁਆਟਰ ਗੁਰਦਾਸਪੁਰ ਵਿੱਚ ਆਪਣੇ ਹਸਪਤਾਲ ਨੂੰ ਅਪਲਿਫਟ ਕਰਨ ਦੀ ਬੜੀ ਕੋਸ਼ਿਸ਼ ਕੀਤੀ ਤੇ ਬੜੀ ਮਿਹਨਤ ਵੀ ਕੀਤੀ ਔਰ ਇਸ ਲਈ ਉਸ ਨੂੰ 50 ਲੱਖ ਰੁਪਏ ਇਨਾਮ ਵੀ ਮਿਲਿਆ ਸੀ ਪਰ ਜਿੱਥੇ ਮੁਹੱਲਾ ਕਲੀਨਿਕ ਖੋਲ੍ਹਣੇ ਹਨ, ਉੱਥੇ ਨਾਲ ਦੀ ਨਾਲ ਇਸ ਗੱਲ ਵੱਲ ਵੀ ਧਿਆਨ ਦਿੱਤਾ ਜਾਵੇ ਕਿ ਜਿਹੜੇ ਜਿਹੜੇ ਹਸਪਤਾਲ ਘੱਟੋ-ਘੱਟ ਹੈਡਕੁਆਰਟਰ ਤੇ ਹਨ ਉਨ੍ਹਾਂ ਨੂੰ ਸਾਰੀਆਂ ਫੈਸੀਲੀਟੀਜ਼ ਉੱਥੇ ਅਵੇਲੇਬਲ ਹੋਣ ਤਾਂ ਜੋ ਲੋਕਾਂ ਨੂੰ ਪ੍ਰਾਈਵੇਟ ਹਸਪਤਾਲਾਂ ਵੱਲ ਨਾ ਭੱਜਣਾ ਪਵੇ। ਚਾਹੇ ਵੈਂਟੀਲੇਟਰ ਹਨ, ਚਾਹੇ ਹੋਰ ਸਕੈਨਿੰਗ, ਅਲਟਰਾਸਾਊਂਡਜ਼ ਦੀ ਅਵੇਲੇਬਿਲਟੀ ਹਸਪਤਾਲਾਂ ਵਿੱਚ ਹੋਣੀ ਚਾਹੀਦੀ ਹੈ, ਉਸ ਤੋਂ ਬਾਅਦ ਹੀ ਮੁਹੱਲਾ ਕਲੀਨਿਕ ਦੀ ਸਹੂਲਤ ਲੋਕਾਂ ਨੂੰ ਦੇਣ ਵਾਸਤੇ ਕਿ ਲੋਕਾਂ ਨੂੰ ਦੂਰ ਨਾ ਜਾਣਾ ਪਵੇ, ਉਹ ਸਟੈੱਪ ਵੀ ਸਰਕਾਰ ਜ਼ਰੂਰ ਲਵੇ ਪਰ ਨਾਲ ਦੀ ਨਾਲ ਹੀ ਹਸਪਤਾਲਾਂ ਨੂੰ ਵੀ ਅਪਲਿਫਟ ਕਰਨਾ ਬੜਾ ਜ਼ਰੂਰੀ ਹੈ। ਜਿੱਥੇ ਲਾਅ ਐਂਡ ਆਰਡਰ ਦੀ ਗੱਲ ਹੈ, ਜਾਨ ਨੂੰ ਖਤਰਾ ਤਾਂ ਹੈ ਹੀ ਪਰ ਜਿਹੜੇ ਸਾਡੇ ਸੂਬੇ ਦੇ ਕਾਰੋਬਾਰੀ ਤੇ ਵਪਾਰੀ ਹਨ, ਉਹ ਫਾਈਨਾਂਸ ਦੇ ਸਾਡੇ ਰਿਸੌਰਸਿਜ਼ ਹਨ। ਜੇ ਮਾਰਕੀਟ ਵਿੱਚ money ਸਰਕੂਲੇਟ ਹੋਵੇਗੀ ਤਾਂ ਹੀ ਸੂਬਾ ਚੱਲ ਸਕਦਾ ਹੈ। ਕਿਸੇ ਵੀ ਸਰਕਾਰ ਨੇ ਜੇਬ ਵਿੱਚੋਂ ਪੈਸੇ ਦੇ ਕੇ ਸਰਕਾਰ ਨਹੀਂ ਚਲਾਉਣੀ ਹੈ ਪਰ atleast ਜਿਵੇਂ ਦਾ ਅੱਜ ਮਾਹੌਲ ਬਣਿਆ ਹੈ, frankly speaking ਕਿ ਅੱਜ ਕੋਈ ਵੀ ਕਾਰੋਬਾਰੀ, ਕੋਈ ਵੀ ਇੰਡਸਟ੍ਰੀਲਿਸਟ ਪੰਜਾਬ ਦੇ ਮਾਹੌਲ ਨੂੰ ਦੇਖ ਕੇ ਇੱਥੇ ਇਨਵੈਸਟਮੈਂਟ ਕਰਨੀ ਨਹੀਂ ਚਾਹੁੰਦਾ ਹੈ। ਆਮ ਆਦਮੀ ਪਾਰਟੀ ਦੀ ਪਿਛਲੀ ਵਾਰੀ ਐਨ.ਆਰ.ਆਈਜ਼ ਨੇ ਬੜੀ ਸਪੋਰਟ ਕੀਤੀ ਸੀ, ਤੁਹਾਡੇ ਬੜੇ ਕੁਲੀਗਜ਼ ਹੋਣਗੇ। Call them once. ਉਨ੍ਹਾਂ ਨੂੰ ਤੁਸੀਂ ਫੋਨ ਕਰੋ, ਉਹ ਇਸ ਗੱਲ ਦਾ ਜ਼ਿਕਰ ਵੀ ਨਹੀਂ ਕਰਦੇ ਕਿ ਅਸੀਂ ਛੁੱਟੀਆਂ ਵਿੱਚ ਟਿਕਟ ਲੈ ਕੇ ਪੰਜਾਬ ਆ ਜਾਈਏ।

ਕੱਲ੍ਹ ਰਿਸੈਂਟਲੀ ਕਲਕੱਤਾ ਤੋਂ ਇੱਕ ਪਰਿਵਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਇਆ, ਮੈਂ ਇਹ ਇਲਜ਼ਾਮ ਨਹੀਂ ਲਗਾ ਰਿਹਾ ਕਿ ਇਹ ਸਰਕਾਰ ਕਰਵਾ ਰਹੀ ਹੈ ਜਾਂ ਸਰਕਾਰ ਇਨੀਸ਼ੀਏਟਿਵ ਨਹੀਂ ਲੈ ਰਹੀ ਹੈ, ਮੈਂ ਤਾਂ ਸੰਜੀਦਗੀ ਦੱਸ ਰਿਹਾ ਹਾਂ ਕਿ ਮੈਂ ਉਸ ਪਰਿਵਾਰ ਦੀ ਵੀਡੀਓ ਦੇਖ ਰਿਹਾ ਸੀ ਤੇ ਦੁਨੀਆਂ ਵਿੱਚ ਕਿੰਨੇ ਹੀ ਲੋਕਾਂ ਨੇ ਉਹ ਵੀਡੀਓ ਦੇਖੀ ਹੋਣੀ ਹੈ ਤੇ ਉਸ ਨਾਲ ਕਿੰਨੇ ਲੋਕਾਂ ਦਾ ਮਨੋਬਲ ਟੁੱਟਦਾ ਹੈ ਕਿ ਪਰਿਵਾਰ ਮੱਥਾ ਟੇਕਣ ਗਿਆ ਤੇ ਉਨ੍ਹਾਂ ਨੂੰ ਰੋਕ ਕੇ ਉਨ੍ਹਾਂ ਦੀ ਗੱਡੀ ਦੇ ਟਾਇਰ ਵਿੱਚ ਗੋਲੀਆਂ ਮਾਰੀਆਂ ਗਈਆਂ। ਨਿੱਝਰ ਸਾਹਿਬ, ਇਨ੍ਹਾਂ ਗੱਲਾਂ ਨੂੰ ਬੜੀ ਸੰਜੀਦਗੀ ਨਾਲ ਲੈਣਾ ਪੈਣਾ ਹੈ। ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਘੱਟੋ-ਘੱਟ 25 ਸਰਪੰਚਾਂ ਨੂੰ ਫੋਨ ਆ ਗਏ, ਮੇਰਾ ਬਲਾਕ ਪ੍ਰੈਜ਼ੀਡੈਂਟ ਵੀ ਹੈ, ਸਰਪੰਚ ਵੀ ਹੈ, ਉਨ੍ਹਾਂ ਨੂੰ ਰਿਵਾਲਵਰ ਦੀਆਂ ਫੋਟੋਆਂ ਆਈਆਂ। ਮੈਂ ਉਹ ਸਾਰੀਆਂ ਐਸ.ਐਸ.ਪੀ. ਗੁਰਦਾਸਪੁਰ ਨੂੰ ਭੇਜੀਆਂ, ਜਿਸ ਨੰਬਰ ਤੋਂ ਫੋਨ ਆਇਆ ਹੈ, ਉਹ ਨੰਬਰ ਵੀ ਭੇਜਿਆ, ਵੈੱਪਨਜ਼ ਦੀਆਂ ਫੋਟੋਆਂ ਵੀ ਭੇਜੀਆਂ ਹਨ ਜਿਸ ਬਾਰੇ ਉਹ ਕਹਿ ਰਿਹਾ ਹੈ ਕਿ ਮੈਨੂੰ ਫਿਰੌਤੀ ਦਿਓ। ਸਾਨੂੰ ਇਨ੍ਹਾਂ ਚੀਜ਼ਾਂ ਨੂੰ ਦੇਖਣਾ ਪਵੇਗਾ। ਜਿਹੜੀ ਮੁੱਖ ਮੰਤਰੀ ਸਾਹਿਬ ਨੇ ਗੱਲ ਕਹੀ ਹੈ ਕਿ ਇਹ ਕੰਮ ਤਾਂ ਹੁੰਦਾ ਹੀ ਆਇਆ ਹੈ, ਇਸ ਦਾ ਤਾਂ ਮੈਨੂੰ ਵੀ ਖਤਰਾ ਹੈ। ਚੀਫ ਮਨਿਸਟਰ ਜਾਂ ਮਨਿਸਟਰ ਜਾਂ ਐਮ.ਐਲ.ਏਜ਼ ਕੋਲ ਸਿਕਿਉਰਟੀ ਹੈ ਪਰ ਇਹ ਆਮ ਲੋਕਾਂ ਦੀ ਸੁਰੱਖਿਆ ਦਾ ਵੀ ਸਵਾਲ ਹੈ ਕਿ ਜਿਹੜਾ ਕੋਈ ਪਰਿਵਾਰ ਨਾਲ ਜਾ ਰਿਹਾ ਹੈ, ਉਸ ਨੂੰ ਜਦੋਂ ਮਰਜ਼ੀ ਰੋਕ ਕੇ ਗੋਲੀ ਮਾਰ ਦਿਓ। ਸੋ, ਇਸ ਗੱਲ ਦੀ ਚਿੰਤਾ ਪੰਜਾਬ ਬਹੁਤ ਜ਼ਾਹਿਰ ਕਰ ਰਿਹਾ ਹੈ।

ਮੈਂ ਨਾਲ ਹੀ ਵੀ.ਆਈ.ਪੀ. ਕਲਚਰ ਦੀ ਗੱਲ ਕਰਾਂਗਾ। ਸਾਡੇ ਕਟਾਰੂ ਚੱਕ ਜ਼ਿਲ੍ਹੇ ਦੇ ਮਨਿਸਟਰ ਹਨ, ਬੜੇ ਸਤਿਕਾਰਯੋਗ ਹਨ, ਉਹ ਥੱਲਿਓਂ ਲੜਾਈ ਲੜ ਕੇ ਇੱਥੇ ਪਹੁੰਚੇ ਹਨ, ਅੱਜ ਪ੍ਰਮਾਤਮਾ ਨੇ ਉਨ੍ਹਾਂ ਨੂੰ ਮੌਕਾ ਦਿੱਤਾ ਹੈ। ਸਾਡੇ ਦੀਨਾਨਗਰ ਤੇ ਗੁਰਦਾਸਪੁਰ ਦੇ ਜਿਹੜੇ ਸਾਡੇ ਵਿੱਚੋਂ ਹੀ ਗਏ ਹਨ, ਮੇਰੇ ਗੁਰਦਾਸਪੁਰ ਵਾਲਾ ਸਾਹਿਬ ਬਹਾਦੁਰ ਤਾਂ ਸਾਡੇ ਵਿੱਚੋਂ ਹੀ ਗਿਆ ਹੈ ਔਰ ਮੇਰੇ ਪੰਚਾਇਤ ਮੰਤਰੀ ਸਾਹਿਬ ਵੀ ਬੈਠੇ ਹਨ ਤੇ ਇਸ ਲਈ ਮੈਂ ਇਕ ਗੱਲ ਇੱਥੇ ਹਾਊਸ ਵਿੱਚ ਕਹਿਣੀ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿੱਚ ਕਾਫੀ ਵੈਂਡੇਟਾ ਪਾਲੀਟਿਕਸ ਹੋ ਰਹੀ ਹੈ।

**ਮਾਨਯੋਗ ਸਪੀਕਰ:** ਕਨਕਲੂਡ ਕਰੋ ਜੀ। ਟਾਈਮ ਹੋ ਗਿਆ ਹੈ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਮੈਂ ਬੱਸ ਕਨਕਲੂਡ ਕਰਨ ਲਗਿਆ ਹਾਂ। ਮੈਂ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਜਿਹੜੇ ਸਰਪੰਚ ਹੁੰਦੇ ਹਨ, ਤੁਸੀਂ ਵੀ ਸਰਪੰਚ ਰਹੇ ਹੋ, ਸਾਰੇ ਸਰਪੰਚ ਚੋਰ ਨਹੀਂ ਹੁੰਦੇ ਹਨ, ਕੋਈ 5-10% ਹੁੰਦੇ ਹੋਣੇ ਹਨ ਪਰ ਸਾਰੇ ਸਰਪੰਚਾਂ ਨੂੰ ਹੀ ਚੋਰ ਕਿਹਾ ਜਾਵੇ ਤਾਂ ਠੀਕ ਨਹੀਂ। ਮੈਂ ਕਹਿੰਦਾ

ਹਾਂ ਕਿ ਮੇਰੇ ਇਲਾਕੇ ਵਿੱਚ ਜਿਹੜੀ ਸਰਪੰਚਾਂ ਦੀ ਤੁਸੀਂ ਚੋਣ ਕਰਨੀ ਹੈ ਉਸ ਦੀ ਮੈਂ ਇਨਕੁਆਰੀ ਕਰਵਾਉਣ ਲਈ ਤਿਆਰ ਹਾਂ।

**ਮਾਨਯੋਗ ਸਪੀਕਰ:** ਹੁਣ ਸਦਨ ਸ਼ਨੀਵਾਰ ਮਿਤੀ 25 ਜੂਨ, 2022 ਨੂੰ 9.30 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*7:00 ਵਜੇ ਸ਼ਾਮ) (*ਇਸ ਸਮੇਂ ਸਦਨ ਸ਼ਨੀਵਾਰ, ਮਿਤੀ 25 ਜੂਨ, 2022 ਦੇ 9.30 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

----